ਕੈਨੇਡਾ ਦਰਪਣ

ਅਕਤੂਬਰ 1- 15, 1988

October 1- 15, 1988

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

OCTOBER 1-15, 1988 Vol. 07, No. 23 | Out of Greater Vancouver 75¢ | Second Class Mail Reg. No. 5991

ਕੈਨੇਡਾ ਦਰਪਣ

The Canada Darpan — The Punjabi Newspaper

Ph. (604) 581-4473
P.O.BOX 265, Surrey, B.C. V3T 4W8

ਪੰਜਾਬ ਭਾਰੀ ਹੜ੍ਹਾਂ ਦੀ ਮਾਰ ਹੇਠ

ਅਰਬਾਂ ਰੁਪਏ ਦਾ ਨੁਕਸਾਨ — 400 ਤੋਂ ਵੱਧ ਲੋਕ ਮਾਰੇ ਗਏ

ਜਲੰਧਰ — ਖਬਰ ਹੈ ਕਿ ਭਾਰਤ ਦੇ ਉਤਰੀ ਰਾਜ, ਪੰਜਾਬ, ਜੰਮੂ ਕਸ਼ਮੀਰ, ਹਿਮਾਚਲ ਅਤੇ ਹਰਿਆਣਾ 20 ਸਤੰਬਰ ਤੋਂ ਭਾਰੀ ਬਰਖਾ ਕਾਰਨ ਹੜ੍ਹਾਂ ਦੀ ਲਪੇਟ ਵਿਚ ਆ ਗਏ ਹਨ। ਪੰਜਾਬ ਵਿਚ ਵਗਦੇ ਦਰਿਆ ਸਤਲੁਜ, ਬਿਆਸ ਅਤੇ ਰਾਵੀ ਆਪਣੇ ਕੰਢੇ ਤੋੜ ਕੇ ਬਾਹਰ ਵਗਣ ਲੱਗੇ ਹਨ। ਪੰਜਾਬ ਵਿਚ ਰੇਲ ਗੱਡੀਆਂ ਅਤੇ ਬੱਸਾਂ ਦੀ ਆਵਾਜਾਈ ਬੰਦ ਕਰਨੀ ਪਈ। ਜੰਮੂ-ਕਸ਼ਮੀਰ ਬਾਕੀ ਦੇਸ਼ ਨਾਲੋਂ ਰੇਲ ਸੇਵਾ ਵਿਚ ਵਿਘਨ ਕਾਰਨ ਕੱਟਿਆ ਗਿਆ ਹੈ।

ਤੀਜਾ ਹਿਸਾ ਪੰਜਾਬ ਪਾਣੀ ਹੇਠ

ਪੰਜਾਬ ਦੇ ਅੰਮ੍ਰਿਤਸਰ, ਗੁਰਦਾਸਪੁਰ, ਕਪੂਰਥਲਾ ਦੇ ਪੂਰੇ ਜ਼ਿਲੇ ਅਤੇ ਹੁਸ਼ਿਆਰ ਪੁਰ, ਲੁਧਿਆਣਾ, ਫਰੀਦਕੋਟ ਅਤੇ ਫੀਰੋਜ਼ਪੁਰ ਦੇ ਜ਼ਿਲਿਆਂ ਦਾ ਵੱਡਾ ਹਿਸਾ ਪਾਣੀ ਵਿਚ ਡੁਬਿਆ ਹੋਇਆ ਹੈ। ਸਰਕਾਰੀ ਰੀਪੋਰਟਾਂ ਅਨੁਸਾਰ ਪੰਜਾਬ ਦੇ 4800 ਤੋਂ ਵੱਧ ਪਿੰਡਾਂ ਦਾ ਕਈ ਅਰਬ ਰੁਪਏ ਦਾ ਮਾਲੀ ਨੁਕਸਾਨ ਹੋਇਆ ਹੈ। ਪਾਕਿਸਤਾਨ ਦੇ ਲਾਹੌਰ, ਵਜ਼ੀਰਾਬਾਦ, ਗੁਜਰਾਤ, ਗੁਜਰਾਂਵਾਲਾ ਅਤੇ ਸਿਆਲਕੋਟ ਵੀ ਹੜ੍ਹਾਂ ਦੀ ਮਾਰ ਹੇਠ ਆ ਗਏ ਹਨ। ਦੋਵਾਂ ਦੇਸ਼ਾਂ ਦੇ ਇਹ ਇਲਾਕੇ ਬਾਕੀ ਦੁਨੀਆਂ ਨਾਲੋਂ ਕੱਟੇ ਗਏ ਹਨ। ਪਾਕਿਸਤਾਨ ਵਿਚ ਵੀ ਸਹਾਇਤਾ ਲਈ ਫੌਜ ਬੁਲਾ ਲਈ ਗਈ ਹੈ।

ਮਾਲੀ ਨੁਕਸਾਨ

ਇਹ ਵੀ ਪਤਾ ਲੱਗਾ ਹੈ ਕਿ ਝੋਨੇ ਦੀ ਫਸਲ ਦਾ 30 ਫੀਸਦੀ ਹਿਸਾ ਤਬਾਹ ਹੋ ਚੁਕਾ ਹੈ। ਯਾਦ ਰਹੇ ਪੰਜਾਬ ਭਾਰਤ ਦੀਆਂ ਅਨਾਜ ਦੀਆਂ ਲੋੜਾਂ ਦਾ ਲਗਪਗ ਅੱਧਾ ਅਨਾਜ ਪੈਦਾ ਕਰਦਾ ਹੈ। ਇਸ ਤੋਂ ਬਿਨਾਂ ਕਪਾਹ ਅਤੇ ਨਰਮੇ ਦੀ ਫਸਲ ਦਾ ਵੀ ਨੁਕਸਾਨ ਹੋਇਆ ਹੈ।

ਘਰਾਂ ਦੀ ਤਬਾਹੀ

ਮੌਸਮ ਬਾਰੇ ਮਹਿਕਮੇ ਦੇ ਰੀਕਾਰਡ ਅਨੁਸਾਰ ਇਸ ਤਰ੍ਹਾਂ ਦੀ ਭਾਰੀ ਬਰਖਾ 50 ਸਾਲਾਂ ਤੋਂ ਪਿਛੋਂ ਪਈ ਹੈ। ਜਿਸ ਨਾਲ ਵੱਡੀ ਗਿਣਤੀ ਵਿਚ ਕੱਚੇ ਮਕਾਨ ਢਹਿ ਗਏ ਹਨ। ਸਰਕਾਰ ਨੇ ਸਹਾਇਤਾ ਦੇਣ ਲਈ 8 ਕਰੋੜ ਰੁਪਏ ਤੋਂ ਵੱਧ ਦੀ ਰਕਮ ਤੁਰਤ ਮਨਜ਼ੂਰ ਕਰ ਦਿੱਤੀ ਹੈ। ਫਿਰੋਜ਼ਪੁਰ ਅਤੇ ਫਿਰੋਜ਼ਪੁਰ ਕੈਂਟ ਵੀ ਪਾਣੀ ਵਿਚ ਘਿਰ ਗਏ ਹਨ। ਮੋਗੇ ਦੇ ਲਾਗੇ ਦੇ ਇਲਾਕੇ ਦਾ ਕਾਫੀ ਨੁਕਸਾਨ ਹੈ ਅਤੇ ਜਲੰਧਰ ਜ਼ਿਲੇ ਵਿਚ 19000 ਤੋਂ ਬਹੁਤੇ ਮਕਾਨ ਡਿੱਗ ਪਏ ਹਨ ਜਾਂ ਉਨ੍ਹਾਂ ਨੂੰ ਨੁਕਸਾਨ ਪੁਜਿਆ ਹੈ। ਹਜ਼ਾਰਾਂ ਡੰਗਰ ਵੀ ਮਾਰੇ ਗਏ ਹਨ।

350 ਤੋਂ ਵੱਧ ਮੌਤਾਂ

ਵੱਖੋ ਵੱਖ ਥਾਵਾਂ ਤੋਂ ਪੁਜੀਆਂ ਖਬਰਾਂ ਅਨੁਸਾਰ ਹੜ੍ਹਾਂ ਦੇ ਪਾਣੀ ਨਾਲ 350 ਤੋਂ ਵੱਧ ਲੋਕਾਂ ਦੀਆਂ ਮੌਤਾਂ ਹੋ ਚੁਕੀਆਂ ਹਨ। ਇਨ੍ਹਾਂ ਮੌਤਾਂ ਵਿਚ ਰਾਵੀ ਲਾਗੇ ਵਸਦੇ ਗੁਰਦਾਸਪੁਰ ਦੇ ਪਿੰਡਾਂ ਦਾ ਜ਼ਿਆਦਾ ਨੁਕਸਾਨ ਹੋਇਆ ਹੈ। ਇਹ ਵੀ ਖਬਰ ਹੈ ਕਿ ਸਤਲੁਜ ਅਤੇ ਬਿਆਸ ਦੇ ਮੰਡ ਦੇ ਇਲਾਕੇ ਵੀ ਪਾਣੀ ਨਾਲ ਭਰ ਗਏ ਹਨ, ਇਥੇ ਵੀ ਕੁਝ ਲੋਕ ਮਾਰੇ ਗਏ ਹਨ, ਲੁਧਿਆਣੇ ਲਾਗੇ ਬੁੱਢੇ ਨਾਲੇ ਉਪਰ ਵੀ ਜੁਆਨੀ ਆ ਗਈ ਸੁਣੀ ਹੈ ਜਿਸ ਦਾ ਪਾਣੀ ਲੁਧਿਆਣੇ ਦੇ ਕਿਲ੍ਹੇ ਵਾਲੇ ਪਾਸੇ ਹਜ਼ਾਰਾਂ ਘਰਾਂ ਵਿਚ ਆਣ ਵੜਿਆ ਹੈ।

ਮੰਡ ਵਿਚ ਮਾਰੇ ਗਏ

ਬਿਆਸ ਦੇ ਮੰਡ ਦੇ ਇਲਾਕੇ ਵਿਚ ਪਾਣੀ ਝੀਲ ਵਾਂਗ ਭਰ ਗਿਆ ਹੈ, ਜਿਸ ਨਾਲ ਲੋਕ ਸੁਤੇ ਪਏ ਹੀ ਪਾਣੀ ਦੀ ਮਾਰ ਹੇਠ ਆ ਗਏ। ਇਨ੍ਹਾਂ ਥਾਵਾਂ ਉਪਰ ਮਾਰੇ ਗਏ ਲੋਕਾਂ ਵਿਚ ਕੁਝ ਅਤਿਵਾਦੀ ਵੀ ਮਾਰੇ ਗਏ ਹਨ ਜੋ ਕਿ ਮੰਡ ਦੇ ਡੂੰਘੇ ਲੁਕਣ ਥਾਵਾਂ ਵਿਚ ਸਨ। ਪਰ ਇਸ ਖਬਰ ਦੀ ਤਸਦੀਕ ਨਹੀਂ ਹੋ ਸਕੀ ਕਿ ਇਨ੍ਹਾਂ ਵਿਚ ਕੋਈ ਨਾਮਵਰ ਅਤਿਵਾਦੀ ਵੀ ਸੀ। ਮੰਡ ਦੇ ਇਲਾਕੇ ਵਿਚ ਅਤਿਵਾਦੀਆਂ ਦਾ ਕਾਫੀ ਬਾਰੂਦ ਵੀ ਪਾਣੀ ਵਿਚ ਡੁੱਬ ਕੇ ਬੇਕਾਰ ਹੋ ਗਿਆ ਹੈ। ਇਸ ਨਾਲ ਇਨ੍ਹਾਂ ਦੀਆਂ ਸਰਗਰਮੀਆਂ ਉਪਰ ਕੀ ਅਸਰ ਪੈਂਦਾ ਹੈ ਇਹ ਤਾਂ ਕੁਝ ਸਮੇਂ ਤੱਕ ਹੀ ਪਤਾ ਲੱਗੇਗਾ।

ਫੌਜ ਦੀ ਸਹਾਇਤਾ

ਹੜ੍ਹ ਦੇ ਪਾਣੀ ਦੀ ਮਾਰ ਹੇਠ ਆਏ ਲੋਕਾਂ ਨੂੰ ਬਚਾਉਣ ਲਈ ਭਾਰਤੀ ਸੈਨਾ ਅਤੇ ਭਾਰਤੀ ਏਅਰਫੋਰਸ ਦੇ ਹੈਲੀਕਾਪਟਰਾਂ ਨੇ ਕਾਫੀ ਵੱਡੀ ਗਿਣਤੀ ਵਿਚ ਲੋਕਾਂ ਨੂੰ ਬਚਾ ਕੇ ਸੁਰੱਖਿਅਤ ਥਾਵਾਂ ਉਪਰ ਪਹੁੰਚਾਇਆ ਹੈ। ਕੋਈ 78 ਦੇ ਕਰੀਬ ਪਿੰਡਾਂ ਵਿਚ ਫੌਜੀ ਜੁਆਨ ਪਹੁੰਚਣ ਵਿਚ ਕੁਝ ਸਮੇਂ ਲਈ ਅਸਮਰਥ ਰਹੇ ਜਦੋਂ ਕਿ ਤੇਜ਼ ਹਵਾ ਅਤੇ ਮੀਂਹ ਵਿਘਨ ਪਾ ਰਿਹਾ ਸੀ। ਬਹੁਤ ਸਾਰੇ ਪਿੰਡਾਂ ਉਪਰ ਹਜ਼ਾਰਾਂ ਦੀ ਗਿਣਤੀ ਵਿਚ ਖੁਰਾਕ ਦੇ ਪੈਕਟ ਲੋਕਾਂ ਲਈ ਜਹਾਜ਼ ਰਾਹੀਂ ਸੁੱਟੇ ਗਏ ਕੋਈ ਦੋ ਲੱਖ 75 ਹਜ਼ਾਰ ਲੋਕਾਂ ਉਪਰ ਹੜ੍ਹਾਂ ਦਾ ਮਾਰੂ ਅਸਰ ਪਿਆ ਹੈ। 3800 ਲੋਕਾਂ ਨੂੰ ਭਾਰਤੀ ਸੈਨਾ ਨੇ ਪਾਣੀ ਵਿਚ ਡੁੱਬੇ ਪਿੰਡਾਂ ਵਿਚੋਂ ਕੱਢ ਲਿਆ ਹੈ।

ਲੋਕਾਂ ਦੇ ਵਿਸ਼ਵਾਸ਼

ਪੰਜਾਬ ਦੇ ਲੋਕ ਜੋ ਕਿ ਕਈ ਸਾਲਾਂ ਤੋਂ ਅਤਿਵਾਦੀ ਹਿੰਸਾ ਦੇ ਕਾਰਨ ਬੜੇ ਕਸ਼ਟ ਭੋਗ ਰਹੇ ਹਨ। ਇਸ ਰੱਬੀ ਕਰੋਪੀ ਨੂੰ ਅਤਿਵਾਦੀਆਂ ਵਲੋਂ ਬੇਗੁਨਾਹ ਲੋਕਾਂ ਦੇ ਕੀਤੇ ਕਤਲਾਂ ਦੇ ਪਾਪਾਂ ਨਾਲ ਜੋੜ ਰਹੇ ਸੁਣੇ ਹਨ। ਕਈ ਸਿੱਖ ਸ਼ਰਧਾਲੂਆਂ ਦਾ ਵਿਸ਼ਵਾਸ਼ ਹੈ ਕਿ ਇਹ ਪੰਜਾਬ ਦੇ ਲੋਕਾਂ ਨੂੰ ਕੁਦਰਤ ਨੇ ਸਜ਼ਾ

(ਬਾਕੀ ਪੰਨਾ 2 'ਤੇ)

ਐਮਨਸਟੀ ਇੰਟਰਨੈਸ਼ਨਲ ਵਲੋਂ ਜੋਧਪੁਰ ਬੰਦੀਆਂ ਦੀ ਰਿਹਾਈ ਦਾ ਸੁਆਗਤ

ਲੰਡਨ — ਮਨੁੱਖੀ ਅਧਿਕਾਰਾਂ ਬਾਰੇ ਸੰਸਾਰ ਸੰਸਥਾ ਐਮਨਸਟੀ ਇੰਟਰਨੈਸ਼ਨਲ ਨੇ ਭਾਰਤ ਦੀ ਜੋਧਪੁਰ ਜੇਲ੍ਹ ਵਿਚੋਂ 138 ਬੰਦੀਆਂ ਦੀ ਰਿਹਾਈ ਦਾ ਸੁਆਗਤ ਕੀਤਾ ਹੈ ਇਹ ਬੰਦੀ ਚਾਰ ਸਾਲ ਪਹਿਲਾਂ ਬਲੂ ਸਟਾਰ ਓਪਰੇਸ਼ਨ ਸਮੇਂ ਅੰਮ੍ਰਿਤਸਰ ਤੋਂ ਗ੍ਰਿਫਤਾਰ ਕੀਤੇ ਸਨ।

ਐਮਨਸਟੀ ਨੇ ਭਾਰਤ ਸਰਕਾਰ ਤੋਂ ਇਹ ਮੰਗ ਕੀਤੀ ਹੈ ਕਿ ਬਾਕੀ ਜੋਧਪੁਰ ਬੰਦੀਆਂ ਨੂੰ ਵੀ ਛੱਡ ਦਿੱਤਾ ਜਾਵੇਗਾ। ਬੁਲਾਰੇ ਨੇ ਕਿਹਾ ਹੈ ਕਿ ਜਿੰਨਾਂ ਲੋਕਾਂ ਉਪਰ ਦੇਸ਼ ਧਰੋਹੀ ਦਾ ਇਲਜ਼ਾਮ ਸਾਬਤ ਨਹੀਂ ਕੀਤਾ ਜਾ ਸਕਿਆ ਉਨ੍ਹਾਂ ਨੂੰ ਵੀ ਰਿਹਾ ਕੀਤਾ ਜਾਣਾ ਚਾਹੀਦਾ ਹੈ।

ਪੰਜਾਬ ਸਰਕਾਰ ਨੇ ਕਿਹਾ ਹੈ ਕਿ ਇਨ੍ਹਾਂ ਰਿਹਾ ਕੀਤੇ ਗਏ ਬੰਦੀਆਂ ਦੀ ਸਹਾਇਤਾ ਲਈ ਯੋਗ ਕਾਰਵਾਈ ਕਰਨ ਲਈ ਉਨ੍ਹਾਂ ਨਾਲ ਤਾਲਮੇਲ ਰੱਖਿਆ ਜਾਵੇਗਾ ਤਾਂ ਜੋ ਉਹ ਮੁੜ ਤੋਂ ਸਾਧਾਰਨ ਜੀਵਨ ਬਸਰ ਕਰਨਾ ਸ਼ੁਰੂ ਕਰ ਦੇਣ। ਪੰਜਾਬ ਸਰਕਾਰ ਨੇ ਜ਼ਿਲਿਆਂ ਦੇ ਐਡੀਸ਼ਨਲ ਡਿਪਟੀ ਕਮਿਸ਼ਨਰਾਂ ਨੂੰ ਹਦਾਇਤਾਂ ਦਿੱਤੀਆਂ ਹਨ ਕਿ ਉਹ ਇਨ੍ਹਾਂ ਛੱਡੇ ਗਏ ਬੰਦੀਆਂ ਨੂੰ ਘਰ ਜਾ ਕੇ ਮਿਲਣ ਅਤੇ ਪਤਾ ਕਰਨ ਕਿ ਇਨ੍ਹਾਂ ਨੂੰ ਕਿਸ ਤਰ੍ਹਾਂ ਦੀ ਸਹਾਇਤਾ ਦੀ ਲੋੜ ਹੈ। ਡਿਪਟੀ ਕਮਿਸ਼ਨਰ ਇਸ ਵੇਰਵੇ ਦੀ ਰੀਪੋਰਟ ਗਵਰਨਰ ਪੰਜਾਬ ਦੇ ਦਫਤਰ ਨੂੰ ਭੇਜ ਦੇਣਗੇ।

ਛਪਦੇ ਛਪਦੇ : ਆਖਰੀ ਖਬਰਾਂ ਤੱਕ ਪੰਜਾਬ ਦੀ ਹੜ੍ਹਾਂ ਕਾਰਨ ਸਥਿਤੀ ਹਾਲੇ ਵੀ ਗੰਭੀਰ ਹੈ। ਸਤਲੁਜ ਦਰਿਆ ਦਾ ਪਾਣੀ ਹਰੀਕੇ ਪੱਤਣ ਦੇ ਪੁਲ ਦੇ ਉਤੋਂ ਦੀ ਵਗ ਰਿਹਾ ਹੈ। ਅਤਿਵਾਦੀਆਂ ਪੰਜਾਬ ਵਿਚ 8 ਬੇਦੋਸ਼ਿਆਂ ਦੀ ਜਾਨ ਲੈ ਲਈ ਹੈ।

ਕਰਨਾਟਕ ਵਿਚ ਸੱਤ ਪੰਜਾਬੀ ਵਿਦਿਆਰਥੀ ਕਤਲ

ਖਾਲਿਸਤਾਨੀਆਂ ਦੇ ਮਨ ਦੀ ਹੋਂ ਗਈ

ਨਵੀਂ ਦਿੱਲੀ — ਭਾਰਤੀ ਜਨਤਾ ਪਾਰਟੀ ਦੇ ਪੰਜਾਬ ਰਾਜ ਦੀ ਇਕਾਈ ਦੇ ਪ੍ਰਧਾਨ ਸ੍ਰੀ ਹਿਤ ਅਭਿਲਾਸ਼ੀ ਦੀ ਪਿਛਲੇ ਦਿਨੀਂ ਖਾਲਿਸਤਾਨੀ ਅਤਿਵਾਦੀਆਂ ਨੇ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਸੀ। ਕਿਹਾ ਜਾਂਦਾ ਹੈ ਕਿ ਹਿਤ ਅਭਿਲਾਸ਼ੀ ਅਤੇ ਹੋਰਨਾਂ ਹਿੰਦੂ ਲੋਕਾਂ ਦੀਆਂ ਹੱਤਿਆਵਾਂ ਪੰਜਾਬ ਵਿਚ ਇਸ ਉਦੇਸ਼ ਨਾਲ ਕੀਤੀਆਂ ਜਾਂਦੀਆਂ ਹਨ ਕਿ ਇਸ ਦੇ ਪ੍ਰਤੀਕਰਮ ਵਜੋਂ ਹਿੰਦੂ ਬਾਹਰ ਰਹਿੰਦੇ ਸਿੱਖਾਂ ਨੂੰ ਕਤਲ ਕਰਨਾ ਸ਼ੁਰੂ ਕਰ ਦੇਣ। ਹੁਣ ਬਿਦਰ (ਕਰਨਾਟਕ) ਵਿਚ ਸੱਤ ਪੰਜਾਬੀ ਵਿਦਿਆਰਥੀਆਂ ਦੇ ਹੋਏ ਕਤਲ ਦਿੱਲੀ ਦੇ 1984 ਦੇ ਕਤਲਾਂ ਦੀ ਰੌਸ਼ਨੀ ਵਿਚ ਦੇਖੇ ਜਾ ਰਹੇ ਹਨ। ਏਸੇ ਲਈ ਰਾਜਨੀਤਕ ਹਲਕੇ ਇਨ੍ਹਾਂ ਕਤਲਾਂ ਪਿਛੇ ਕੇਂਦਰ ਦੀ ਕਾਂਗਰਸ ਸਰਕਾਰ ਦੀ ਸ਼ਰਾਰਤ ਦੀ ਵੀ ਸ਼ੱਕ ਕਰ ਰਹੇ ਹਨ ਜੋ ਕਿ ਕਰਨਾਟਕ ਵਿਚ ਜਨਤਾ ਪਾਰਟੀ ਦਾ ਸਰਕਾਰ ਨੂੰ . ਡੇਗਣ ਲਈ ਬਹਾਨਾ ਤਲਾਸ਼ ਕਰ ਰਹੀ ਹੈ। ਇਹ ਵੀ ਪਤਾ ਲੱਗਾ ਹੈ ਕਿ ਭੂਤਰੇ ਹੋਏ ਗੁੰਡਿਆਂ ਨੇ ਹੋਰਨਾਂ ਪੰਜਾਬੀ ਪਰਵਾਰਾਂ ਨਾਲ ਵੀ ਬਦਸਲੂਕੀ ਕੀਤੀ ਹੈ।

ਪੰਨਾ 1 ਦੀ ਬਾਕੀ

ਦਿੱਤੀ ਹੈ ਕਿ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਨੂੰ ਅਤਿਵਾਦੀਆਂ ਨੇ ਭੰਗ ਕੀਤਾ ਹੈ। ਇਸ ਤਰ੍ਹਾਂ ਦੀਆਂ ਹੋਰ ਵੀ ਅਨੇਕਾਂ ਅਫਵਾਹਾਂ ਪਿੰਡਾਂ ਵਿਚ ਫੈਲ ਰਹੀਆਂ ਹਨ। ਇਸ ਤੋਂ ਪਤਾ ਚਲਦਾ ਹੈ ਕਿ ਲੋਕ ਅਤਿਵਾਦੀਆਂ ਤੋਂ ਕਿੰਨੀ ਨਫਰਤ ਕਰਨ ਲੱਗੇ ਹਨ। ਇਹ ਵੀ ਰੀਪੋਰਟ ਹੈ ਕਿ ਵਰਖਾ ਤੇ ਹੜ੍ਹਾਂ ਕਾਰਨ ਅਤਿਵਾਦੀਆਂ ਦੀ ਕਾਤਲਾਨਾ ਮੁਹਿੰਮ ਵੀ ਠੰਡੀ ਪੈ ਗਈ ਹੈ।

ਦਿੱਲੀ ਵੀ ਹੜ੍ਹ ਦੀ ਮਾਰ ਹੇਠ

ਨਵੀਂ ਦਿੱਲੀ — ਖਬਰ ਹੈ ਕਿ ਦਿੱਲੀ ਦੇ ਲਾਗੇ ਵਗਦੇ ਯਮੁਨਾ ਦਰਿਆ ਵਿਚ ਵੀ ਲੰਘੇ ਹਫਤੇ ਪਈਆਂ ਭਾਰੀ ਬਾਰਸ਼ਾਂ ਨਾਲ ਹੜ੍ਹ ਆ ਗਿਆ ਹੈ। ਇਸ ਨਾਲ ਪੁਰਾਣੀ ਦਿੱਲੀ ਦੇ ਕਈ ਇਲਾਕੇ ਪਾਣੀ ਦੇ ਵਿਚ ਡੁੱਬ ਗਏ ਹਨ। ਪਤਾ ਲੱਗਾ ਹੈ ਕਿ ਯਮੁਨਾ ਦਾ ਪਾਣੀ ਖਤਰੇ ਦੇ ਨਿਸ਼ਾਨ ਤੋਂ ਢਾਈ ਮੀਟਰ ਉਪਰ ਵਗ ਰਿਹਾ ਸੀ। ਇਹ ਹੜ੍ਹ 1978 ਵਿਚ ਯਮੁਨਾ ਵਿਚ ਆਏ ਹੜ੍ਹਾਂ ਤੋਂ ਵੀ ਜ਼ਬਰਦਸਤ ਦਸਿਆ ਜਾਂਦਾ ਹੈ।

ਮੌਸਮ ਦੇ ਮਹਿਕਮੇ ਨੇ ਦੱਸਿਆ ਹੈ ਕਿ ਮੌਨਸੂਨ ਦੀ ਰੁੱਤ ਲੰਘਣ ਤੋਂ ਪਿਛੋਂ ਜਦੋਂ ਵੀ ਪਛੇਤੀ ਬਰਖਾ ਹੁੰਦੀ ਹੈ ਉਸ ਨਾਲ ਹਮੇਸ਼ਾਂ ਹੀ ਸੌਣੀ ਦੀ ਫਸਲ ਦਾ ਭਾਰੀ ਨੁਕਸਾਨ ਹੁੰਦਾ ਹੈ। ਪਰ ਨਵੀਂ ਮੌਸਮ ਦੀ ਰੀਪੋਰਟ ਦੱਸਦੀ ਹੈ ਕਿ ਮੌਸਮ ਆਪਣਾ ਹਮਲਾ ਕਰਕੇ ਲੰਘ ਗਿਆ ਹੈ ਹੁਣ ਸਹਿਜੇ ਸਹਿਜੇ ਹਾਲਤ ਸਾਧਾਰਨ ਵਰਗੀ ਹੋ ਜਾਵੇਗੀ। ਪੂਰੇ ਨੁਕਸਾਨ ਦਾ ਵੇਰਵਾ ਕੁਝ ਦਿਨਾਂ ਤੱਕ ਹੀ ਪ੍ਰਾਪਤ ਹੋਵੇਗਾ।

ਹਿਤ ਅਭਿਲਾਸ਼ੀ ਦੇ ਕਤਲ ਬਾਦ ਦਿੱਲੀ ਵਿਚ ਤਲਖੀ ਦਾ ਮਾਹੌਲ

ਨਵੀਂ ਦਿੱਲੀ — ਚੰਡੀਗੜ੍ਹ ਵਿਚ ਭਾਰਤੀ ਜਨਤਾ ਪਾਰਟੀ ਦੇ ਨੇਤਾ ਹਿੱਤ ਅਭਿਲਾਸ਼ੀ ਦੇ ਦਹਿਸ਼ਤਗਰਦਾਂ ਹੱਥੋਂ ਕਤਲ ਅਤੇ ਦਿੱਲੀ ਵਿਚ ਪਿਛਲੇ ਹਫਤੇ ਬੰਬ ਧਮਾਕਿਆਂ ਕਾਰਨ ਫਿਰ ਸਹਿਮ ਦੀ ਹਾਲਤ ਦੇਖੀ ਗਈ ਹੈ। ਵੱਖ ਵੱਖ ਫਿਰਕੇ ਭਾਵੇਂ ਪਹਿਲਾਂ ਵਾਂਗ ਮਿਲਜੁਲ ਕੇ ਰਹਿ ਰਹੇ ਹਨ ਪਰ ਸਮੁਚੀ ਦਿੱਲੀ ਦਾ ਰਾਜਸੀ ਵਾਤਾਵਰਣ ਤਣਾਅ ਪੂਰਨ ਹੈ। ਆਮ ਲੋਕਾਂ ਦਾ ਕਹਿਣਾ ਹੈ ਕਿ ਹਿਤ ਅਭਿਲਾਸ਼ੀ ਦੇ ਕਤਲ ਨੇ ਮਾਹੌਲ ਨੂੰ ਫਿਰ ਵਿਗਾੜਿਆ ਹੈ। ਦਿੱਲੀ ਅਕਾਲੀ ਦਲ ਦੇ ਪ੍ਰਧਾਨ ਅਵਤਾਰ ਸਿੰਘ ਹਿਤ ਨੇ ਕਿਹਾ ਹੈ ਕਿ ਇਹਨਾਂ ਘਟਨਾਵਾਂ ਲਈ ਉਹ ਸਮਾਜ ਵਿਰੋਧੀ ਅਤੇ ਜਨੂੰਨੀ ਲੋਕ ਜ਼ਿਮੇਂਵਾਰ ਹਨ ਜੋ ਆਪਣੇ ਪਿਛੇ ਖੜੀਆਂ ਰਾਜਸੀ ਸ਼ਕਤੀਆਂ ਦੇ ਹਿੱਤ ਪੂਰੇ ਕਰਨ ਲਈ ਇਕ ਦੂਜੇ ਫਿਰਕੇ ਵਿਰੁਧ ਨਫਰਤ ਪੈਦਾ ਕਰ ਰਹੇ ਹਨ। ਗੁਰਦਵਾਰਾ ਪ੍ਰਬੰਧਕ ਕਮੇਟੀ ਦਿੱਲੀ ਦੇ ਸਕੱਤਰ ਕੁਲਮੋਹਣ ਸਿੰਘ ਅਤੇ ਦੂਸਰੇ ਮੈਂਬਰ ਜੁਗਿੰਦਰ ਸਿੰਘ ਨੇ ਕਿਹਾ ਹੈ ਕਿ ਅਜੇਹੀਆਂ ਘਟਨਾਵਾਂ ਸੀਮਤ ਸਮੇਂ ਲਈ ਤਾਂ ਉਹਨਾਂ ਤੰਗ ਨਜ਼ਰ ਲੋਕਾਂ ਦਾ ਚਾਅ ਪੂਰਾ ਕਰ ਸਕਦੀਆਂ ਹਨ ਪਰ ਸਦਾ ਲਈ ਦੋ ਫਿਰਕਿਆਂ ਵਿਚਾਲੇ ਤਰੇੜਾਂ ਨਹੀਂ ਪਾ ਸਕਦੀਆਂ।

ਜਾਮਾ ਮਸਜਦ ਦੇ ਇਕ ਦੁਕਾਨਦਾਰ ਮੁਹੰਮਦ ਹਨੀਫ ਦਾ ਕਹਿਣਾ ਹੈ ਕਿ ਕਤਲਾਂ ਤੇ ਬੰਬ ਧਮਾਕਿਆਂ ਦੀਆਂ ਅਜੇਹੀਆਂ ਘਟਨਾਵਾਂ ਇਕ ਦੇਸ਼ ਭਗਤ ਫਿਰਕੇ ਨੂੰ ਦੇਸ਼ ਨਾਲੋਂ ਅਲੱਗ ਥਲੱਗ ਕਰਨ ਦੀ ਕੋਝੀ ਸਾਜ਼ਿਸ਼ ਹਨ। ਦਿੱਲੀ ਸਰਕਾਰ ਨੇ ਵਾਤਾਵਰਨ ਵਿਚ ਪੈਦਾ ਹੋਈ ਤਲਖੀ ਨੂੰ ਮੁੱਖ ਰੱਖਦਿਆਂ ਸੁਰੱਖਿਆ ਫੋਰਸਾਂ ਨੂੰ ਚੌਕਸ ਕਰ ਦਿੱਤਾ ਹੈ ਤਾਂ ਜੋ ਕੋਈ ਸ਼ਰਾਰਤ ਨਾ ਕਰ ਸਕੇ।

ਫੈਡਰਲ ਚੋਣਾਂ 21 ਨਵੰਬਰ ਨੂੰ ?

ਆਟਵਾ — ਕੈਨੇਡਾ ਦਰਪਣ ਦੇ ਪ੍ਰੈਸ ਨੂੰ ਜਾਣ ਵੇਲੇ ਤੱਕ ਰਾਜਧਾਨੀ ਦੇ ਜਾਣਕਾਰ ਸੂਤਰ ਇਹ ਅਨੁਮਾਨ ਲਾ ਰਹੇ ਹਨ ਕਿ ਪ੍ਰਧਾਨ ਮੰਤਰੀ ਬਰਾਇਨ ਮਲਰੂਨੀ ਕੱਲ੍ਹ 30 ਸਤੰਬਰ ਸ਼ੁਕਰਵਾਰ ਨੂੰ ਫੈਡਰਲ ਚੋਣਾਂ ਦਾ ਐਲਾਨ ਕਰਨ ਵਾਲੇ ਹਨ। ਆਸ ਕੀਤੀ ਜਾਂਦੀ ਹੈ ਇਹ ਚੋਣਾਂ ਦੀ ਤਾਰੀਖ 21 ਨਵੰਬਰ ਹੋਵੇਗੀ

ਇਸ ਨਾਲ ਬਾਹਰ ਰਹਿੰਦੇ ਪੰਜਾਬੀ ਪਰਵਾਰ ਆਪਣੀ ਸੁਰੱਖਿਆ ਦੀ ਚਿੰਤਾ ਕਰਨ ਲੱਗੇ ਹਨ।

ਅਖੌਤੀ ਪੰਥਕ ਕਮੇਟੀ ਦੇ ਬੁਲਾਰੇ ਨੇ ਵਿਦਿਆਰਥੀਆਂ ਦੇ ਕਤਲਾਂ ਦਾ ਬਦਲਾ ਲੈਣ ਦੀ ਧਮਕੀ ਦਿੱਤੀ ਹੈ। ਸਮਝਿਆ ਜਾਂਦਾ ਹੈ ਕਿ ਇਸ ਘਟਨਾ ਨਾਲ ਪੰਜਾਬ ਵਿਚ ਬੇਗੁਨਾਹ ਲੋਕਾਂ ਦੇ ਕਤਲਾਂ ਦਾ ਦੌਰ ਦੁਬਾਰਾ ਸ਼ੁਰੂ ਹੋ ਸਕਦਾ ਹੈ।

ਇੰਦਰਾ ਕਾਤਲਾਂ ਨੂੰ ਫਾਂਸੀ ਦੇਣ ਬਾਰੇ ਸੁਣਵਾਈ 5 ਅਕਤੂਬਰ ਨੂੰ



ਨਵੀਂ ਦਿੱਲੀ — ਖਬਰ ਪੁਜੀ ਹੈ ਕਿ ਤਿਹਾੜ ਜੇਲ੍ਹ ਦੇ ਸੁਪਰਟੈਂਡੈਂਟ ਜੇਲ ਨੇ ਇਕ ਅਰਜ਼ੀ ਅਦਾਲਤ ਨੂੰ ਦਿੱਤੀ ਹੈ ਕਿ ਇੰਦਰਾ ਕਤਲ ਕੇਸ ਦੇ ਦੋਸ਼ੀਆਂ ਸ੍ਰੀ ਕੇਹਰ ਸਿੰਘ ਅਤੇ ਸ੍ਰੀ ਸਤਵੰਤ ਸਿੰਘ ਨੂੰ ਫਾਂਸੀ ਦੇਣ ਲਈ ਬਲੈਕ ਵਾਰੰਟ ਜਾਰੀ ਕਰਨੇ ਰੋਕ ਦੇਣ। ਪਤਾ ਲੱਗਾ ਹੈ ਕਿ ਜੇਲ੍ਹ ਅਧਿਕਾਰੀ ਨੇ ਅਜਿਹੀ ਅਰਜ਼ੀ ਇਹ ਪਤਾ ਲਾਉਣ ਲਈ ਦਿੱਤੀ ਹੈ ਕਿ ਕੀ ਸੰਬੰਧਿਤ ਦੋਸ਼ੀਆਂ ਨੇ ਜਾਂ ਉਨ੍ਹਾਂ ਦੇ ਕਿਸੇ ਰਿਸ਼ਤੇਦਾਰ ਨੇ ਰਾਸ਼ਟਰਪਤੀ ਨੂੰ ਰਹਿਮ ਦੀ ਅਪੀਲ ਤਾਂ ਨਹੀਂ ਕੀਤੀ।

ਅਦਾਲਤ ਨੇ ਬਲੈਕ ਵਾਰੰਟ ਜਾਰੀ ਕਰਨ ਲਈ ਅਗਲੀ ਤਾਰੀਖ 5 ਅਕਤੂਬਰ ਦੇ ਦਿੱਤੀ ਹੈ।

ਭੂੰਮੀ ਸੈਨਾ ਸੰਗਠਤ ਕਰਨ ਦੀ ਪ੍ਰਵਾਨਗੀ

ਟਰੀਵੈਂਡਰਮ — ਪਤਾ ਲੱਗਾ ਹੈ ਕਿ ਕੇਰਲਾ ਦੀ ਮਾਰਕਸੀ ਅਗਵਾਈ ਵਾਲੀ ਖੱਬੇ ਮੋਰਚੇ ਦੀ ਸਰਕਾਰ ਨੇ ਨੌਜੁਆਨਾਂ ਦੀ ਜਥੇਬੰਦੀ ਨੂੰ ਆਗਿਆ ਦੇ ਦਿੱਤੀ ਹੈ ਕਿ ਉਹ 'ਭੂੰਮੀ ਸੈਨਾ' ਸੰਗਠਤ ਕਰ ਸਕਦੇ ਹਨ। ਭੂੰਮੀ ਸੈਨਾ ਅਨਅਧਿਕਾਰਤ ਕਬਜ਼ੇ ਦੀਆਂ ਜ਼ਮੀਨਾਂ ਅਤੇ ਵਾਧੂ ਜ਼ਮੀਨਾਂ ਉਪਰ, ਬੇਜ਼ਮੀਨੇ ਕਿਸਾਨਾਂ ਦੇ ਕਬਜ਼ਿਆਂ ਲਈ ਉਨ੍ਹਾਂ ਦੀ ਸਹਾਇਤਾ ਤੇ ਰਾਖੀ ਕਰੇਗੀ।

ਭਾਰਤ ਸਰਕਾਰ ਨੇ ਪ੍ਰੈਸ ਮਾਰੂ ਬਿਲ ਵਾਪਸ ਲੈ ਲਿਆ

ਨਵੀਂ ਦਿੱਲੀ — ਖਬਰ ਹੈ ਕਿ ਭਾਰਤ ਸਰਕਾਰ ਨੇ ਪ੍ਰੈਸ ਦੀ ਆਜ਼ਾਦੀ ਦਾ ਗਲਾ ਘੁੱਟਣ ਵਾਲਾ ਮਾਰੂ ਬਿੱਲ ਵਾਪਸ ਲੈ ਲਿਆ ਹੈ। ਇਹ "ਮਾਨ ਹਾਨੀ" ਬਿਲ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਇਸ ਬਿਲ ਨੂੰ ਕਾਂਗਰਸ ਪਾਰਟੀ ਦੀ ਬਹੁ ਸੰਮਤੀ ਦੇ ਕਾਰਨ ਪਾਰਲੀਮੈਂਟ ਵਿਚ ਪਾਸ ਕਰ ਦਿੱਤਾ ਗਿਆ ਸੀ।

ਇਸ ਬਿੱਲ ਦੇ ਹੇਠ ਕਿਸੇ ਖਬਰ ਦੀ ਸਚਾਈ ਨੂੰ ਸਾਬਤ ਕਰਨਾ ਅਖਬਾਰ ਦਾ ਕੰਮ ਸੀ ਜਦੋਂ ਕਿ ਜਮਹੂਰੀ ਕਾਨੂੰਨ ਅਨੁਸਾਰ ਦੋਸ਼ ਲਾਉਣ ਵਾਲੇ ਨੂੰ ਆਪਣਾ ਦੋਸ਼ ਆਪ ਸਾਬਤ ਕਰਨਾ ਹੁੰਦਾ ਹੈ। ਭਾਰਤ ਸਰਕਾਰ ਨੇ ਇਹ ਬਿਲ ਇਸ ਖਿਆਲ ਨਾਲ ਲਿਆਂਦਾ ਸੀ ਕਿ ਅਖਬਾਰਾਂ ਵਿਚ ਸਰਕਾਰ ਦੇ ਭ੍ਰਿਸ਼ਟਾਚਾਰਾਂ ਦੀ ਚਰਚਾ ਨੂੰ ਅਤੇ ਹੋਰ ਗਲਤ ਨੀਤੀਆਂ ਨੂੰ ਵਿਰੋਧ ਕਰਨ ਤੋਂ ਰੋਕਿਆ ਜਾ ਸਕੇ। ਬਿਲ ਅਨੁਸਾਰ ਦੋ ਸਾਲ ਦੀ ਸਜ਼ਾ ਅਤੇ ਜ਼ੁਰਮਾਨੇ ਦੀ ਵਿਵਸਥਾ ਸੀ।

ਭਾਰਤ ਦੇ ਅਖਬਾਰਾਂ ਦੀਆਂ ਦੋ ਯੂਨੀਅਨਾਂ ਨੇ ਇਸ ਬਿੱਲ ਦੇ ਵਿਰੁਧ ਲੰਘੇ ਮਹੀਨੇ ਇਕ ਦਿਨ ਦੀ ਹੜਤਾਲ ਕਰਕੇ ਆਪਣੀ ਏਕਤਾ ਅਤੇ ਵਿਰੋਧ ਨੂੰ ਪਰਦਰਸ਼ਤ ਕੀਤਾ।

ਓੜਕ ਸਰਕਾਰ ਨੇ 23 ਸਤੰਬਰ ਨੂੰ ਇਹ ਬਿਲ ਵਾਪਸ ਲੈ ਲਿਆ ਅਤੇ ਪ੍ਰੈਸ ਦੀ ਆਜ਼ਾਦੀ ਦੀ ਰਾਖੀ ਦੇ ਇਕ ਸੰਗਰਾਮ ਦੀ ਵਿਜੈ ਹੋ ਗਈ। ਯਾਦ ਰਹੇ ਸਾਰੀਆਂ ਵਿਰੋਧੀ ਪਾਰਟੀਆਂ ਇਸ ਬਿੱਲ ਦਾ ਸਖਤ ਵਿਰੋਧ ਕਰ ਰਹੀਆਂ ਸਨ।

ਵੈਦਿਆ ਕਾਤਲ ਸੁੱਖੇ ਦਾ ਇਕਬਾਲ

ਬੰਬਈ — ਪਤਾ ਲੱਗਾ ਹੈ ਕਿ 10 ਅਗਸਤ 1986 ਨੂੰ ਬਲੂ ਸਟਾਰ ਓਪਰੇਸ਼ਨ ਦੇ ਜਨਰਲ ਵੈਦਿਆ ਨੂੰ ਕਤਲ ਕਰਨ ਦੇ ਦੋਸ਼ ਵਿਚ ਫੜੇ . ਓਪਰੇਸ਼ਨ ਦੇ ਜਨਰਲ ਵੈਦਿਆ ਨੂੰ ਕਤਲ ਕਰਨ ਦੇ ਦੋਸ਼ ਵਿਚ ਫੜੇ ਅਤਿਵਾਦੀ ਸੁਖਦੇਵ ਸਿੰਘ ਉਰਫ ਸੁੱਖਾ ਨੇ ਇਕਬਾਲ ਕਰ ਲਿਆ ਹੈ ਕਿ ਉਸ ਨੇ ਜਨਰਲ ਵੈਦਿਆ ਨੂੰ ਇਸ ਲਈ ਚਾਰ ਗੋਲੀਆਂ ਮਾਰਕੇ ਕਤਲ ਕੀਤਾ ਸੀ ਕਿ ਉਸ ਨੇ ਇਕ ਲਿਖਤੀ ਬਿਆਨ ਵਿਚ ਮੰਨਿਆ ਹੈ ਕਿ ਉਸ ਨੇ ਇਹ ਹੱਤਿਆ 'ਉਸ ਦੇ ਬਲੂ ਸਟਾਰ ਓਪਰੇਸ਼ਨ ਵਿਚ ਕੀਤੇ ਰੋਲ ਦੇ ਕਾਰਨ ਹੱਤਿਆ ਕੀਤੀ ਸੀ।'

ਇਹ ਵੀ ਖਬਰ ਹੈ ਕਿ ਸੁਖੇ ਦੇ ਏਸੇ ਬਿਆਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਜਿੰਨਾਂ ਚਾਰ ਹੋਰ ਲੋਕਾਂ ਨੂੰ ਵੈਦਿਆ ਕਤਲ ਕਾਂਡ ਵਿਚ ਧਰਿਆ ਗਿਆ ਹੈ ਉਹ ਪੁਲਸ ਨੇ ਝੂਠੀ ਕਹਾਣੀ ਘੜ ਕੇ ਨਾਲ ਜੋੜੇ ਹਨ।

ਬਿਹਾਰ ਵਿਚ ਚਾਰ ਹਜ਼ਾਰ ਡਾਕਟਰਾਂ ਦੀ ਹੜਤਾਲ

ਭੁਵਨੇਸ਼ਵਰ — ਖਬਰ ਹੈ ਕਿ ਉੜੀਸਾ ਸਰਕਾਰ ਦੇ ਸਰਕਾਰੀ ਹਸਪਤਾਲਾਂ ਦੇ ਕੋਈ ਚਾਰ ਹਜ਼ਾਰ ਡਾਕਟਰਾਂ ਨੇ ਇਕ ਹਫਤੇ ਤੋਂ ਹੜਤਾਲ ਕੀਤੀ ਹੋਈ ਹੈ। ਉਨ੍ਹਾਂ ਇਹ ਹੜਤਾਲ ਆਪਣੀਆਂ ਤਨਖਾਹਾਂ ਸੰਬੰਧੀ ਅਤੇ ਹੋਰਨਾਂ ਮੰਗਾਂ . ਮਨਵਾਉਣ ਲਈ ਕੀਤੀ ਹੈ। ਕਿਹਾ ਜਾਂਦਾ ਹੈ ਕਿ ਇਸ ਹੜਤਾਲ ਦੇ ਸੰਬੰਧ ਵਿਚ ਸਰਕਾਰ ਵਲੋਂ ਕੋਈ ਯਤਨ ਨਹੀਂ ਕੀਤਾ ਜਾ ਰਿਹਾ ਹੈ, ਇਸ ਲਈ ਕਿਹਾ ਨਹੀਂ ਜਾ ਸਕਦਾ ਹੈ ਕਿ ਇਹ ਹੜਤਾਲ ਕਿੰਨੀ ਦੇਰ ਹੋਰ ਚੱਲੇਗੀ। ਇਹ ਵੀ ਪਤਾ ਲੱਗਾ ਹੈ ਕਿ ਹਸਪਤਾਲਾਂ ਵਿਚ ਰੋਗੀਆਂ ਦੀ ਠੀਕ ਦੇਖਭਾਲ ਨਾ ਹੋਣ ਦੇ ਕਾਰਨ 40 ਰੋਗੀਆਂ ਦੀ ਦੁਖਦਾਈ ਮੌਤ ਹੋ ਚੁੱਕੀ ਹੈ।

ਇਹ ਵੀ ਖਬਰ ਹੈ ਕਿ ਡਾਕਟਰਾਂ ਦੀ ਯੂਨੀਅਨ ਦੇ ਬੁਲਾਰੇ ਨੇ ਕਿਹਾ ਹੈ ਕਿ ਜੇ ਕਰ ਸਰਕਾਰ ਸ਼ੁਕਰਵਾਰ 29 ਸਤੰਬਰ ਤੱਕ ਮੰਗਾਂ ਨਾ ਮੰਨੇਗੀ ਤਾਂ ਉਹ ਸਮੂਹਕ ਤੌਰ ਉਪਰ ਅਸਤੀਫਾ ਦੇਣ ਲਈ ਮਜਬੂਰ ਹੋ ਜਾਣਗੇ।

ਕਰਾਚੀ ਵਿਚ ਦੰਗੇ ਜਾਰੀ

ਕਰਾਚੀ — ਇਥੇ ਮੁੜ ਦੰਗੇ ਭੜਕ ਪੈਣ ਦੀਆਂ ਖਬਰਾਂ ਮਿਲੀਆਂ ਹਨ। ਇਹ ਦੰਗੇ ਮਹਾਜਰੀਨਾਂ ਵਿਰੁੱਧ ਸ਼ੁਰੂ ਹੋਏ ਹਨ। ਬੰਬ ਧਮਾਕਿਆਂ ਦੇ ਨਾਲ ਨਾਲ ਫੌਜੀ ਟਰੱਕਾਂ ਉਤੇ ਵੀ ਹੱਥ-ਗੋਲੇ ਸੁੱਟੇ ਗਏ। ਕਰਫੀਊ ਲੱਗਣ ਦੇ ਬਾਵਜੂਦ ਵੀ ਇਹ ਹਮਲੇ ਜਾਰੀ ਹਨ।

ਨੁਸਰਤ ਭੁੱਟੋ ਵਲੋਂ ਦੋਸ਼

ਜ਼ੁਲਫਕਾਰ ਅਲੀ ਭੁੱਟੋ ਦੀ ਪਤਨੀ ਬੇਗਮ ਨੁਸਰਤ ਭੁਟੋ ਨੇ ਕਾਰਜਕਾਰੀ ਪ੍ਰਧਾਨ ਇਸਹਾਕ ਖਾਨ ਉਤੇ ਦੋਸ਼ ਲਾਇਆ ਕਿ ਉਹ ਮਰਹੂਮ ਪ੍ਰਧਾਨ ਜ਼ਿਆ ਦੀਆਂ ਪਾਲਸੀਆਂ ਨੂੰ ਹੀ ਚਾਲੂ ਰੱਖ ਰਿਹਾ ਹੈ। ਬੇਗਮ ਭੁਟੋ ਨੇ ਇਹ ਵੀ ਕਿਹਾ ਕਿ ਨਵੰਬਰ ਵਿਚ ਹੋਣ ਵਾਲੀਆਂ ਚੋਣਾਂ ਨਿਰਪੱਖ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਜਦ ਤੱਕ ਜ਼ਿਆ-ਜੁੰਡਲੀ ਸਰਕਾਰ ਉਤੇ ਕਾਬਜ਼ ਹੈ।

ਇਸੇ ਦੌਰਾਨ ਬੇਨਜ਼ੀਰ ਭੁੱਟੋ ਆਪਣੇ ਬੇਟੇ ਨਾਲ ਹਸਪਤਾਲ ਤੋਂ ਘਰ ਆ ਗਈ ਹੈ ਅਤੇ ਆਸ ਕੀਤੀ ਜਾਂਦੀ ਹੈ ਕਿ ਉਹ ਅਗਲੇ ਹਫਤੇ ਚੋਣਾਂ ਲਈ ਰਾਜਸੀ ਖੇਤਰ ਵਿਚ ਮੁੜ ਕੁਦ ਪਵੇਗੀ।

ਅਖਬਾਰ 'ਇਨਕਲਾਬ' ਉਪਰ ਪਾਬੰਦੀ

ਢਾਕਾ — ਖਬਰ ਹੈ ਕਿ ਬੰਗਲਾ ਦੇਸ਼ ਵਿਚ 27 ਸਤੰਬਰ 1988 ਨੂੰ ਸਾਰੇ ਅਖਬਾਰਾਂ ਨੇ ਇਕ ਦਿਨ ਦੀ ਹੜਤਾਲ ਕਰਕੇ ਕੋਈ ਵੀ ਅਖਬਾਰ ਨਾ ਛਾਪਿਆ ਗਿਆ। ਇਸ ਇਕ ਦਿਨ ਹੜਤਾਲ ਦਾ ਸੱਦਾ ਬੰਗਲਾ ਦੇਸ਼ ਦੇ ਅਖਬਾਰਾਂ ਦੇ ਪੱਤਰਕਾਰਾਂ ਤੇ ਕਾਮਿਆਂ ਦੀ ਯੂਨੀਅਨ ਨੇ ਦਿੱਤਾ ਸੀ। ਇਸ ਹੜਤਾਲ ਦਾ ਕਾਰਨ ਇਹ ਸੀ ਕਿ ਬੰਗਲਾ ਦੇਸ਼ ਦੀ ਫੌਜੀ ਸਰਕਾਰ ਨੇ ਢਾਕੇ ਦਾ ਅਖਬਾਰ "ਇਨਕਲਾਬ" ਉਪਰ ਪਾਬੰਦੀ ਲਾਕੇ ਉਸ ਨੂੰ ਬੰਦ ਕਰ ਦਿੱਤਾ ਹੈ।

ਅਖਬਾਰ "ਇਨਕਲਾਬ" ਪਿਛਲੇ ਚਾਰ ਸਾਲ ਤੋਂ ਛਪਦਾ ਆ ਰਿਹਾ ਸੀ ਜਿਸ ਦਾ ਛਪਣਾ ਸਰਕਾਰ ਨੇ ਬੰਦ ਕਰ ਦਿੱਤਾ ਹੈ। ਹੜਤਾਲ ਵਿਚ ਬੰਗਲਾ ਦੇਸ਼ ਦੇ ਕੁਝ 26 ਅਖਬਾਰਾਂ ਵਿਚੋਂ ਕੋਈ ਵੀ ਨਾ ਛਪਿਆ। ਇਨ੍ਹਾਂ ਅਖਬਾਰਾਂ ਵਿਚੋਂ 12 ਦੈਨਿਕ ਅਖਬਾਰ ਢਾਕੇ ਤੋਂ ਹੀ ਛਪਦੇ ਹਨ। ਇਸ ਹੜਤਾਲ ਵਿਚ ਬੰਗਲਾ ਸਮਾਚਾਰ ਏਜੰਸੀ ਬੀ. ਐਸ. ਐਸ. ਨੇ ਵੀ ਹਿੱਸਾ ਲਿਆ। ਸਮਾਚਾਰ ਏਜੰਸੀ ਵਿਚ ਹੜਤਾਲ ਦਾ ਸੱਦਾ ਇਸ ਦੀ ਯੂਨੀਅਨ ਵਲੋਂ ਦਿੱਤਾ ਗਿਆ ਸੀ।

ਅਖਬਾਰ "ਇਨਕਲਾਬ" ਉਪਰ ਪਾਬੰਦੀ ਇਸ ਕਾਰਨ ਲਗਾਈ ਗਈ ਕਿ ਉਸ ਵਿਚ ਇਹ ਖਬਰ ਛਪੀ ਸੀ ਕਿ ਬੰਗਲਾ ਦੇਸ਼ ਸਰਕਾਰ ਦੇ ਉਚ ਅਧਿਕਾਰ . ਅਧਿਕਾਰੀ ਵੱਡੇ ਭ੍ਰਿਸ਼ਟਾਚਾਰ ਵਿਚ ਫਸੇ ਹੋਏ ਹਨ। ਇਸ ਤੋਂ ਪਹਿਲਾਂ ਬੰਗਲਾ ਦੇਸ਼ ਸਰਕਾਰ ਨੇ ਵਿਰੋਧੀ ਪਾਰਟੀ ਅਵਾਮੀ ਲੀਗ ਦੇ ਅਖਬਾਰ 'ਬਾਂਗਲ ਅਰਬਾਨੀ' ਉਪਰ ਪਿਛਲੇ ਸਾਲ ਪਾਬੰਦੀ ਲਗਾ ਦਿੱਤੀ ਸੀ। ਇਹ ਪਾਬੰਦੀ ਪਾਰਟੀ ਵਲੋਂ ਕੀਤੇ ਗਏ ਅੰਦੋਲਨ ਦੇ ਸਮੇਂ ਲਗਾਈ ਗਈ ਸੀ।

ਬੰਗਲਾ ਦੇਸ਼ ਸਰਕਾਰ 1974 ਦੇ "ਸੋਸ਼ਲ ਪਾਵਰ ਐਕਟ" ਦੇ ਤਹਿਤ ਹੁਣ ਤੱਕ 18 ਅਖਬਾਰਾਂ ਉਪਰ ਪਾਬੰਦੀ ਲਗਾ ਚੁੱਕੀ ਹੈ ਜਿਸ ਅਨੁਸਾਰ ਕੋਈ ਅਖਬਾਰ ਗਲਤ ਖਬਰ ਨਹੀਂ ਛਾਪ ਸਕਦਾ।

ਇੰਡੋ-ਕੈਨੇਡੀਅਨ ਟਾਇਮਜ਼ ਦਾ ਸੰਪਾਦਕ ਤੁਰ ਨਹੀਂ ਸਕੇਗਾ

ਵੈਨਕੂਵਰ : ਇੰਡੋ-ਕੈਨੇਡੀਅਨ ਟਾਇਮਜ਼ ਦੇ ਸੰਪਾਦਕ ਸ੍ਰੀ ਤਾਰਾ ਸਿੰਘ ਹੇਅਰ ਦੀ ਸਿਹਤ ਬਾਰੇ ਕਈ ਤਰ੍ਹਾਂ ਦੀਆਂ ਖਬਰਾਂ ਘੁੰਮ ਰਹੀਆਂ ਹਨ। ਕਿਹਾ ਜਾਂਦਾ ਹੈ ਕਿ ਉਹ ਹੁਣ ਖਤਰੇ ਤੋਂ ਬਾਹਰ ਹੋ ਗਿਆ ਹੈ ਪਰ ਉਸ ਦੀ ਪਿੱਠ ਅਤੇ ਪੁੜੇ ਦੀਆਂ ਗੋਲੀਆਂ ਹਾਲੇ ਕੱਢੀਆਂ ਨਹੀਂ ਗਈਆਂ। ਕਿਹਾ ਜਾਂਦਾ ਹੈ ਕਿ ਉਹ ਸਾਰੀ ਉਮਰ ਤੁਰ ਨਹੀਂ ਸਕੇਗਾ ਅਤੇ ਉਹ 'ਵੀਲ੍ਹ ਚੇਅਰ' ਉਪਰ ਹੀ ਰਹਿੰਦਾ ਜੀਵਨ ਗੁਜ਼ਾਰੇਗਾ।

ਕੁਝ ਹਲਕਿਆਂ ਦਾ ਕਹਿਣਾ ਹੈ ਕਿ ਉਸ ਸੰਬੰਧੀ ਉਨ੍ਹਾਂ ਦੇ ਆਪਣੇ ਅਖਬਾਰ ਵਿਚ ਜੋ ਖਬਰਾਂ ਛਪੀਆਂ ਹਨ ਕਿ ਉਨ੍ਹਾਂ ਦੀਆਂ ਲੱਤਾਂ ਮੁੜ ਤੋਂ ਕੰਮ ਕਰਨ ਯੋਗ ਹੋ ਜਾਣਗੀਆਂ ਉਹ ਸਿਰਫ ਉਨ੍ਹਾਂ ਦੇ ਬਿਜ਼ਨਸ ਦੇ ਉਪਰ ਕਿਸੇ ਮਾੜੇ ਪ੍ਰਭਾਵ ਨੂੰ ਰੋਕਣ ਲਈ ਦਿੱਤੀਆਂ ਗਈਆਂ ਹਨ। ਇਹ ਵੀ ਪਤਾ ਲੱਗਾ ਹੈ ਕਿ ਜੇਕਰ ਉਨ੍ਹਾਂ ਦੀ ਨੁਕਸਵਰ ਗੀੜ੍ਹ ਦੀ ਹੱਡੀ ਦੀ ਥਾਂ ਪਲਾਸਟਿਕ ਦੀ ਹੱਡੀ ਪਾ ਦਿੱਤੀ ਜਾਵੇ ਤਦ ਵੀ ਲੱਤਾਂ ਕੰਮ ਕਰਨ ਦੇ ਯੋਗ ਨਹੀਂ ਹੋ ਸਕਣਗੀਆਂ।

ਅੰਗਰੇਜ਼ੀ ਖਬਰਾਂ ਵਿਚ ਉਨ੍ਹਾਂ ਦੇ ਅੰਗਰੇਜ਼ੀ ਹਫਤਾਵਾਰ "ਐਕਸਪ੍ਰੈਸ ਨਿਊਜ਼" ਦਾ ਨਾਂ ਇੰਡੋ ਕੈਨੇਡੀਅਨ ਟਾਇਮਜ਼ ਦੇ ਨਾਲ ਨਾਲ ਆਉਣ ਦੇ ਕਾਰਨ, ਉਸ ਦੇ ਵਿਚ ਇਸ਼ਤਿਹਾਰ ਦੇਣ ਵਾਲਿਆਂ ਨੂੰ ਆਪਣੇ ਇਸ਼ਤਿਹਾਰ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਤਰ੍ਹਾਂ ਇਹ ਉਸ ਨੂੰ ਇਕ ਵੱਡੇ ਵਪਾਰਕ ਘਾਟੇ ਦਾ ਕਾਰਨ ਬਣ ਗਈ ਹੈ।

ਦੋਸ਼ੀ ਨੇ ਪ੍ਰਸਿੱਧ ਵਕੀਲ ਕਰ ਲਿਆ

ਪ੍ਰੈਸ ਵਿਚ ਛਪੀਆਂ ਖਬਰਾਂ ਅਨੁਸਾਰ ਤਾਰਾ ਸਿੰਘ ਹੇਅਰ ਉਪਰ ਹਮਲਾ ਕਰਨ ਦੇ ਦੋਸ਼ੀ ਨੌਜੁਆਨ ਦੀ ਸਹਾਇਤਾ ਲਈ ਵੈਨਕੂਵਰ ਦੇ ਪ੍ਰਸਿੱਧ ਵਕੀਲ ਮਿ: ਗਿਬਨਜ਼ ਨੂੰ ਡੀਫੈਂਸ ਦੇ ਵਕੀਲ ਵਜੋਂ ਕਰ ਲਿਆ ਹੈ। ਯਾਦ ਰਹੇ ਸ੍ਰੀ ਗਿਬਨਜ਼ ਪੰਜਾਬ ਦੇ ਮੰਤਰੀ ਸ੍ਰੀ ਮਲਕੀਤ ਸਿੰਘ ਸਿੱਧੂ ਉਪਰ ਹਮਲਾ ਕਰਨ ਵਾਲਿਆਂ, ਸ੍ਰੀ ਤਲਵਿੰਦਰ ਸਿੰਘ, ਅਜੈਬ ਸਿੰਘ ਬਾਗੜੀ ਆਦਿ ਦੇ ਕੇਸਾਂ ਵਿਚ ਵਕੀਲ ਦੇ ਤੌਰ ਉਤੇ ਕੰਮ ਕਰ ਚੁੱਕਾ ਹੈ। ਕਿਹਾ ਜਾਂਦਾ ਹੈ ਕਿ ਸ੍ਰੀ ਗਿਬਨਜ਼ ਨੂੰ ਡੀਫੈਂਸ ਦੇ ਵਕੀਲ ਵਜੋਂ ਖੜ੍ਹਾ ਕਰਨ ਲਈ ਵੈਨਕੂਵਰ ਏਰੀਏ ਦੇ ਖਾਲਿਸਤਾਨ ਸਮਰਥਕਾਂ ਦੀਆਂ ਹੋਈਆਂ ਗੁਪਤ ਮੀਟਿੰਗਾਂ ਵਿਚ ਫੈਸਲਾ ਲਿਆ ਗਿਆ ਹੈ।

ਸ੍ਰੀ ਗਿਬਨਜ਼ ਨੇ ਅਦਾਲਤ ਨੂੰ ਬੇਨਤੀ ਕੀਤੀ ਹੈ ਕਿ ਉਹ ਕੇਸ ਦੀ ਫਾਈਲ ਨੂੰ ਪੜ੍ਹਨਾ ਚਾਹੁੰਦੇ ਹਨ ਇਸ ਲਈ ਮੁਕੱਦਮੇ ਦੀ ਸੁਣਵਾਈ ਦੀ ਤਾਰੀਖ ਅੱਗੇ ਪਾ ਦਿੱਤੀ ਜਾਵੇ। ਅਦਾਲਤ ਨੇ ਸੁਣਵਾਈ ਦੀ ਤਾਰੀਖ 12 ਦਸੰਬਰ 1988 ਪਾ ਦਿੱਤੀ ਹੈ।

ਸ੍ਰੀ ਤਾਰਾ ਸਿੰਘ ਹੇਅਰ 52 ਸਾਲ ਦੇ ਹਨ। ਉਨ੍ਹਾਂ ਉਪਰ ਹਮਲਾ ਕਰਨ ਵਾਲਾ ਦੋਸ਼ੀ 17 ਸਾਲ ਦਾ ਹੈ। ਕਾਨੂੰਨ ਅਨੁਸਾਰ ਉਸਨੂੰ ਵੱਧ ਤੋਂ ਵੱਧ ਤਿੰਨ ਸਾਲ ਦੀ ਕੈਦ ਹੋ ਸਕਦੀ ਹੈ।

ਸੋਖੀ ਮੁੜ ਅਕਾਲੀ ਦਲ (ਲ) ਵਿਚ

ਅੰਮ੍ਰਿਤਸਰ — ਅਕਾਲੀ ਦਲ ਏਕੀਕ੍ਰਿਤ ਦੇ ਨੇਤਾ ਸੁਰਜੀਤ ਸਿੰਘ ਸੋਖੀ ਆਪਣੇ ਸਾਥੀਆਂ ਸਮੇਤ ਅਕਾਲੀ ਦਲ ਏਕੀਕ੍ਰਿਤ ਛੱਡ ਕੇ ਅਕਾਲੀ ਦਲ (ਲ) ਵਿਚ ਸ਼ਾਮਲ ਹੋ ਗਏ ਹਨ।

The Canada Darpan

P.O.BOX 265
Surrey, B.C. V3T 4W8

'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

Ph. 581-4473

ਪ੍ਰਧਾਨ ਮੰਤਰੀ ਦਾ ਪੰਜਾਬ ਦੌਰਾ

ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ 21 ਸਤੰਬਰ ਨੂੰ ਇਕ ਦਿਨ ਦਾ ਪੰਜਾਬ-ਦੌਰਾ ਕੀਤਾ। ਉਨ੍ਹਾਂ ਦੇ ਦੌਰੇ ਤੋਂ ਪਹਿਲਾਂ ਕਈ ਕਿਆਸ ਅਰਾਈਆਂ ਕੀਤੀਆਂ ਜਾ ਰਹੀਆਂ ਸਨ ਕਿ ਉਹ ਇਸ ਦੌਰੇ ਸਮੇਂ ਪੰਜਾਬ ਸੰਬੰਧੀ ਲੌਂਗੋਵਾਲ-ਰਾਜੀਵ ਸਮਝੌਤੇ ਦੇ ਆਧਾਰ ਉਪਰ ਪੰਜਾਬ ਸਮੱਸਿਆ ਨੂੰ ਹੱਲ ਕਰਨ ਲਈ ਕੁਝ ਮਹੱਤਵਪੂਰਨ ਐਲਾਨ ਕਰਨਗੇ। ਘੱਟੋ ਘੱਟ ਇਹ ਆਸ ਕੀਤੀ ਜਾਂਦੀ ਸੀ ਕਿ ਚੰਡੀਗੜ੍ਹ ਪੰਜਾਬ ਹਵਾਲੇ ਜ਼ਰੂਰ ਕਰ ਦਿੱਤਾ ਜਾਵੇਗਾ। ਇਸ ਐਲਾਨ ਦੀ ਇਸ ਕਾਰਨ ਵੀ ਆਸ ਕੀਤੀ ਜਾਂਦੀ ਸੀ ਕਿ 11 ਨਵੰਬਰ ਨੂੰ ਪੰਜਾਬ ਵਿਚ ਰਾਸ਼ਟਰਪਤੀ ਰਾਜ ਦੀ ਮਿਆਦ ਪੁੱਗ ਰਹੀ ਹੈ ਤਾਂ ਜੋ ਉਸ ਵੇਲੇ ਤੱਕ ਪੰਜਾਬ ਵਿਚ ਚੋਣਾਂ ਕਰਵਾਈਆਂ ਜਾ ਸਕਣ।

ਸਾਰੀਆਂ ਆਸਾਂ ਉਪਰ ਓਦੋਂ ਪਾਣੀ ਫਿਰ ਗਿਆ, ਜਦੋਂ ਪ੍ਰਧਾਨ ਮੰਤਰੀ ਦੇ ਇਕ ਦਿਨ ਦੌਰੇ ਦੌਰਾਨ ਕੋਈ ਮਹੱਤਵਪੂਰਨ ਐਲਾਨ ਨਾ ਕੀਤਾ ਗਿਆ। ਉਨ੍ਹਾਂ ਦੇ ਪੰਜਾਬ ਆਉਣ ਤੋਂ ਇਕ ਦਿਨ ਪਹਿਲਾਂ ਜੋਧਪੁਰ ਦੇ 138 ਕੈਦੀਆਂ ਦੀ ਰਿਹਾਈ ਭਾਵੇਂ ਇਕ ਚੰਗਾ ਫੈਸਲਾ ਸੀ ਪਰ ਬਾਕੀ ਰਹਿੰਦੇ 187 ਕੈਦੀ ਵੀ ਨਾਲ ਹੀ ਕਿਉਂ ਨਾ ਛੱਡੇ ਗਏ?

ਪ੍ਰਧਾਨ ਮੰਤਰੀ ਵਲੋਂ ਪੰਜਾਬ ਬਾਰੇ ਚਲਵੀਆਂ ਗੱਲਾਂ, ਕਾਂਗਰਸ ਸਰਕਾਰ ਦੀ ਪਹਿਲੀ ਲਮਕਾਅ ਵਾਲੀ ਨੀਤੀ ਦਾ ਹੀ ਹਿੱਸਾ ਹਨ। ਫਿਰ ਵੀ ਦਿੱਲੀ ਵਿਚ ਸਰਬ ਪਾਰਟੀ ਮੀਟਿੰਗ ਸੱਦਣ ਦੀ ਗੱਲ ਵੀ ਚੰਗੇ ਪਾਸੇ ਕਦਮ ਸਮਝਿਆ ਜਾਂਦਾ ਹੈ ਪਰ ਸਵਾਲ ਤਾਂ ਇਹ ਹੈ ਕਿ ਕੀ ਸਰਬ ਪਾਰਟੀ ਮੀਟਿੰਗ ਦੀ ਪਹਿਲੀ ਮੀਟਿੰਗ ਵਿਚੋਂ ਕਿਸੇ ਸਿੱਟੇ ਦੀ ਆਸ ਰੱਖੀ ਜਾ ਸਕਦੀ ਹੈ? ਜੇ ਕਰ ਮਿਤੀਬੱਧ ਲੌਂਗੋਵਾਲ ਸਮਝੌਤੇ ਉਪਰ ਅਮਲ ਨਹੀਂ ਕੀਤਾ ਗਿਆ ਤਾਂ ਕੀ ਸਰਬ ਪਾਰਟੀ ਮੀਟਿੰਗ ਵੀ ਸਮਾਂ ਟਪਾਊ ਤਾਂ ਨਹੀਂ ਬਣ ਜਾਵੇਗੀ?

ਸਾਡੇ ਵਿਚਾਰ ਵਿਚ ਸਰਬ ਪਾਰਟੀ ਮੀਟਿੰਗ, ਪੰਜਾਬ ਸਮੱਸਿਆ ਨੂੰ ਨਵੇਂ ਸਿਰੇ ਤੋਂ ਵਿਚਾਰਨ ਲਈ ਨਹੀਂ, ਸਗੋਂ ਲੌਂਗੋਵਾਲ-ਰਾਜੀਵ ਸਮਝੌਤੇ ਨੂੰ ਅਮਲੀ ਰੂਪ ਦੇਣ ਲਈ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਪੰਜਾਬ ਦੀਆਂ ਵਿਰੋਧੀ ਪਾਰਟੀਆਂ ਨੂੰ ਕਾਂਗਰਸ ਤੋਂ ਬਿਨਾਂ ਇਕ ਮੀਟਿੰਗ ਸੱਦਣੀ ਚਾਹੀਦੀ ਹੈ ਤਾਂ ਜੋ ਉਹ ਪ੍ਰਧਾਨ ਮੰਤਰੀ ਵਲੋਂ ਸੱਦੀ ਜਾਣ ਵਾਲੀ ਮੀਟਿੰਗ ਤੋਂ ਪਹਿਲਾਂ ਇਕ ਮਤ ਹੋ ਸਕਣ ਅਤੇ ਪ੍ਰਧਾਨ ਮੰਤਰੀ ਨਾਲ ਮੀਟਿੰਗ ਦਾ ਸਮੁੱਚਾ ਸਮਾਂ ਰਾਜਨੀਤਕ ਹੱਲ ਦੀ ਪ੍ਰਾਪਤੀ ਉਪਰ ਲਾਇਆ ਜਾ ਸਕੇ।

ਪੰਜਾਬ ਦੌਰੇ ਸਮੇਂ ਪ੍ਰਧਾਨ ਮੰਤਰੀ ਨੇ ਪੰਜਾਬ ਵਿਚ ਪੰਚਾਇਤਾਂ ਦੀਆਂ ਚੋਣਾਂ ਕਰਵਾਉਣ ਦਾ ਵੀ ਐਲਾਨ ਕੀਤਾ ਹੈ। ਇਸ ਐਲਾਨ ਦਾ ਮੰਤਵ ਸਿਰਫ ਨਕਾਰਾ ਹੋ ਚੁੱਕੀ ਅਤੇ ਲੋਕਾਂ ਨਾਲੋਂ ਕੱਟੀ ਜਾ ਚੁੱਕੀ ਕਾਂਗਰਸ ਪਾਰਟੀ ਦੀ ਮੁੜ ਤੋਂ ਪਿੰਡਾਂ ਵਿਚ ਸਾਖ ਬਹਾਲ ਕਰਨਾ ਹੈ। ਪੰਚਾਇਤਾ ਚੋਣਾਂ ਵਿਚ ਕਾਂਗਰਸ ਪਾਰਟੀ ਦੇ ਰੱਦ ਹੋ ਚੁੱਕੇ ਚੌਧਰੀਆਂ ਨੂੰ ਮਜ਼ਬੂਤ ਕਰਨਾ ਹੈ ਤਾਂ ਜੋ ਉਨ੍ਹਾਂ ਨੂੰ ਅਗੋਂ ਪੰਜਾਬ ਦੀਆਂ ਅਸੈਂਬਲੀ ਚੋਣਾਂ ਵਿਚ ਵਰਤ ਕੇ ਪੰਜਾਬ ਸਰਕਾਰ ਉਪਰ ਕਬਜ਼ਾ ਕੀਤਾ ਜਾ ਸਕੇ।

ਕਾਂਗਰਸ ਪਾਰਟੀ ਅਤੇ ਸਰਕਾਰ ਵਿਰੁਧ ਪੰਜਾਬ ਦੇ ਲੋਕਾਂ ਵਿਚ ਸਖਤ ਨਫਰਤ ਹੈ ਜਿਸ ਕਾਰਨ ਪੰਚਾਇਤਾਂ ਦੇ ਚੋਣ ਨਤੀਜੇ ਕਿਸੇ ਤਰ੍ਹਾਂ ਵੀ ਕਾਂਗਰਸ ਦੇ ਹੱਕ ਵਿਚ ਨਹੀਂ ਜਾਣ ਲੱਗੇ।

ਸਮੁੱਚੇ ਤੌਰ ਤੇ ਪ੍ਰਧਾਨ ਮੰਤਰੀ ਦੇ ਪੰਜਾਬ ਦੌਰੇ ਤੋਂ ਕੀਤੀਆਂ ਜਾਂਦੀਆਂ ਉਮੀਦਾਂ ਨੂੰ ਨਿਰਾਸ਼ ਹੋਣਾ ਪਿਆ ਹੈ।

ਬਿਦਰ ਵਿਚ ਕਤਲ

ਕਰਨਾਟਕ ਦੇ ਸ਼ਹਿਰ ਬਿਦਰ ਵਿਚ ਸੱਤ ਪੰਜਾਬੀ ਵਿਦਿਆਰਥੀਆਂ ਦੇ ਹੋਏ ਕਤਲ ਸਖਤ ਸ਼ਬਦਾਂ ਵਿਚ ਨਿੰਦਣਯੋਗ ਹਨ। ਇਨ੍ਹਾਂ ਕਤਲਾਂ ਦੀ ਕਹਾਣੀ ਭਾਵੇਂ ਕੁਝ ਵੀ ਹੋਵੇ ਪਰ ਇਨ੍ਹਾਂ ਕਤਲਾਂ ਦੇ ਨਾਲ ਹੀ 70 ਦੇ ਕਰੀਬ ਹੋਰ ਪੰਜਾਬੀ ਲੋਕਾਂ ਨਾਲ ਕੀਤੀ ਗਈ ਬਦਸਲੂਕੀ, ਉਸ ਤਰ੍ਹਾਂ ਦੀ ਸੀ ਜਿਸ ਤਰ੍ਹਾਂ 1984 ਦੇ ਦਿੱਲੀ ਦੰਗਿਆਂ ਸਮੇਂ ਹੋਈ ਸੀ। ਭਾਵੇਂ ਕਿ ਇਹ ਦਿੱਲੀ-ਕਾਨ੍ਹਪੁਰ ਪੱਧਰ ਦੀ ਨਹੀਂ ਸੀ ਫਿਰ ਵੀ ਇਹ ਅਤਿ ਨਿੰਦਣਯੋਗ ਘਟਨਾ ਹੈ।

ਯਾਦ ਰਹੇ ਕਰਨਾਟਕ ਵਿਚ ਜਨਤਾ ਪਾਰਟੀ ਦਾ ਰਾਜ ਹੈ। ਜਿਸ ਨੂੰ ਡੇਗਣ ਲਈ ਜਿਥੇ ਕਾਂਗਰਸ ਪਾਰਟੀ ਯਤਨਸ਼ੀਲ ਹੈ ਉਥੇ ਅਜੋਕੀ ਜਨਤਾ ਪਾਰਟੀ ਦੀ ਹਾਲਤ ਵੀ ਸੰਤੋਖ ਜਨਕ ਨਹੀਂ ਜੋ ਕਿ ਧੜੇਬੰਦੀ ਦੀ ਸ਼ਿਕਾਰ ਹੈ। ਅਸੀਂ ਭਾਰਤ ਸਰਕਾਰ ਅਤੇ ਕਰਨਾਟਕ ਦੀ ਜਨਤਾ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਉਹ ਇਸ ਗੈਰ ਮਨੁੱਖੀ ਅਤੇ ਗੈਰ ਜਮਹੂਰੀ ਜ਼ੁਰਮ ਕਰਨ ਦੀ ਪੜਤਾਲ ਕਰਕੇ ਉਨ੍ਹਾਂ ਵਿਰੁਧ ਸਖਤ ਐਕਸ਼ਨ ਲੈ ਕੇ ਸਜ਼ਾ ਦਿੱਤੀ ਜਾਵੇ। ਇਸ ਵਿਚ ਸ਼ੱਕ ਨਹੀਂ ਕਿ ਕੇਂਦਰੀ ਸਰਕਾਰ ਨੇ ਹਾਲੇ ਤੱਕ ਦਿੱਲੀ ਦੰਗਿਆਂ ਦੇ ਦੋਸ਼ੀਆਂ ਨੂੰ ਵੀ ਸਜ਼ਾ ਦੇਣ ਲਈ ਕਦਮ ਨਹੀਂ ਪੁਟਿਆ, ਫਿਰ ਵੀ ਅਸੀਂ ਦੀ ਨੈਤਿਕਤਾ ਨੂੰ ਫਿਰ ਝੰਜੋੜਨਾ ਚਾਹੁੰਦੇ ਹਾਂ।

ਹਰਭਜਨ 'ਦਰਦੀ', ਬਰਮਿੰਘਮ

ਇੰਗਲੈਂਡ ਦੇ ਖਾਲਿਸਤਾਨੀ. ਲੋਕ ਕਚਹਿਰੀ ਵਿਚ

ਹਿੰਦੁਸਤਾਨ ਦੇ ਕੌਮੀ ਝੰਡੇ ਨੂੰ ਅੱਗ ਲਾਉਣੀ ਬਹਾਦਰੀ ਦੱਸੀ ਜਾਂਦੀ ਰਹੀ ਹੈ, ਕਿ ਹਿੰਦੁਸਤਾਨ ਸਾਡਾ ਮੁਲਕ ਨਹੀਂ, ਸਾਡਾ ਮੁਲਕ ਤਾਂ ਖਾਲਿਸਤਾਨ ਹੀ ਹੋਵੇਗਾ। ਪਰ ਕਿਸੇ ਮਾਈ ਦੇ ਲਾਲ ਨੇ ਆਪਣਾ ਯੂਰਪੀਅਨ ਜਾਂ ਭਾਰਤੀ ਪਾਸਪੋਰਟ ਅੱਗ ਦੀ ਭੇਂਟ ਨਹੀਂ ਕੀਤਾ। ਕਿੰਨਾ ਗੰਦਾ ਮਖੌਲ ਇਹਨਾਂ ਸ਼ੈਤਾਨ ਦੀਆਂ ਟੂਟੀਆਂ ਨੇ ਲੋਕਾਂ ਨਾਲ ਕੀਤਾ ਹੈ।

ਬੱਚੇ ਦੀ ਨਿਰਛਲ ਹੱਸਣੀ ਅਤੇ ਮਮਤਾ ਜਿਹੇ ਮਹਾਨ ਸੱਚ ਵਰਗਾ ਸੱਚ ਹੈ ਕਿ ਵਲੈਤ ਗੁਰਦੁਆਰਿਆਂ ਦੇ ਗਲਤ ਪ੍ਰਚਾਰ ਨੇ ਪੰਜਾਬ ਨੂੰ ਅੱਗ ਲਾਉਣ ਅਤੇ ਹਿੰਦੁਸਤਾਨ ਦੀ ਏਕਤਾ ਅਖੰਡਤਾ ਨੂੰ ਖਤਰਾ ਪੈਦਾ ਕਰਨ ਵਿਚ ਮੁਖ ਹਿੱਸਾ ਪਾਇਆ ਹੈ। ਖਾਲਿਸਤਾਨੀਆਂ ਦੇ ਚੌਧਰੀਆਂ ਨੇ ਹਜ਼ਾਰਾਂ ਨਹੀਂ ਲੱਖਾਂ ਪੌਂਡ ਗੁਰਦੁਆਰਿਆਂ ਦੀਆਂ ਸਟੇਜਾਂ ਤੋਂ ਇਕੱਠੇ ਕੀਤੇ। ਇਤਨੇ ਭੜਕਾਊ ਪ੍ਰਚਾਰ ਕੀਤੇ ਕਿ ਆਮ ਸਾਧਾਰਨ ਸਿੱਖ ਨੇ ਜਜ਼ਬਾਤੀ ਹੋ ਕੇ ਇਹਨਾਂ ਦੀ ਕੁਟਲ ਨੀਤੀ ਉਤੇ ਸ਼ੱਕ ਨਾ ਕੀਤਾ। ਭਾਰਤੀ ਮਜ਼ਦੂਰ ਸਭਾਵਾਂ ਦੇ ਸਾਥੀਆਂ ਉਤੇ ਹਮਲੇ ਕਰਾਏ ਗਏ ਕਿਉਂਕਿ ਉਹ ਲੋਕਾਂ ਨੂੰ ਇਹਨਾਂ ਦੀਆਂ ਭੈੜੀਆਂ ਚਾਲਾਂ ਤੋਂ ਜਾਣੂ ਕਰਾਉਂਦੇ ਸਨ। ਅਸੀਂ 1983 ਵਿਚ ਲੋਕਾਂ ਨੂੰ ਦੱਸਦੇ ਸਾਂ ਕਿ ਇਹਨਾਂ ਮੌਕਾਪ੍ਰਸਤਾਂ ਦੀਆਂ ਚਾਲਾਂ ਵਿਚ ਨਾ ਆਓ, ਇਹ ਸਾਮਰਾਜੀ ਏਜੰਟ ਹਨ ਅਤੇ ਇਹ ਤੁਹਾਨੂੰ ਅਤੇ ਪੰਜਾਬ ਨੂੰ ਉਜੜਿਆ ਦੇਖਣਾ ਚਾਹੁੰਦੇ ਹਨ ਪਰ ਇਹਨਾਂ ਦੇ ਸਬਜ਼ਬਾਗਾਂ ਨੇ ਇਥੇ ਰਹਿੰਦੀ ਸਮੁਚੀ ਪੰਜਾਬੀ ਜੱਟ ਵਸੋਂ ਨੂੰ ਗੁੰਮਰਾਹ ਕਰ ਲਿਆ ਸੀ। ਸਵਾਏ ਅਗਾਂਹਵਧੂ ਪੰਜਾਬ ਦੇ ਲੋਕਾਂ ਲਈ ਚਿੰਤਤ ਲੋਕਾਂ ਤੋਂ।

ਨਤੀਜਾ ਇਹ ਹੋਇਆ ਕਿ ਇਥੋਂ ਨਿਕਲ ਦੇ ਮੌਕਾਪ੍ਰਸਤ ਅਖਬਾਰ ਨੇ ਇਸ ਮੌਕੇ ਨੂੰ ਖੂਬ ਉਛਾਲਿਆ। ਇਥੇ ਵਸਦੀ ਭਾਰਤੀ ਵਸੋਂ ਨੂੰ ਹਿੰਦੂ, ਸਿੱਖ ਅਤੇ ਜਾਤਾਂ ਪਾਤਾਂ ਵਿਚ ਵੰਡਣ ਲਈ ਪੂਰਾ ਜ਼ੋਰ ਲਾਇਆ। ਜਿਸ ਵਿਚ ਉਹ ਕਿਸੇ ਹੱਦ ਤੱਕ ਕਾਮਯਾਬ ਵੀ ਹੋ ਗਿਆ ਸੀ। ਇਥੋਂ ਤੱਕ ਕਿ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਦੇ ਦਿਲਾਂ ਵਿਚ ਆਪਸੀ ਨਫਰਤ ਦਾ ਮਾਹੌਲ ਪੈਦਾ ਕਰ ਦਿੱਤਾ। ਦਸਾਂ ਗੁਰੂਆਂ ਦੀ ਜ਼ੁਲਮ ਵਿਰੁਧ ਕੀਤੀ ਘਾਲਣਾ ਨੂੰ ਇਹਨਾਂ ਨੇ ਮੌਕੇ ਮੁਤਾਬਕ ਆਪਦੇ ਕਾਲੇ ਕਾਰਨਾਮਿਆਂ ਲਈ ਵਰਤਿਆ। ਇਥੋਂ ਤੱਕ ਕਿ ਗੁਰਦੁਆਰਿਆਂ ਦੀਆਂ ਸਟੇਜਾਂ ਉਤੇ ਪ੍ਰਚਾਰਕਾਂ ਰਾਗੀਆਂ ਨੂੰ ਹਿੰਦੂ ਸਿੱਖ ਫਿਰਕਿਆਂ ਵਿਚ ਜ਼ਹਿਰ ਉਗਲਣ ਲਈ ਸਮਾਂ ਦਿੱਤਾ ਜਾਂਦਾ ਨਹੀਂ ਤਾਂ ਨਹੀਂ। ਰਾਗੀਆਂ ਨੂੰ ਕੀ ਕੋਈ ਮਰੇ ਕੋਈ ਜੀਵੇ ਸੁਥਰਾ ਘੋਲ ਪਤਾਸੇ ਪੀਵੇ ਵਾਂਗ ਉਹਨਾਂ ਨੂੰ ਸਿਰਫ ਪੌਂਡਾਂ ਨਾਲ ਗਰਜ਼ ਹੁੰਦੀ।

ਜਦੋਂ 1984 ਵਿਚ ਅਸੀਂ ਲੋਕਾਂ ਨੂੰ ਸਦਭਾਵਨਾ ਬਣਾਈ ਰੱਖਣ ਲਈ ਅਪੀਲਾਂ ਕੀਤੀਆਂ ਤਾਂ ਖਾਲਿਸਤਾਨੀ ਘੜਵੈਲਾਂ ਨੇ ਪ੍ਰਚਾਰ ਗੁਰਦੁਆਰਿਆਂ ਵਿਚ ਕਰਨਾ ਸ਼ੁਰੂ ਕਰ ਦਿੱਤਾ ਕਿ ਕਮਿਊਨਿਸਟ ਸਰਕਾਰੀਏ ਬਣ ਗਏ। ਇਹ 'ਸਰਕਾਰੀਏ' ਲਫਜ਼ ਇਹਨਾਂ ਲੋਕਾਂ ਦਾ ਤਕੀਆ ਕਲਾਮ ਹੀ ਹੈ। (ਅਰਥਾਂ ਦਾ ਪਤਾ ਹੋਵੇ ਜਾਂ ਨਾ) ਧਰਮ ਦੀ ਆੜ ਵਿਚ ਲੋਕਾਂ ਸ਼ਾਹਮਣੇ ਇਨ੍ਹਾਂ ਉਹ ਹਵਾਈ ਕਿਲੇ ਉਸਾਰੇ ਕਿ ਸ਼ਰਧਾਵਾਨ ਲੋਕਾਂ ਦੀ ਸ਼ਰਧਾ ਨੂੰ ਵਰਤਣ ਦੀ ਕੋਈ ਕਸਰ ਨਾ ਛੱਡੀ। ਇਹਨਾਂ ਦੀਆਂ ਉਸਤਾਦੀਆਂ ਹੇਠ ਲਿਖੇ ਤੱਥਾਂ ਤੋਂ ਜਾਹਿਰ ਹੁੰਦੀਆਂ ਹਨ

ਗੱਲ ਅਪ੍ਰੈਲ 1984 ਦੀ ਹੈ ਜਦੋਂ ਗੁਰਦੁਆਰਾ ਸਮੈਦਿਕ ਵਿਖੇ ਇਕ ਮੀਟਿੰਗ ਕੀਤੀ ਗਈ ਜਿਸ ਵਿਚ ਪੰਜਾਬ ਦੀ ਹਾਲਤ ਬਾਰੇ ਵਿਚਾਰ ਕੀਤੇ ਜਾਣੇ ਸਨ। ਮੈਂ ਅਤੇ ਮੇਰੇ ਹੋਰ ਸਾਥੀ ਵੀ ਉਸ ਮੀਟਿੰਗ ਵਿਚ ਸ਼ਾਮਲ ਹੋਏ। ਜਿਥੇ ਮਨਮੋਹਨ ਸਿੰਘ ਖਾਲਸਾ, ਜਸਵੰਤ ਸਿੰਘ ਠੇਕੇਦਾਰ ਜਿਸ ਦੇ ਸਿਰ ਦਾ ਮੁੱਲ ਉਨ੍ਹੀਂ ਦਿਨੀਂ 90,000 ਰੁਪਏ ਸੀ (ਅਖਬਾਰਾਂ ਰਾਹੀਂ) ਅਤੇ ਹੋਰ ਬਹੁਤ ਲੋਕ ਅਤੇ 'ਜਥੇਦਾਰ' ਦੂਜੇ ਸ਼ਹਿਰਾਂ ਤੋਂ ਪਹੁੰਚੇ ਹੋਏ ਸਨ। ਇਸ ਮੀਟਿੰਗ ਦੀ ਸਟੇਜ ਸਕੱਤਰੀ ਕਰ ਰਿਹਾ ਸੀ ਜੋਰਾਵਰ ਸਿੰਘ ਰਾਏ। ਇਥੇ 150-55 ਬੰਦਿਆਂ ਦੀ ਹਾਜ਼ਰੀ ਵਿਚ ਬੋਲਦਿਆਂ ਜਸਵੰਤ ਸਿੰਘ ਠੇਕੇਦਾਰ ਨੇ ਕਿਹਾਂ, 'ਸਾਡੀ ਕਾਂਗਰਸ ਨਾਲ ਤਾਂ ਭਾਈਵਾਲੀ ਕਦੇ ਵੀ ਹੋ ਸਕਦੀ ਹੈ ਪਰ ਕਮਿਊਨਿਸਟਾਂ ਨਾਲ ਕਦੇ ਨਹੀਂ।' ਇਸ ਤੋਂ ਭਲੀ ਭਾਂਤ ਪਤਾ ਲਗ ਜਾਂਦਾ ਹੈ ਕਿ ਇਹ ਕਾਂਗਰਸ ਦੀ ਉਪਜ ਹਨ। ਫਿਰ ਸਰਕਾਰੀਏ ਕੌਣ ਹੋਏ? ਇਹ ਹੈ ਅਖੌਤੀ ਪੰਥਕ ਸੇਵਾਦਾਰਾਂ ਦੀ ਜ਼ਮੀਰ। ਇਸ ਤਰ੍ਹਾਂ ਦਾ ਊਟ ਪਟਾਂਗ ਬੋਲਦਿਆਂ ਵੇਲਣੇ ਵਿਚ ਬਾਹਾਂ ਦਿੱਤੀਆਂ, ਸੀਸ ਕਟਵਾਏ, ਜਾਨਾਂ ਵੀ ਦਿੱਤੀਆਂ ਅਤੇ ਅੱਜ ਤੱਕ ਇਹ ਸਭ ਕੁਝ ਕਹੀ ਜਾ ਰਹੇ ਹਨ ਅਤੇ ਲੋਕਾਂ ਨੂੰ ਬੁਧੂ ਬਣਾਈ ਜਾ ਰਹੇ ਹਨ। ਮਈ 1984 ਦੇ ਇਕ ਐਵਤਾਰ ਨੂੰ ਫਿਰ ਉਪਰੋਕਤ ਗੁਰਦੁਆਰੇ ਵਿਚ ਬਰਤਾਨਵੀਂ ਪੱਧਰ ਦੀ ਮੀਟਿੰਗ ਸੱਦੀ ਗਈ ਜਿਸ ਵਿਚ ਖਾਲਿਸਤਾਨ ਦੀਆਂ ਸਾਰੀਆਂ ਸਰਕਾਰਾਂ ਨੂੰ ਇਕ ਕਰਨ ਦਾ ਵਿਚਾਰ ਸੀ ਸ਼ਾਇਦ। ਇਸ ਮੀਟਿੰਗ ਵਿਚ ਜਸਵੰਤ ਸਿੰਘ ਠੇਕੇਦਾਰ ਸਟੇਜ ਉਤੇ ਬਿਰਾਜਮਾਨ ਸੀ, ਕਿਉਂਕਿ ਹੁਣੇ ਹੁਣੇ ਪੰਜਾਬ ਤੋਂ ਭੇਜਿਆ ਗਿਆ ਸੀ। ਇਕ ਵਿਅਕਤੀ ਨੇ ਠੇਕੇਦਾਰ ਨੂੰ ਸਵਾਲ ਕੀਤਾ, 'ਆਹ ਜਿਹੜਾ ਸਟੇਜ ਉਤੇ ਬੈਠਾ ਹੈ, ਸੁਣਿਆ ਹੈ ਇਸ ਦੇ ਸਿਰ ਦਾ ਮੁੱਲ 90000 ਹੈ ਇਸ ਦੇ ਨਿਆਣੇ ਵੀ ਇਥੇ ਪਹੁੰਚ ਗਏ, ਇਸ ਨੇ ਵਧੀਆ ਘਰ ਵੀ ਲੈ ਲਿਆ ਹੈ ਇਹ ਸਭ ਕਿਸ ਤਰ੍ਹਾਂ ਹੋਇਆ? ਇਹ ਸਾਫ ਕਰੇ?" ਇਸ ਦਾ ਜਵਾਬ ਅਜ ਤੱਕ ਨਹੀਂ ਮਿਲਿਆ ਕਿਉਂਕਿ ਕੁਝ ਕੁ ਪੰਥਕ ਦਰਦੀਆਂ ਨੇ ਬੋਲੇ ਸੋ ਨਿਹਾਲ ਦੇ ਜੈ ਕਾਰੇ ਛੱਡ ਦਿੱਤੇ ਸਨ, ਗੱਲ ਆਈ ਗਈ ਹੋ ਗਈ ਕਿਉਂਕਿ ਸਰਕਾਰਾਂ ਕਈ ਸਨ। ਫਿਰ ਸਰਕਾਰੀਏ ਕੌਣ ਹੋਏ? ਇਸ ਤੋਂ ਜ਼ਾਹਰ ਹੁੰਦਾ ਹੈ ਕਿ ਜੋ ਅਗਾਂਹਵਧੂ ਲੋਕਾਂ ਦੀ ਸੋਚ ਸੀ ਦਰੁਸੱਤ ਸਾਬਤ ਹੋਈ ਕਿ ਇਹ ਫਸਲੀ ਬਟੇਰੇ ਕੇਂਦਰ ਸਰਕਾਰ ਦੀ ਪੈਦਾਵਰ ਹਨ ਜਿਹਨਾਂ ਰਾਹੀਂ ਇੰਦਰਾ ਕਾਂਗਰਸ ਦੀ ਕੇਂਦਰੀ ਹਕੂਮਤ ਮਜ਼ਦੂਰ, ਮਿਹਨਤਕਸ਼ ਜਮਾਤ ਨੂੰ ਧਰਮਾਂ ਦੇ ਆਧਾਰ ਤੇ ਵੰਡ ਕੇ ਆਪਣੇ ਸੌੜੇ ਸਿਆਸੀ ਹਿੱਤਾਂ ਦੀ ਰਖਵਾਲੀ ਕਰੇਗੀ ਅਤੇ ਦੂਜੇ ਪਾਸੇ ਇਹਨਾਂ ਭੁਛੂਆਂ ਦੀ ਇਤਨੀ ਅਕਲ ਨਹੀਂ ਸੀ ਕਿ ਸਰਮਾਏਦਾਰੀ ਹਕੂਮਤ ਦੀ ਚਾਲ ਸਮਝ ਜਾਂਦੇ।

ਜਿਹੜੇ ਸਮਝਦੇ ਸਨ/ਹਨ, ਉਹ ਸਾਮਰਾਜੀਆਂ ਦੇ ਏਜੰਟ ਬਣੇ ਹੋਏ ਸਨ/ਹਨ। ਜਦੋਂ ਅਸੀਂ ਕਹਿੰਦੇ ਹਾਂ ਕਿ ਹਿੰਦੂ ਸਿੱਖ ਮੁਸਲਮਾਨ ਵਾਲੀ ਗੱਲ ਨਹੀਂ ਹੋਣੀ ਚਾਹੀਦੀ।

ਭਾਰਤ ਦੀ ਕੇਂਦਰੀ ਹਕੂਮਤ ਪਾਰਟੀ ਕਾਂਗਰਸ ਪਾਰਟੀ ਹੈ ਉਸਦੀਆਂ ਗਲਤ ਨੀਤੀਆਂ ਦਾ ਵਿਰੋਧ ਕਰਦੇ ਹੋਏ ਕਾਂਗਰਸ ਨੂੰ ਜ਼ਿੰਮੇਵਾਰ ਠਹਿਰਾਓ ਜਿਸ ਵਿਚ ਹਰ ਧਰਮ, ਹਰ ਜਾਤ ਦੇ ਲੋਕ ਹਨ। ਪਰ ਖਾਲਿਸਤਾਨੀਆਂ ਨੇ ਅੱਜ ਤੱਕ ਕਾਂਗਰਸ ਪਾਰਟੀ ਨੂੰ ਦੋਸ਼ੀ ਨਹੀਂ ਕਿਹਾ ਸਿਰਫ ਹਿੰਦੂ ਸਿੱਖ ਵਿਤਕਰੇ ਦਾ ਜ਼ਹਿਰ ਉਛਾਲੀ ਜਾਂਦੇ ਹਨ। ਇਹ ਸਰਕਾਰੀਏ ਨਹੀਂ ਤਾਂ ਹੋਰ ਕੀ ਹਨ?

ਲੋਕਾਂ ਦੀਆਂ ਧਾਰਮਕ ਭਾਵਨਾਵਾਂ ਨਾਲ ਖੇਡਣ ਦਾ ਇਕ ਹੋਰ ਢਕੌਂਚ ਰਚਾਇਆ ਗਿਆ ਜਦੋਂ ਸਵਰਨ ਸਿੰਘ ਵੂਲਵਰਹੈਂਪਟਨ ਦੀ ਅਗਵਾਈ ਵਿਚ ਪੰਜ ਮੈਂਬਰੀ ਸ਼ਹੀਦੀ ਜਥਾ ਭਾਰਤ ਨੂੰ ਭੇਜਣ ਦਾ ਐਲਾਨ ਕੀਤਾ ਗਿਆ। ਲੋਕਾਂ ਤੋਂ ਪੈਸਾ ਇਕੱਠਾ ਕੀਤਾ ਗਿਆ। ਦੋ ਤਾਂ ਤੁਰਨ ਤੋਂ ਪਹਿਲਾਂ ਹੀ ਮੁਕਰ ਗਏ ਜਿਹੜੇ ਗਏ ਉਹ ਰੀਟਰਨ ਟਿਕਟ ਲੈ ਕੇ ਗਏ। ਲੋਕਾਂ ਨੂੰ ਭੜਕਾਹਟ ਵਿਚ ਲਿਆ ਕੇ ਸ਼ਹੀਦੀ ਜਥਾ ਭੇਜਣਾ ਸ਼ਹੀਦੀਆਂ ਦੇਣ ਲਈ ਪਰ ਰੀਟਰਨ ਟਿਕਟ ਤੇ, ਉਹ ਯੋਰਪ ਦੇ ਗੁਰਦੁਆਰਿਆਂ ਵਿਚੋਂ ਪੈਸਾ ਵਟੋਰ ਕੇ ਆ ਗਏ ਸਨ ਜੋ ਅਜੇ ਤੱਕ ਤੁਰੇ ਫਿਰਦੇ ਹਨ। ਅਖੌਤੀ ਖਾਲਿਸਤਾਨੀ ਸਰਕਾਰਾਂ (ਪਤਾ ਨਹੀਂ ਕਿੰਨੀਆਂ ਕੁ ਹਨ) ਵਲੋਂ ਐਲਾਨ ਕੀਤਾ ਗਿਆ ਕਿ ਇਕੁਆਡੋਰ ਦੇਸ਼ ਵਿਚ ਖਾਲਿਸਤਾਨੀ ਅਬੈਂਸੀ ਖੋਲ੍ਹ ਦਿੱਤੀ ਹੈ। ਜਿਸਦੀ ਫੋਟੋ ਤਰਸੇਮ ਦੇ ਪੇਪਰ ਵਿਚ ਦਿੱਤੀ ਗਈ ਸੀ ਜਿਸ ਵਿਚ ਪੰਜ ਛੇ ਆਦਮੀ ਅਤੇ ਗੋਰੀਆਂ ਜਨਾਨੀਆਂ (ਜਿਹਨਾਂ ਕੋਲ ਸ਼ੌਪਿੰਗ ਕਰਦੀਆਂ ਦਾ ਸਮਾਨ ਵੀ ਦਿਖਾਈ ਦਿੰਦਾ ਸੀ) ਗਈਆਂ। ਜਿਸ ਉਸਤਾਦੀ ਨਾਲ ਫਿਰ ਪੈਸਾ ਵਟੋਰਿਆ ਗਿਆ ਕਿ ਇਕੁਆਡੋਰ ਵਿਚ ਸਿੰਘਾਂ (ਖਾਲਿਸਤਾਨੀਆਂ) ਨੂੰ ਜ਼ਮੀਨ ਵੀ ਅਲਾਟ ਕੀਤੀ ਜਾਵੇਗੀ। ਕੀ ਕੋਈ ਹੈ ਜੋ ਜਵਾਬ ਦੇਵੇ ਉਹ ਅਬੈਂਸੀ ਜ਼ਮੀਨ ਦੀ ਅਲਾਟਮੈਂਟ ਕਿਸ ਤਰ੍ਹਾਂ ਚਲ ਰਹੀ ਹੈ। ਅਜ ਤੱਕ ਪਤਾ ਨਹੀਂ ਲੱਗ ਸਕਿਆ ਕਿ ਹੈਗੀ ਅਬੈਂਸੀ ਜਾਂ ਵੇਚ ਦਿੱਤੀ।

ਇਹਨਾਂ ਢੰਡੋਰਚੀਆਂ ਦੀ ਕਮੀਨਗੀਆਂ ਦੀ ਹੱਦ ਹੋ ਗਈ ਜਦੋਂ ਇਹਨਾਂ ਵਲੋਂ ਖਾਲਿਸਤਾਨ ਦੇ ਪਾਸਪੋਰਟ ਪਰਚੇ ਵਿਚ ਕਈ ਮਹੀਨੇ ਦਿਖਾਏ ਜਾਂਦੇ ਰਹੇ। ਨਾਲ ਲਿਖਿਆ ਹੁੰਦਾ, 'ਖਾਲਿਸਤਾਨੀ ਪਾਸਪੋਰਟ ਖਰੀਦ ਕੇ ਆਪਣੇ ਕੋਲ ਰੱਖੋ ਅਤੇ ਆਪਣੇ ਬੱਚਿਆਂ ਨੂੰ ਮਾਣ ਨਾਲ ਇਹ ਦਿਖਾਣ ਦੇ ਭਾਗੀ ਬਣੋ।' ਮੈਂ ਸ਼ਰਤੀਆ ਕਹਿ ਸਕਦਾ ਹਾਂ ਕਿ ਕਿਸੇ ਵੀ ਖਾਲਿਸਤਾਨੀ ਘੜਵੈਲ ਅਤੇ ਗੁੰਮਰਾਹੀਏ (ਪਰ ਇਹ ਜਿੰਨੇ ਕੁ ਹਨ ਸਭ ਘੜਵੈਲ ਹੀ ਹਨ) ਕੋਲ ਬਰਤਾਨਵੀ ਜਾਂ ਹੋਰ ਯੋਰਪੀਅਨ ਸ਼ਹਿਰੀਅਤ ਹੈ। ਜੇ ਬਰਮਿੰਘਮ ਜਾਂ ਸਾਰੇ ਬਰਤਾਨੀਆ ਵਿਚ ਕਿਸੇ ਕੋਲ ਨਾ ਹੋਵੇ ਤਾਂ ਮੈਂ ਉਸਦਾ ਕਦਰਦਾਨ ਹੋਵਾਂਗਾ। ਫਿਰ ਹਿੰਦੁਸਤਾਨ ਦੇ ਕੌਮੀ ਝੰਡੇ ਨੂੰ ਅੱਗ ਲਾਉਣੀ ਬਹਾਦਰੀ ਦੱਸੀ ਜਾਂਦੀ ਰਹੀ ਹੈ ਕਿ ਹਿੰਦੁਸਤਾਨ ਸਾਡਾ ਮੁਲਕ ਨਹੀਂ, ਸਾਡਾ ਮੁਲਕ ਤਾਂ ਖਾਲਿਸਤਾਨ ਹੀ ਹੋਵੇਗਾ। ਪਰ ਕਿਸੇ ਮਾਈ ਦੇ ਲਾਲ ਨੇ ਆਪਣਾ ਯੂਰਪੀਅਨ ਜਾਂ ਭਾਰਤੀ ਪਾਸਪੋਰਟ ਅੱਗ ਦੀ ਭੇਟ ਨਹੀਂ ਕੀਤਾ। ਕਿੰਨਾ ਗੰਦਾ ਮਖੌਲ ਇਹਨਾਂ ਸ਼ੈਤਾਨ ਦੀਆਂ ਟੂਟੀਆਂ ਨੇ ਲੋਕਾਂ ਨਾਲ ਕੀਤਾ। ਇਸੇ ਪ੍ਰਸੰਗ ਵਿਚ 1986 ਸਾਲ ਵਿਚ ਟੈਲੀਵੀਯਨ ਉਤੇ ਅਖੌਤੀ ਖਾਲਿਸਤਾਨੀ ਲੀਡਰਾਂ ਅਤੇ ਸਾਧਾਰਨ ਲੋਕਾਂ ਨਾਲ ਇੰਟਰਵਿਊ ਦਿਖਾਈ ਗਈ ਇਕੋ ਸਵਾਲ ਉਤੇ ਕਿ ਜੇਕਰ ਖਾਲਿਸਤਾਨ ਬਣ ਜਾਵੇ ਤਾਂ ਤੁਸੀਂ ਉਥੇ ਵਾਪਸ ਚਲੇ ਜਾਵੋਗੇ। ਇਸ ਦੇ ਜਵਾਬ ਵਿਚ ਸੌ ਵਿਚੋਂ 88 ਲੋਕਾਂ ਦਾ ਜਵਾਬ ਸੀ ਨਹੀਂ। ਇਥੋਂ ਤੱਕ ਕੈਨੇਡੀਅਨ ਅਮਰੀਕੀ ਹਲਕਾਰਾ ਗੰਗਾ ਸਿੰਘ ਢਿਲੋਂ ਨੇ ਕਿਹਾ, 'ਨਹੀਂ ਮੈਂ ਉਥੇ ਨਹੀਂ ਜਾਵਾਂਗਾ ਪਰ ਬਾਹਰੋਂ ਖਾਲਿਸਤਾਨ ਦੀ ਮੱਦਦ ਕਰਾਂਗਾ।' ਇਥੋਂ ਪਤਾ ਲਗਦਾ ਹੈ ਕਿ ਇਹਨਾਂ ਨਾਲੋਂ ਕੁੱਤਾ ਵੀ ਵਫਾਦਾਰ ਹੈ। ਲੋਕਾਂ ਨੂੰ ਭੜਕਾਇਆ ਹੈ ਕਿ ਸਾਡਾ ਹਿੰਦੁਸਤਾਨ ਵਿਚ ਘਰ ਨਹੀਂ ਆਪ ਕਦੇ ਵੀ ਉਸ ਘਰ ਜਾ ਕੇ ਨਹੀਂ ਰਹਿਣਗੇ।

1987 ਵਿਚ ਸਮੈਦਿਕ ਰਹਿੰਦੇ ਇਕ ਨਿਹਾਇਤ ਸ਼ਰੀਫ ਆਦਮੀ ਦੇ ਬੱਚੇ ਪੰਜਾਬ ਗਏ। ਉਹਨਾਂ ਨੂੰ ਇਕ ਲੱਖ ਰੁਪਏ ਰਕਮ ਦੇਣ ਦੀ ਧਮਕੀ ਪੱਤਰ ਹਰਿਮੰਦਰ ਸਾਹਿਬ ਦੇ 29 ਨੰਬਰ ਕਮਰਾ ਵਿਚੋਂ ਆ ਗਿਆ। ਉਸ ਆਦਮੀ ਨੇ ਇਥੋਂ ਦੇ ਅਖੌਤੀ ਖਾਲਿਸਤਾਨੀ ਲੀਡਰਾਂ ਨੂੰ ਪਹੁੰਚ ਕੀਤੀ ਕਿ ਬੱਚਿਆਂ ਦੀ ਜ਼ਿੰਦਗੀ ਖਤਰੇ ਵਿਚ ਹੈ ਕੋਈ ਚਾਰਾ ਕਰੋ ਮੈਂ ਪੈਸੇ ਭੇਜ ਦਿੰਦਾਂ ਹਾਂ। ਇਹਨਾਂ

(ਬਾਕੀ ਪੰਨਾ 12 'ਤੇ)

ਦੋ ਜਣੇ ਸਾਊਥਾਲ ਗੁਰਦੁਆਰੇ ’ਚ ਹੱਲਾ ਗੁੱਲਾ ਕਰਨ ਦੇ ਕਥਿਤ ਦੋਸ਼ ’ਚ ਅਦਾਲਤੇ

ਸਾਊਥਾਲ — ਬੀਤੇ ਦਿਨੀਂ ਸਾਊਥਾਲ ਦੀ ਪਾਰਕ ਐਵੀਨਿਊ ਤੇ ਸਥਿਤ ਗੁਰਦੁਆਰੇ ’ਚ ਹੱਲਾ ਗੁੱਲਾ ਹੋਇਆ ਸੀ ਤੇ ਇਕ ਪੁਲਸ ਅਫਸਰ ਮਿ: ਹੈਕਰ ਨੂੰ ਗੁਰਦੁਆਰੇ ਢਾਅ ਲਿਆ ਗਿਆ ਸੀ। ਪੁਲਸ ਨੇ ਗੁਰਦੁਆਰੇ ’ਚ ਰਹਿ ਰਹੇ ਦੋ ਵੂਲਵਰਹੈਂਪਟਨੀਆਂ ਨੂੰ ਪਬਲਿਕ ਡਿਸਆਰਡਰ ਦੇ ਤਹਿਤ ਸੈਕਸ਼ਨ 4 ਲਾ ਕੇ ਚਾਰਜ ਕੀਤਾ ਹੈ। ਇਹ ਹਨ ਬਲਵਿੰਦਰ ਸਿੰਘ ਧਨਰਤ ਤੇ ਹਰਵਿੰਦਰ ਪਾਲ ਸਿੰਘ ਉਪਲ। ਇਹਨਾਂ ਤੇ ਗੁਰਦੁਆਰੇ ਵਿਚ ਕਥਿਤ ਤੌਰ ਤੇ ਪਬਲਿਕ ਡਿਸਆਰਡਰ ਕਰਨ ਦਾ ਦੋਸ਼ ਹੈ। ਇਹਨਾਂ ਨੂੰ ਈਲਿੰਗ ਕੋਰਟ ’ਚ ਸੋਮਵਾਰ ਨੂੰ ਸਵੇਰੇ ਪੇਸ਼ ਕੀਤਾ ਗਿਆ ਤੇ ਹੁਣ ਅਗਲੀ ਪੇਸ਼ੀ 3 ਅਕਤੂਬਰ ਦੀ ਹੈ।

ਚਾਕੂ ਖਾਣ ਵਾਲੇ ਦੀ ਹਾਲਤ ਠੀਕ

ਬੀਤੇ ਦਿਨੀਂ ਪਾਰਕ ਐਵੇਨਿਊ ਗੁਰਦੁਆਰੇ ’ਚ ਚਾਕੂ ਚਲਣ ਦੀ ਘਟਨਾ ਵਿਚ ਫਟੜ ਹੋਏ ਅਮਰੀਕ ਸਿੰਘ ਦੀ ਅਪਰੇਸ਼ਨ ਬਾਅਦ ਹਾਲਤ ਠੀਕ ਹੈ ਤੇ ਉਹ ਅਜੇ ਹਸਪਤਾਲ ਵਿਚ ਹੀ ਹੈ। ਚਾਕੂ ਮਾਰਨ ਦੀ ਘਟਨਾ ਦੇ ਸੰਬੰਧ ਵਿਚ ਗ੍ਰਿਫਤਾਰ ਕੀਤੇ ਗਏ ਗਰੰਥੀ ਪ੍ਰੀਤਮ ਸਿੰਘ ਨੂੰ ਵੋਰਨਵੁੱਡ ਸਕਰੱਬਜ ਦੀ ਜੇਲ ਵਿਚ ਰਖਿਆ ਜਾ ਰਿਹਾ ਹੈ ਤੇ ਉਹਨੂੰ ਦੁਬਾਰਾ 23 ਸਤੰਬਰ ਨੂੰ ਪੁਰਾਣੇ ਕਥਿਤ ਦੋਸ਼ ਦੇ ਤਹਿਤ ਈਲਿੰਗ ਅਦਾਲਤ ਵਿਚ ਪੇਸ਼ ਕੀਤਾ ਗਿਆ।

ਦਿੱਲੀ ਲਾਗੇ ਬੰਬ ਫਟਿਆ

ਨਵੀਂ ਦਿੱਲੀ — ਯੂ. ਪੀ. ਦੇ ਗਾਜ਼ੀਆਬਾਦ ਇਲਾਕੇ ਵਿਚੋਂ ਸਾਈਕਲ ਉਤੇ ਦਿੱਲੀ ਨੂੰ ਜਾ ਰਹੇ ਇਕ ਸਿੱਖ ਨੌਜਵਾਨ ਪਾਸ ਬੰਬ ਫਟਣ ਨਾਲ ਨੌਜਵਾਨ ਬੁਰੀ ਤਰ੍ਹਾਂ ਘਾਇਲ ਹੋ ਗਿਆ। ਪੁਲਸ ਦਾ ਕਹਿਣਾ ਹੈ ਕਿ ਇਹ ਕੋਈ ਸ਼ੱਕੀ ਨੌਜਵਾਨ ਸੀ ਜੋ ਦਿੱਲੀ ਵਿਚ ਬੰਬ ਰੱਖਣ ਲਈ ਲੈ ਜਾ ਰਿਹਾ ਸੀ ਉਸ ਪਾਸੋਂ ਇਕ ਬੰਬ ਅਣਚਲਿਆ ਵੀ ਮਿਲਿਆ। ਇਹ ਬੰਬ ਉਹ ਝੋਲੇ ਵਿਚ ਪਾ ਕੇ ਸਾਈਕਲ ਉਤੇ ਜਾ ਰਿਹਾ ਸੀ ਰਾਹ ਵਿਚ ਹੀ ਇਕ ਬੰਬ ਫਟ ਗਿਆ। ਨੌਜਵਾਨ ਗੰਭੀਰ ਜ਼ਖਮੀ ਹਾਲਤ ਵਿਚ ਹਸਪਤਾਲ ਪਿਆ ਹੈ।

‘ਕੈਨੇਡਾ ਦਰਪਣ’ ਦੇ ਪਾਠਕਾਂ ਤੇ ਸਨੇਹੀਆਂ ਨੂੰ ਅਪੀਲ

ਪਿਆਰੇ ਪਾਠਕੋ ਤੇ ਸਨੇਹੀਉ,

ਲੰਘੇ ਕੁਝ ਮਹੀਨਿਆਂ ਤੋਂ ਅਸੀਂ ਕੈਨੇਡਾ ਦਰਪਣ ਆਰਜ਼ੀ ਤੌਰ ਉਪਰ ਪੰਦਰਾਂ ਰੋਜ਼ਾ ਕਰ ਦਿੱਤਾ ਸੀ ਜਿਸ ਦਾ ਕਾਰਨ ਕਈ ਮਜ਼ਬੂਰੀਆਂ ਸਨ। ਸਾਡੇ ਅਨੇਕਾਂ ਪਾਠਕਾਂ ਅਤੇ ਸੁਨੇਹੀਆਂ ਨੇ ਫੋਨ ਕੀਤੇ ਕਿ ਅਸੀਂ ਮੁੜ ਤੋਂ ਇਸ ਨੂੰ ਹਫਤੇਵਾਰ ਕਰੀਏ। ਅਸੀਂ ਪੰਦਰਾਂ ਰੋਜ਼ਾ ਕਰਨ ਦਾ ਫੈਸਲਾ ਜਿਨ੍ਹਾਂ ਕਾਰਨਾਂ ਕਰਕੇ ਕੀਤਾ ਸੀ, ਉਨ੍ਹਾਂ ਵਿਚ ਸਟਾਫ ਦੀ ਕਮੀ ਇਕ ਸੀ।

ਮਿੱਤਰਾਂ ਦੇ ਵਾਰ ਵਾਰ ਕਹਿਣ ਉਪਰ ਅਤੇ ਸਹਾਇਤਾ ਲਈ ਹੁੰਗਾਰਾ ਭਰਨ ਉਪਰ ਅਸੀਂ ਕੈਨੇਡਾ ਦਰਪਣ ਨੂੰ ਮੁੜ ਤੋਂ ਹਫਤੇਵਾਰ ਕਰਨ ਲਈ ਸਹਿਮਤੀ ਪ੍ਰਗਟ ਕਰਦੇ ਹਾਂ ਪਰ ਸਟਾਫ ਦੇ ਵਾਧੇ ਲਈ ਖਰਚਾਂ ਦਾ ਮਸਲਾ ਹੱਲ ਕਰਨਾ ਜ਼ਰੂਰੀ ਹੈ। ਜਿਸ ਲਈ ਬੜੀ ਸ਼ਿੱਦਤ ਨਾਲ ਮਾਇਕ ਸਹਾਇਤਾ ਦੀ ਲੋੜ ਹੈ।

ਇਹ ਠੀਕ ਹੈ ਕਿ ਪੰਦਰਾ ਰੋਜ਼ਾ ਅਖਬਾਰ ਉਹ ਲੋੜਾਂ ਪੂਰੀਆਂ ਨਹੀਂ ਕਰ ਸਕਦਾ ਜੋ ਹਫਤੇਵਾਰ ਅਖਬਾਰ ਕਰ ਸਕਦਾ ਹੈ। ਅਸੀਂ ਇਸ ਦੀ ਲੋੜ ਦਾ ਭਲੀ ਭਾਂਤ ਅਹਿਸਾਸ ਕਰਦੇ ਹਾਂ ਕਿ ਸਾਡੀ ਕਮਿਊਨਿਟੀ ਵਿਚ ਲੋਕਾਂ ਨੂੰ ਜੋੜਨ ਲਈ, ਭਾਰਤ ਦੀ ਏਕਤਾ ਅਖੰਡਤਾ ਲਈ, ਵੱਖਵਾਦ ਦੇ ਵਿਰੋਧ ਲਈ, ਸੰਸਾਰ ਅਮਨ ਲਈ, ਕੈਨੇਡਾ ਅਤੇ ਬੀ. ਸੀ. ਦੇ ਲੋਕਾਂ ਦੀਆਂ ਰਾਜਸੀ, ਸਮਾਜਕ ਤੇ ਆਰਥਕ ਭਾਵਨਾਵਾਂ ਦੀ ਸਹੀ ਸੇਧ ਵਿਚ ਤਰਜਮਾਨੀ ਕਰਨ ਲਈ, ਧਰਮ ਨਿਰਪੱਖਤਾ, ਜਮਹੂਰੀਅਤ, ਸਦਭਾਵਨਾ ਅਤੇ ਮਿਲਵਰਤਨ ਵਰਗੇ ਮਨੁੱਖੀ ਤੇ ਸਦਾਚਾਰਕ ਗੁਣਾਂ ਦੇ ਪੱਖ ਵਿਚ ਖਲੋਣ ਲਈ ਪਾਠਕਾਂ ਨੂੰ ਸੁਝਾਅ ਦੇਣ ਲਈ ਨਿਸਚੇ ਹੀ ਕੈਨੇਡਾ ਦਰਪਣ ਦਾ ਰੋਲ ਹੈ ਜਿਸ ਨੂੰ ਕੈਨੇਡਾ ਭਰ ਵਿਚ ਕੋਈ ਹੋਰ ਅਖਬਾਰ ਹਾਲ ਦੀ ਘੜੀ ਪੂਰਾ ਕਰਨ ਵਾਲਾ ਨਹੀਂ ਹੈ। ਇਹੋ ਹੀ ਨਹੀਂ ਹੋਰਨਾਂ ਲਈ ਅਖਬਾਰਾਂ ਦੇ ਫਿਰਕੂ ਜਨੂੰਨ ਤੇ ਅਤਿਵਾਦੀ-ਵੱਖਵਾਦੀ ਪਰਚਾਰ ਦਾ ਬਾਦਲੀਲ ਉਤਰ ਦੇਣ ਲਈ ਕੈਨੇਡਾ ਦਰਪਣ ਦਾ ਹਫਤੇਵਾਰ ਹੋਣਾ ਜ਼ਰੂਰੀ ਹੈ।

ਅਜਿਹਾ ਕਰਨ ਲਈ ਸਾਡੇ ਬਹੁਤ ਸਾਰੇ ਸਹਿਯੋਗੀਆਂ ਦੇ ਸਹਾਇਤਾ ਕਰਨ ਅਤੇ ਹੌਸਲਾ ਦੇਣ ਉਪਰ ਅਸੀਂ ਅੱਧ ਅਕਤੂਬਰ ਤੋਂ ਕੈਨੇਡਾ ਦਰਪਣ ਨੂੰ ਹਫਤੇਵਾਰ ਕਰਨ ਲੱਗੇ ਹਾਂ। ਇਸ ਲਈ ਸਭਨਾਂ ਪਾਠਕਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਆਪਣਾ ਚੰਦਾ ਅਤੇ ਨਾਲ ਘਟੋ ਘੱਟ ਦੋ ਹੋਰ ਮਿੱਤਰਾਂ ਜਾਂ ਰਿਸ਼ਤੇਦਾਰਾਂ ਦੇ ਚੰਦੇ ਜ਼ਰੂਰ ਭੇਜਣ। ਜਿਹੜੇ ਵੱਧ ਮਾਇਕ ਸਹਾਇਤਾ ਕਰਨ ਦੇ ਸਮਰਥ ਹਨ, ਉਹ ਜ਼ਰੂਰ ਹੀ ਵੱਧ ਤੋਂ ਵੱਧ ਸਹਾਇਤਾ ਤੁਰਤ ਭੇਜਣ।

ਜਦੋਂ ਦਾ ਅਸੀਂ ਕੈਨੇਡਾ ਦਰਪਣ ਦਾ ਪ੍ਰਕਾਸ਼ਨ ਸ਼ੁਰੂ ਕੀਤਾ ਹੈ ਇਹ ਸਾਡੀ ਸਮੂੰਹ ਪਾਠਕਾਂ ਤੱਕ ਪਹਿਲੀ ਖੁੱਲੀ ਅਪੀਲ ਹੈ ਜਿਸਦੇ ਭਰਵੇਂ ਹੁੰਗਾਰੇ ਦੀ ਅਸੀਂ ਜ਼ਰੂਰ ਆਸ ਰੱਖਾਂਗੇ ਕਿ ਜਿਵੇਂ ਤੁਸੀਂ ਪਹਿਲਾਂ ਵੀ ਸਮੇਂ ਸਮੇਂ ਸਹਾਇਤਾ ਕੀਤੀ ਹੈ ਉਸ ਤਰ੍ਹਾਂ ਹੁਣ ਵੀ ਅਸੀਂ ਆਸ ਰੱਖਦੇ ਹਾਂ।

ਏਥੇ ਇਹ ਵੀ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਹਫਤੇਵਾਰ ਹੋਣ ਉਪਰ ਅਸੀਂ ਮੁੜਕੇ ਇਸ ਦੀ ਕੀਮਤ 50 ਸੈਂਟ ਰੱਖ ਰਹੇ ਹਾਂ।

ਅਪੀਲ ਦੇ ਭਰਵੇਂ ਹੁੰਗਾਰੇ ਦੀ ਆਸ ਨਾਲ

ਆਪਦਾ ਧੰਨਵਾਦੀ

ਦਰਸ਼ਨ ਗਿੱਲ

ਛਪਦੇ ਛਪਦੇ : ਉੜੀਸਾ ਦੇ ਡਾਕਟਰਾਂ ਦੀ ਹੜਤਾਲ ਸਮਾਪਤ ਹੋ ਗਈ

ਟੈਲੀਫ਼ੂਨ ਵਾਲਿਆਂ ਦਾ ਵਿਰਲਾਪ

ਕਾਨ੍ਹਪੁਰ — ਖਬਰ ਹੈ ਕਿ ਉਤਰ ਪ੍ਰਦੇਸ਼ ਦੇ ਕਾਨ੍ਹਪੁਰ ਸ਼ਹਿਰ ਵਿਚ ਟੈਲੀਫ਼ੂਨ ਵਾਲੇ ਲੋਕਾਂ ਨੇ ਟੈਲੀਫੋਨ ਕੰਪਨੀ ਦੀਆਂ ਭੈੜੀਆਂ ਸੇਵਾਵਾਂ ਵਿਰੁਧ ਰੋਸ ਪ੍ਰਗਟ ਕਰਨ ਲਈ ਇਕ ਨਵੀਨ ਢੰਗ ਅਪਣਾਇਆ ਦੱਸਿਆ ਗਿਆ ਹੈ ਕਿ ਟੈਲੀਫੋਨ ਵਾਲੇ ਲੋਕਾਂ ਨੇ ਇਕ ਵੱਡਾ ਇਕੱਠ ਕਰਕੇ ਇਕ ਵੱਡਾ ਸਾਰਾ ਲੱਕੜੀ ਦਾ ਟੈਲੀਫੋਨ ਅਰਥੀ ਦੇ ਰੂਪ ਵਿਚ ਮੋਟਰਗੱਡੀ ਉਪਰ ਰੱਖ ਕੇ ਉਸ ਦਾ ਮਾਤਮੀ ਜਲੂਸ ਕੱਢਿਆ। ਟੈਲੀਫੋਨ ਦੀ ਅਰਥੀ ਪਿਛੇ ਜਾ ਰਹੇ ਲੋਕ "ਰਾਮ ਨਾਮ ਸੱਤ ਹੈ" ਦਾ ਸ਼ੋਕਮਈ ਸੁਰਾਂ ਵਿਚ ਅਲਾਪ ਕਰ ਰਹੇ ਸਨ। ਇਹ ਅਰਥੀ ਫੁੱਲਾਂ ਨਾਲ ਢਕੀ ਹੋਈ ਸੀ ਜਿਸ ਨੂੰ ਟੈਲੀਫੋਨ ਐਕਸਚੇਂਜ ਦੇ ਬਾਹਰ ਜਲਾ ਦਿੱਤਾ ਗਿਆ।

ਟੈਲੀਫ਼ੋਨ ਵਾਲੇ ਲੋਕਾਂ ਦੀ ਸ਼ਿਕਾਇਤ ਸੀ ਕਿ ਟੈਲੀਫੋਨ ਮਹਿਕਮਾ, ਉਨ੍ਹਾਂ ਨੂੰ ਗਲਤ ਬਿੱਲ ਭੇਜ ਰਿਹਾ ਹੈ। ਖਰਾਬ ਫੋਨਾਂ ਦੀ ਮੁਰੰਮਤ ਸਮੇਂ ਸਿਰ ਨਹੀਂ ਕੀਤੀ ਜਾਂਦੀ ਅਤੇ ਅਨੇਕਾਂ ਲੋਕਾਂ ਨੂੰ ਸਮੇਂ ਸਿਰ ਫੋਨ ਕੁਨੈਕਸ਼ਨ ਨਹੀਂ ਦਿੱਤੇ ਜਾਂਦੇ। ਇਹ ਤਾਂ ਹਰ ਇਕ ਜਾਣਦਾ ਹੈ ਕਿ ਟੈਲੀਫੋਨ ਦੀ ਸੇਵਾ ਵਿਚ ਸਾਰੇ ਦੇਸ਼ ਵਿਚ ਹੀ ਇਸ ਤਰ੍ਹਾਂ ਦੀਆਂ ਹਜ਼ਾਰਾਂ ਸ਼ਿਕਾਇਤਾਂ ਹਰ ਦਿਨ ਹੁੰਦੀਆਂ ਹਨ। ਲੋਕ ਇਸ ਤਰ੍ਹਾਂ ਦੀ ਭੈੜੀ ਸੇਵਾ ਬਦਲੇ ਲੋਕ ਸਰਕਾਰ ਨੂੰ ਦੋਸ਼ੀ ਕਰਾਰ ਦਿੰਦੇ ਹਨ ਕਿ ਉਹ ਕਰਮਚਾਰੀਆਂ ਨੂੰ ਜ਼ਿੰਮੇਂਵਾਰੀ ਦਾ ਅਹਿਸਾਸ ਕਰਵਾਉਣ ਤੋਂ ਅਸਮਰਥ ਹੈ।

ਦਹਿਸ਼ਤਗਰਦਾਂ ਨਾਲ ਕੋਈ ਗੱਲ ਨਹੀਂ

ਪੰਚਾਇਤ ਚੋਣਾਂ ਦਸੰਬਰ 'ਚ ਕਰਾਉਣ ਦਾ ਐਲਾਨ

ਚੰਡੀਗੜ੍ਹ — ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਆਪਣੇ 21 ਸਤੰਬਰ, ਬੁੱਧਵਾਰ ਦੇ ਪੰਜਾਬ ਦੇ ਇਕ ਦਿਨਾਂ ਦੌਰੇ ਦੇ ਸਫਲ ਪ੍ਰਭਾਵਾਂ ਲਈ ਚਾਰ ਅਹਿਮ ਐਲਾਨ ਕੀਤੇ। ਜੋਧਪੁਰ ਜੇਲ੍ਹ ਵਿਚ ਬੰਦ ਨਜ਼ਰਬੰਦਾਂ ਵਿਚੋਂ 138 ਨੂੰ ਸਦਭਾਵਨਾ ਵਜੋਂ ਮੰਗਲਵਾਰ ਰਾਤ ਨੂੰ ਹੀ ਰਿਹਾਅ ਕਰਵਾ ਦਿੱਤਾ ਗਿਆ — ਪੰਜਾਬ ਮਸਲੇ ਦੇ ਹੱਲ ਲਈ ਦਹਿਸ਼ਤਗਰਦਾਂ ਦੇ ਕਿਸੇ ਗਰੁਪ ਨਾਲ ਵੀ ਗੱਲਬਾਤ ਨਾ ਕਰਨ ਪਰ ਅਪੋਜ਼ੀਸ਼ਨ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਅਕਤੂਬਰ ਦੇ ਸ਼ੁਰੂ ਵਿਚ ਗੱਲਬਾਤ ਕਰਨ ਦਾ ਐਲਾਨ ਕੀਤਾ — ਪੰਜਾਬ ਵਿਚ ਅਸੰਬਲੀ ਚੋਣਾਂ ਤੋਂ ਪਹਿਲਾਂ ਦਸੰਬਰ ਜਾਂ ਜਨਵਰੀ 1989 ਦੇ ਸ਼ੁਰੂ ਵਿਚ ਪੰਚਾਇਤ ਚੋਣਾਂ ਕਰਾਣ ਦਾ ਫੈਸਲਾ ਸੁਣਾਇਆ ਤੇ ਗੋਇੰਦਵਾਲ (ਅੰਮ੍ਰਿਤਸਰ ਦੇ ਲਾਗੇ) ਵਿਖੇ ਕਾਗਜ਼ ਦੀ ਫੈਕਟਰੀ ਦਾ ਉਦਘਾਟਨ ਕਰਦਿਆਂ ਪੰਜਾਬ ਵਿਚ ਹੋਰ ਵੱਡੀ ਸਨਅਤ ਲਾਉਣ ਦੀ ਸ਼ੁਰੂਆਤ ਕੀਤੀ।

ਪ੍ਰਧਾਨ ਮੰਤਰੀ ਨੇ ਆਪਣੇ ਨਿਸਚਿਤ ਪ੍ਰੋਗਰਾਮ ਅਨੁਸਾਰ ਗੋਇੰਦਵਾਲ, ਜੈਤੋ ਅਤੇ ਜਲੰਧਰ ਤਿੰਨ ਅਸਥਾਨਾਂ ਉਤੇ 40-40 ਹਜ਼ਾਰ ਦੇ ਭਾਰੀ ਹਜੂਮਾਂ ਨੂੰ ਸੰਬੋਧਨ ਕੀਤਾ ਭਾਵੇਂ ਕਿ ਇਹਨਾਂ ਵਿਚੋਂ ਬਹੁਤੇ ਲੋਕਾਂ ਨੂੰ ਸਰਕਾਰੀ ਭਾੜੇ ਦੇ ਟਰੱਕਾਂ ਉਤੇ ਲੱਦ ਕੇ ਦੂਰਾਂ ਦੂਰਾਂ ਤੋਂ ਲਿਆਂਦਾ ਗਿਆ ਸੀ। ਧਾਰਮਕ ਜਜ਼ਬਾਤ ਦੇ ਪੁਠਾ ਗੇੜ ਖਾ ਜਾਣ ਦੇ ਡਰੋਂ ਦਰਬਾਰ ਸਾਹਿਬ ਜਾਣ ਦਾ ਪ੍ਰੋਗਰਾਮ ਕੈਂਸਲ ਕੀਤਾ ਗਿਆ। ਉਹਨਾਂ ਦੀ ਰੱਖਿਆ ਲਈ 9 ਹਜ਼ਾਰ ਤੋਂ ਵਾਧੂ ਬਲੈਕ ਕਮਾਂਡੋ, ਪੈਰਾ ਮਿਲਟਰੀ ਤੇ ਪੁਲਸ ਦੇ ਜਵਾਨ ਪੰਜਾਬ ਵਿਚ ਨੀਅਤ ਕੀਤੇ ਗਏ ਸਨ। ਹਰ ਥਾਂ ਉਤੇ ਪ੍ਰਧਾਨ ਮੰਤਰੀ ਨੇ ਕਮਾਂਡੋ ਫੋਰਸ ਦੇ ਸਫੇਦ ਤੇ ਬਾਵਰਦੀ ਜਵਾਨਾਂ ਦੇ ਪਹਿਰੇ ਹੇਠਾਂ ਤਕਰੀਰਾਂ ਕੀਤੀਆਂ। ਆਪਣੇ ਚਾਰ ਸਾਲਾ ਰਾਜ ਦੇ ਦੌਰ ਵਿਚ 1984 ਤੋਂ ਬਾਅਦ ਪ੍ਰਧਾਨ ਮੰਤਰੀ ਦੀ ਇਹ ਪਹਿਲੀ ਪੰਜਾਬ ਫੇਰੀ ਸੀ, ਜਿਸ ਨੂੰ ਸਫਲ ਬਨਾਉਣ ਲਈ ਹਰ ਹੀਲਾ ਵਰਤਿਆ ਗਿਆ। 1988 ਦੀ ਅਜ ਤੱਕ ਦੀ ਪੰਜਾਬ ਦੀ ਹਾਲਤ ਪਿਛਲੇ ਸਾਲਾਂ ਨਾਲੋਂ ਵੱਧ ਗੰਭੀਰ ਇਸ ਲਈ ਹੈ ਕਿਉਂਕਿ ਇੰਨੇ ਲੰਮੇ ਸਮੇਂ ਵਿਚ ਹੀ ਢਾਈ ਹਜ਼ਾਰ ਵਿਅਕਤੀ ਕਤਲ ਹੋ ਚੁਕੇ ਹਨ ਜਿਹਨਾਂ ਵਿਚੋਂ ਵਧੇਰੇ ਗਿਣਤੀ ਸਿੱਖਾਂ ਦੀ ਹੈ।

ਸਭ ਤੋਂ ਪਹਿਲਾਂ ਰਾਜੀਵ ਗਾਂਧੀ ਗੋਇੰਦਵਾਲ ਪਹੁੰਚੇ ਜਿਥੇ ਉਹਨਾਂ ਕਾਗਜ਼ ਦੀ ਫੈਕਟਰੀ ਦਾ ਉਦਘਾਟਨ ਕੀਤਾ। ਇਸ ਫੈਕਟਰੀ ਵਿਚ ਗੰਨੇ ਦੇ ਪੀੜ ਤੋਂ ਕਾਗਜ਼ ਬਣਾਇਆ ਜਾਏਗਾ। ਦੋ ਸਾਲਾਂ ਦੇ ਸਮੇਂ ਵਿਚ ਇਹ ਫੈਕਟਰੀ ਕੰਮ ਸ਼ੁਰੂ ਕਰ ਦੇਵੇਗੀ ਤੇ 1500 ਲੋਕਾਂ ਨੂੰ ਰੁਜ਼ਗਾਰ ਦੇਵੇਗੀ। ਇਸ ਦੇ ਨਾਲ ਹੀ ਉਹਨਾਂ ਪੈਪਸੀ ਪਲਾਂਟ ਵੀ ਪੰਜਾਬ ਵਿਚ ਹੀ ਲਾਉਣ ਦਾ ਐਲਾਨ ਕੀਤਾ। ਇਹ ਪਲਾਂਟ ਹੁਸ਼ਿਆਰਪੁਰ ਜਾਂ ਕਪੂਰਥਲੇ ਲਾਗੇ ਲਗੇਗਾ ਤੇ ਪੜਾਵਾਰ ਸ਼ੁਰੂ ਹੋ ਕੇ ਜਿਉਂ ਜਿਉਂ ਇਸ ਦੀ ਸਮਰਥਾ ਵਧੇਗੀ ਇਹ ਪਲਾਂਟ ਹਰੇ ਇਨਕਲਾਬ ਨੂੰ ਹੋਰ ਗੂੜ੍ਹਾ-ਕਰੇਗਾ। ਪਰ ਇਸ ਦੀ ਮੁੱਖ ਮਾਲਕੀ ਬਹੁਕੌਮੀ ਕਾਰਪੋਰੇਸ਼ਨਾਂ ਦੇ ਕੰਟਰੋਲ ਵਿਚ ਹੋਵੇਗੀ।

ਜੈਤੋ ਅਤੇ ਜਲੰਧਰ ਦੇ ਇਲਾਕੇ ਵਿਚ ਪ੍ਰਧਾਨ ਮੰਤਰੀ ਨੇ ਪੰਜਾਬ ਦੇ ਸਿਆਸੀ ਮਾਹੌਲ ਨੂੰ ਨਿਖਾਰਨ ਦਾ ਯਤਨ ਕਰਦਿਆਂ ਐਲਾਨ ਕੀਤਾ ਕਿ ਸਰਕਾਰ ਉਹਨਾਂ ਦਹਿਸ਼ਤਗਰਦ ਗਰੁੱਪਾਂ ਨਾਲ ਬਿਲਕੁਲ ਗੱਲ ਨਹੀਂ ਕਰੇਗੀ ਜਿਹੜੇ ਬੰਦੂਕ ਦੀ ਗੋਲੀ ਨਾਲ ਮਸਲਾ ਹੱਲ ਕਰਨਾ ਚਾਹੁੰਦੇ ਹਨ। ਜਿਹੜੇ ਬਦੇਸ਼ੀ ਤਾਕਤਾਂ ਦੇ ਹੱਥ ਠੋਕੇ ਬਣ ਕੇ ਪੰਜਾਬ ਨੂੰ ਦੇਸ਼ ਨਾਲੋਂ ਵੱਖ ਕਰਨ ਦੀ ਗੱਲ ਕਰਦੇ ਹਨ। ਸਰਕਾਰ ਮਸਲੇ ਨੂੰ ਸ਼ਾਂਤੀ ਪੂਰਬਕ ਗੱਲਬਾਤ ਨਾਲ ਹੱਲ ਕਰੇਗੀ। ਅਪੋਜ਼ੀਸ਼ਨ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਗੱਲਬਾਤ ਲਈ ਅਕਤੂਬਰ ਦੇ ਸ਼ੁਰੂ ਵਿਚ ਦਿੱਲੀ ਸੱਦਣ ਦਾ ਉਹਨਾਂ ਇਸ਼ਾਰਾ ਦਿੱਤਾ। ਅਕਾਲੀ ਦਲਾਂ ਦੇ ਨਾਂ ਲਏ ਬਿਨਾਂ ਉਹਨਾਂ ਕਿਹਾ ਕਿ ਸਭ ਤੋਂ ਵੱਡੀ ਮੁਸ਼ਕਲ ਤਾਂ ਇਹ ਹੈ ਕਿ ਸਰਕਾਰ ਗੱਲ ਕਿਸ ਨਾਲ ਕਰੇ। ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਗੱਲਬਾਤ ਕਰਕੇ ਮਸਲਾ ਨਿਪਟਾ ਦਿੱਤਾ ਗਿਆ ਸੀ ਪਰ ਉਹਨਾਂ ਦਾ ਕਤਲ ਕਰਕੇ ਅਕਾਲੀਆਂ ਨੇ ਦੂਰ ਦ੍ਰਿਸ਼ਟੀ ਵਾਲੇ ਲੀਡਰ ਨੂੰ ਹਥੋਂ ਗਵਾ ਲਿਆ। ਗੱਲਬਾਤ ਲਈ ਸਰਕਾਰ ਹੁਣ ਵੀ ਤਿਆਰ ਹੈ ਪਰ ਪਹਿਲਾਂ ਗੱਲਬਾਤ ਲਈ ਸ਼ਾਂਤ ਮਾਹੌਲ ਦੀ ਜ਼ਰੂਰਤ ਹੈ। ਗੱਲਬਾਤ ਲਈ ਹਾਂ ਕਰਨ ਦਾ ਅਰਥ ਇਹ ਨਹੀਂ ਕਿ ਸਰਕਾਰ ਬੰਦੂਕਾਂ ਅੱਗੇ ਝੁਕੇਗੀ। ਹਿੰਸਾ ਫੈਲਾਉਣ ਵਾਲਿਆਂ ਨਾਲ ਜਿਵੇਂ ਪਹਿਲਾਂ ਸਖਤੀ ਨਾਲ ਨਿਪਟਿਆ ਗਿਆ ਹੈ ਉਸ ਤਰ੍ਹਾਂ ਨਿਪਟਿਆ ਜਾਵੇਗਾ। ਅਪੋਜ਼ੀਸ਼ਨ ਪਾਰਟੀਆਂ ਦੇ ਰੋਲ ਨੂੰ ਪ੍ਰਧਾਨ ਮੰਤਰੀ ਨੇ ਸਲਾਹਿਆ ਅਤੇ ਉਹਨਾਂ ਵਲੋਂ ਕੀਤੀਆਂ ਅਪੀਲਾਂ ਦੇ ਆਧਾਰ ਉਤੇ ਉਹਨਾਂ ਨੂੰ ਗੱਲਬਾਤ ਕਰਨ ਦਾ ਸੱਦਾ ਦੇਣ ਦਾ ਦਾਅਵਾ ਕੀਤਾ।

ਪੰਚਾਇਤ ਚੋਣਾਂ

ਜਲੰਧਰ ਦੇ 50 ਹਜ਼ਾਰ ਦੇ ਇਕੱਠ ਜਿਸ ਵਿਚ ਬਹੁ ਗਿਣਤੀ ਸਿੱਖਾਂ ਦੀ ਸੀ, ਨੂੰ ਸੰਬੋਧਨ ਕਰਦਿਆਂ ਰਾਜੀਵ ਗਾਂਧੀ ਨੇ ਕਿਹਾ ਕਿ ਕੇਂਦਰ ਸਰਕਾਰ ਰਾਜ ਪ੍ਰਬੰਧ ਲੋਕਾਂ ਦੇ ਚੁਣੇ ਨੁਮਾਇੰਦਿਆਂ ਨੂੰ ਸੌਂਪਣਾ ਚਾਹੇਗੀ ਪਰ ਇਸ ਤੋਂ ਪਹਿਲਾਂ ਕਿ ਅਸੰਬਲੀ ਚੋਣਾਂ ਹੋਣ, ਰਾਜ ਵਿਚ ਪਹਿਲਾਂ ਪੰਚਾਇਤ ਚੋਣਾਂ ਕਰਾਈਆਂ ਜਾਣਗੀਆਂ ਤਾਂ ਜੋ ਹੇਠਲੀ ਪੱਧਰ ਉਤੇ ਆਪਣੀਆਂ ਜ਼ਿਮੇਂਵਾਰੀਆਂ ਨੂੰ ਪਛਾਨਣ ਦਾ ਯਤਨ ਕਰਨ। ਪ੍ਰਧਾਨ ਮੰਤਰੀ ਦੇ ਇਸ ਐਲਾਨ ਉਤੇ ਟਿੱਪਣੀ ਕਰਦਿਆਂ ਕਾਂਗਰਸੀ ਹਲਕਿਆਂ ਦਾ ਕਹਿਣਾ ਹੈ ਕਿ ਪੰਚਾਇਤ ਚੋਣਾਂ ਇਸ ਸਾਲ ਦੇ ਅੰਤ ਤੱਕ ਹੋ ਜਾਣਗੀਆਂ ਜੇਕਰ ਹਾਲਾਤ ਸੁਖਾਵੇਂ ਨਾ ਵੀ ਹੋਏ ਤਾਂ ਵੀ ਜਨਵਰੀ 1989 ਵਿਚ ਇਹ ਚੋਣਾਂ ਜ਼ਰੂਰ ਹੋ ਜਾਣਗੀਆਂ।

ਰਾਜਸੀ ਪ੍ਰਤੀਕਰਮ

ਰਾਜਧਾਨੀ ਦਿੱਲੀ ਦੇ ਰਾਜਸੀ ਹਲਕਿਆਂ ਨੇ ਪ੍ਰਧਾਨ ਮੰਤਰੀ ਦੇ ਇਸ ਪੰਜਾਬ ਦੌਰੇ ਨੂੰ ਸਫਲ ਦੌਰਾ ਕਰਾਰ ਦਿੱਤਾ ਪਰ ਅਪੋਜ਼ੀਸ਼ਨ ਦਾ ਕਹਿਣਾ ਹੈ ਕਿ ਉਹਨਾਂ ਕੇਵਲ ਸਦਭਾਵਨਾ ਦਿਖਾਈ ਹੈ। ਅਪੋਜ਼ੀਸ਼ਨ ਨੂੰ ਗੱਲਬਾਤ ਦਾ ਸੱਦਾ ਦੇਣਾ ਵੀ ਸਵਾਗਤ ਯੋਗ ਹੈ ਪਰ ਪ੍ਰਧਾਨ ਮੰਤਰੀ ਨੇ ਪੰਜਾਬ ਮਸਲੇ ਦੇ ਸਿਆਸੀ ਹੱਲ ਨੂੰ ਫਿਰ ਵੀ ਲਟਕਾਇਆ ਹੈ ਅਤੇ ਪਤਾ ਨਹੀਂ ਹੁਣ ਉਹ ਕਿਸ ਸੌਦੇ ਦੀ ਉਡੀਕ ਵਿਚ ਹਨ ਤੇ ਕਦੋਂ ਕੋਈ ਸਿਆਸੀ ਫੈਸਲਾ ਸੁਨਾਉਣਗੇ।

ਬੰਬ ਧਮਾਕਿਆਂ ਦਾ ਭੇਤ ਮਿਲ ਗਿਆ

ਜ਼ਿਲਾ ਰੋਪੜ 'ਚੋਂ ਹੀ ਸਪਲਾਈ ਹੋਏ

ਚੰਡੀਗੜ੍ਹ — ਜੈਤੋਂ ਵਿਚ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਆਮਦ ਨੂੰ ਧਿਆਨ ਵਿਚ ਰੱਖਦਿਆਂ ਦੋ ਹਫਤੇ ਗ੍ਰਿਫਤਾਰੀਆਂ ਦਾ ਜੋ ਚਕਰ ਚਲਿਆ ਉਸ ਦੌਰਾਨ ਗ੍ਰਿਫਤਾਰ ਮੁੰਡਿਆਂ ਪਾਸੋਂ ਹੈਰਾਨੀ ਭਰੇ ਭੇਤ ਮਿਲੇ ਹਨ। ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਬਕ ਜਨਰਲ ਸਕੱਤਰ ਅਤੇ ਮੌਜੂਦਾ ਦਫਤਰ ਸਕੱਤਰ ਇੰਦਰਜੀਤ ਸਿੰਘ ਰਤਨਗੜ੍ਹ ਦੀ ਗ੍ਰਿਫਤਾਰੀ ਲਈ ਕਈ ਛਾਪੇ ਮਾਰੇ ਗਏ ਪਰ ਉਹ ਫੜਿਆ ਨਹੀਂ ਗਿਆ। ਪਿੰਡ ਰਤਨਗੜ੍ਹ ਵਿਚੋਂ ਹੀ ਇਕ ਨੌਜਵਾਨ ਜਸਬੀਰ ਸਿੰਘ ਉਰਫ ਨਿੱਕੂ ਨੂੰ ਫੜਿਆ ਗਿਆ। ਹਰਿਆਣਾ ਤੇ ਪੰਜਾਬ ਪੁਲਸ ਨੇ ਜ਼ਿਲਾ ਰੋਪੜ ਤੇ ਪਟਿਆਲਾ ਦੇ ਕਈ ਥਾਵਾਂ ਉਤੇ ਇਕੱਠਿਆਂ ਛਾਪੇ ਮਾਰੇ। ਪੰਜਾਬ ਤੇ ਹਰਿਆਣੇ ਵਿਚ ਪਿਛਲੇ ਦਿਨਾਂ 'ਚ ਹੋਏ ਬੰਬ ਧਮਾਕਿਆਂ ਸੰਬੰਧੀ ਪੁਲਸ ਨੂੰ ਕੁਝ ਭੇਤ ਮਿਲੇ ਹਨ। ਰੋਪੜ ਦੇ ਇਕ ਖਾਸ ਦਹਿਸ਼ਤਗਰਦ ਦੀ ਭਾਲ ਜਾਰੀ ਹੈ। ਜਿਸਨੂੰ ਦਹਿਸ਼ਤਗਰਦਾਂ ਦੇ ਹਲਕਿਆਂ ਵਿਚ ਗੁਪਤਾ ਕਹਿ ਕੇ ਸੱਦਿਆ ਜਾਂਦਾ ਹੈ। ਉਹ ਸਿੱਖ ਸੀ ਪਰ ਹੁਣ ਮੋਨਾ ਹੈ। ਇਹ ਗੁਪਤਾ ਹੀ ਦਹਿਸ਼ਤਗਰਦਾਂ ਨੂੰ ਬੰਬ ਸਪਲਾਈ ਕਰਦਾ ਸੀ ਤੇ ਬੰਬ ਬਨਾਉਣਾ ਸਿਖਾਂਦਾ ਸੀ। ਦੱਸਿਆ ਗਿਆ ਹੈ ਕਿ ਜਿਥੇ ਜਿਥੇ ਵੀ ਬੰਬ ਧਮਾਕੇ ਹੋਏ ਉਹ ਜ਼ਿਲਾ ਰੋਪੜ ਦੇ ਠਿਕਾਣਿਆਂ ਤੋਂ ਹੀ ਸਪਲਾਈ ਕੀਤੇ ਗਏ ਸਨ। ਮਾਰੇ ਗਏ ਮਨਬੀਰ ਸਿੰਘ ਦਾ ਇਕ ਸਾਥੀ ਦਵਿੰਦਰ ਸਿੰਘ ਅਜ ਕਲ ਜ਼ਖਮੀ ਹਾਲਤ ਵਿਚ ਪੀ ਜੀ ਆਈ ਵਿਚ ਇਲਾਜ ਕਰਵਾ ਰਿਹਾ ਹੈ। ਦੇਵਿੰਦਰ ਸਿੰਘ ਪਾਸੋਂ ਪੁਲਸ ਨੂੰ ਮਹੱਤਵਪੂਰਨ ਜਾਣਕਾਰੀ ਮਿਲੀ ਹੈ।

ਬਰਮਾ 'ਚ ਫੌਜ ਹੱਥੋਂ ਭਾਰੀ ਖ਼ੂਨ ਖਰਾਬਾ

ਮਾਰਸ਼ਲ-ਲਾਅ ਲਾਗੂ, ਫਿਰ ਤੋਂ ਫੌਜ ਕਾਬਜ਼

ਰੰਗੂਨ — ਭਾਰਤ ਦੇ ਪੂਰਬ ਵਿਚ ਬਰਮਾ ਦੇਸ਼ ਖਾਨਾ ਜੰਗੀ ਦਾ ਸ਼ਿਕਾਰ ਹੋ ਗਿਆ ਹੈ। ਫੌਜ ਨੇ ਇਕ ਵਾਰ ਫਿਰ ਲੋਕਾਂ ਦੀ ਬਗਾਵਤ ਨੂੰ ਬੰਦੂਕ ਦੀ ਗੋਲੀ ਅਤੇ ਟੈਂਕਾਂ ਹੇਠਾਂ ਦੱਬ ਦਿੱਤਾ ਹੈ ਅਤੇ ਮੁੜ ਫੌਜੀ ਜੁੰਡੀ ਦੀ ਸਰਕਾਰ ਕਾਇਮ ਕਰ ਲਈ ਹੈ ਜਿਸ ਵਿਚ 9 ਫੌਜੀ ਜਰਨੈਲਾਂ ਉਤੇ ਆਧਾਰਤ ਕੈਬਨਿਟ ਬਣਾ ਦਿੱਤੀ ਗਈ ਹੈ। ਜਿਸ ਵਿਚ ਇਕ ਸਿਵਲੀਅਨ ਵੀ ਹੈ। ਰੋਹ ਭਰੇ ਲੋਕਾਂ ਦੇ ਮੁਜ਼ਾਹਰਿਆਂ ਨੂੰ ਰੋਕਣ ਲਈ ਹਜ਼ਾਰਾਂ ਲੋਕਾਂ ਦਾ ਖ਼ੂਨ ਵਹਾ ਦਿੱਤਾ ਗਿਆ। ਰੰਗੂਨ ਦੀਆਂ ਸੜਕਾਂ ਉਤੇ ਟੈਂਕ ਤੋੜ ਦਿੱਤੇ ਗਏ ਅਤੇ ਮਾਰਸ਼ਲ ਲਾਅ ਲਾ ਦਿੱਤਾ ਗਿਆ। ਇਕੱਲੇ ਰੰਗੂਨ ਸ਼ਹਿਰ ਵਿਚ 400 ਵਿਅਕਤੀ ਇਕ ਦਿਨ ਵਿਚ ਮਾਰੇ ਗਏ। ਖਬਰ ਹੈ ਕਿ ਵਿਰੋਧੀ ਪਾਰਟੀਆਂ ਵਿਦਿਆਰਥੀਆਂ ਤੇ ਬੋਧੀ ਭਿਖਸ਼ੂਆਂ ਦੇ ਲੀਡਰ ਅੰਡਰਗਰਾਊਂਡ ਚਲੇ ਗਏ ਹਨ ਜਾਂ ਗਵਾਂਢੀ ਦੇਸ਼ਾਂ ਵਿਚ ਚਲੇ ਗਏ ਹਨ। ਫੌਜ ਨੇ ਇਹ ਕਦਮ ਉਸ ਸਮੇਂ ਉਠਾਇਆ ਜਦੋਂ ਅਪੋਜ਼ੀਸ਼ਨ ਪਾਰਟੀਆਂ ਨੇ ਇਤਿਹਾਦ ਕਰਕੇ ਸਾਬਕ ਪ੍ਰਧਾਨ ਮੰਤਰੀ 75 ਸਾਲਾ ਊ-ਨੂੰ ਦੀ ਅਗਵਾਈ ਵਿਚ ਮਤਵਾਜ਼ੀ ਸਰਕਾਰ ਬਣਾ ਲਈ। ਫੌਜ ਨੇ ਮੁੜ ਰਾਜ ਪਲਟਾ ਕਰਨ ਬਾਅਦ ਨੇਵੀ ਅਤੇ ਏਅਰਫੋਰਸ ਦੇ ਅਨੇਕਾਂ ਬਾਗੀ ਜਰਨੈਲਾਂ ਨੂੰ ਕੈਦੀ ਬਣਾ ਲਿਆ।

ਰੋਹ ਭਰੇ ਲੋਕਾਂ ਨੇ ਰੰਗੂਨ ਵਿਚ ਜਦੋਂ ਅਮਰੀਕਨ ਦੂਤਾਵਾਸ ਅੱਗੇ ਮੁਜਾਹਰਾ ਕੀਤਾ ਤਾਂ ਫੌਜਾਂ ਨੇ ਇਸ ਥਾਂ ਭਾਰੀ ਖ਼ੂਨ ਡੋਲ੍ਹਿਆ। ਰੰਗੂਨ ਤੋਂ ਇਲਾਵਾ ਮਾਂਡਲੇ ਤੇ ਦੂਸਰੇ ਸ਼ਹਿਰਾਂ ਵਿਚ ਵੀ ਮੁਜ਼ਾਹਰਾਕਾਰੀਆਂ ਦੀਆਂ ਮੌਤਾਂ ਹੋਈਆਂ। ਜਿਹਨਾਂ ਦੀਆਂ ਲਾਸ਼ਾਂ ਨੂੰ ਬਾਜ਼ਾਰਾਂ ਵਿਚੋਂ ਘਸੀਟ ਕੇ ਲੋਕ ਆਪਣੇ ਘਰਾਂ ਵਿਚ ਲੈ ਜਾਂਦੇ ਰਹੇ।

ਨਵੀਂ ਸਰਕਾਰ ਦੀ ਮੁਖੀ ਜਨਰਲ ਸਾਅ ਮੁੰਗ ਨੂੰ ਹੀ ਸਮਝਿਆ ਜਾ ਰਿਹਾ ਹੈ ਪੱਛਮੀ ਹਲਕਿਆਂ ਅਨੁਸਾਰ ਅਪੋਜ਼ੀਸ਼ਨ ਦੀ ਹਮਾਇਤ ਵਿਚ ਲੋਕਾਂ ਨੇ ਗਲੀਆਂ ਬਾਜ਼ਾਰਾਂ ਵਿਚ ਤਲਵਾਰਾਂ ਨੇਜ਼ਿਆਂ ਨਾਲ ਫੌਜ ਦਾ ਮੁਕਾਬਲਾ ਕੀਤਾ। ਪੱਛਮੀ ਹਲਕਿਆਂ ਨੇ ਦੱਸਿਆ ਹੈ ਕਿ ਅਪੋਜ਼ੀਸ਼ਨ ਦਾ ਊ-ਨੂੰ ਗਰੁੱਪ ਪੁਰ ਅਮਨ ਢੰਗ ਨਾਲ ਸਰਕਾਰ ਬਦਲਣਾ ਚਾਹੁੰਦਾ ਸੀ ਜਦੋਂ ਕਿ ਦੂਸਰੇ ਗਰੁੱਪ ਹਿੰਸਾ ਦਾ ਵਿਖਾਵਾ ਵੀ ਕਰਦੇ ਸਨ। ਅਪੋਜ਼ੀਸ਼ਨ ਦੀ ਕਿਸੇ ਖਾਸ ਸੇਧ ਵਿਚ ਅਗਵਾਈ ਨਾ ਹੋਣ ਕਾਰਨ ਇਹ ਇਨਕਲਾਬ ਕੁਚਲਿਆ ਗਿਆ। ਬਰਤਾਨੀਆ ਸਮੇਤ ਦੁਨੀਆਂ ਦੇ ਬਹੁਤੇ ਦੇਸ਼ਾਂ ਤੇ ਸਰਕਾਰਾਂ ਨੇ ਬਰਮਾ ਵਿਚ ਮੁੜ ਫੌਜੀ ਰਾਜ ਪਲਟੇ ਦੀ ਨਿਖੇਧੀ ਕੀਤੀ ਹੈ।

ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟ੍ਰਸਟ (ਕੈਨੇਡਾ) ਵਲੋਂ ਪੰਜਾਬੀ ਕਹਾਣੀਕਾਰ ਤੇ ਫ਼ਿਲਮ ਨਿਰਦੇਸ਼ਕ ਜਗਜੀਤ ਦਾ ਸਨਮਾਨ

ਵੈਨਕੂਵਰ — ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟ੍ਰਸਟ(ਕੈਨੇਡਾ) ਵਲੋਂ 17 ਸਤੰਬਰ, 1988 ਨੂੰ ਮੋਬਰਲੀ ਕਮਿਊਨਿਟੀ ਸੈਂਟਰ ਵਿਚ ਸ਼ਾਮ ਦੇ ਦੋ ਵਜੇ ਪੰਜਾਬੀ ਕਲਚਰਲ ਪ੍ਰੋਗਰਾਮ ਸਮੇਂ ਪੰਜਾਬੀ ਦੇ ਪ੍ਰਸਿਧ ਕਹਾਣੀਕਾਰ ਅਤੇ ਪੰਜਾਬੀ ਫਿਲਮਾਂ ਦੇ ਨਿਰਦੇਸ਼ਕ ਜਗਜੀਤ ਦਾ ਸਨਮਾਨ ਕੀਤਾ ਗਿਆ। ਟ੍ਰਸਟ ਦੇ ਜਨਰਲ ਸਕੱਤਰ ਸ੍ਰੀ ਦਰਸ਼ਨ ਗਿੱਲ ਨੇ ਜਗਜੀਤ ਨੂੰ ਪੰਜ ਸੌ ਡਾਲਰ ਦਾ ਚੈੱਕ ਅਤੇ ਪਲੇਕ ਭੇਂਟਾ ਕੀਤਾ। ਲੋਕ ਕਲਾ ਮੰਚ ਵੈਨਕੂਵਰ ਵਲੋਂ ਪ੍ਰਸਿਧ ਪੰਜਾਬੀ ਗਾਇਕ ਸ੍ਰੀ ਸੁਰਿੰਦਰ ਬੈਂਸ ਨੇ ਪਲੇਕ ਭੇਂਟ ਕਰਕੇ ਸ੍ਰੀ ਜਗਜੀਤ ਦਾ ਅਭਿਨੰਦਨ ਕੀਤਾ।

ਸ੍ਰੀ ਦਰਸ਼ਨ ਗਿੱਲ ਨੇ ਸਰੋਤਿਆਂ ਨੂੰ ਦੱਸਿਆ ਕਿ ਜਗਜੀਤ ਨੇ ਜਿਥੇ ਵਧੀਆ ਫਿਲਮਾਂ ਦਾ ਨਿਰਮਾਣ ਕੀਤਾ ਹੈ ਉਥੇ ਪੰਜਾਬੀ ਕਹਾਣੀ-ਕਲਾ ਵਿਚ ਵੀ ਜਗਜੀਤ ਦਾ ਨਿਵੇਕਲਾ ਸਥਾਨ ਹੈ। 'ਮਿਠੀ ਹਵਾ ਦਾ ਬੁੱਲਾ' ਵਰਗੀਆਂ ਕਹਾਣੀਆਂ ਉਸਦੀ ਕਹਾਣੀ-ਕਲਾ ਦਾ ਸਿਖਰ ਹਨ ਜਿਨ੍ਹਾਂ ਵਿਚ ਉਸ ਨੇ ਪੰਜਾਬ ਦੀ ਤ੍ਰਾਸਦੀ ਦਾ ਹੱਲ ਦੱਸਦਿਆਂ ਹਿੰਦੂ-ਸਿੱਖ ਏਕਤਾ ਉਤੇ ਜ਼ੋਰ ਦਿੱਤਾ ਹੈ। ਸ੍ਰੀ ਦਰਸ਼ਨ ਗਿੱਲ ਨੇ ਕਿਹਾ ਕਿ ਪੰਜਾਬੀ ਡਰਾਮੇ ਨੂੰ ਪ੍ਰਫੁਲਤ ਕਰਨ ਵਿਚ ਜਗਜੀਤ ਨੇ ਫਿਲਮਾਂ ਕਲਾਕਾਰਾਂ — ਰਮਾ ਵਿਜ, ਦਲਜੀਤ ਕੌਰ, ਸ਼ਾਲਿਨੀ ਸਿੰਘ — ਆਦਿ ਨੂੰ ਡਰਾਮਿਆਂ ਦੀਆਂ ਸਟੇਜਾਂ ਉਤੇ ਮੁੜ ਲੈ ਆਂਦਾ ਹੈ। ਟੀ. ਵੀ. ਲਈ ਜਗਜੀਤ ਪੰਜਾਬੀ ਦੀਆਂ ਤੇਰਾਂ ਪ੍ਰਸਿਧ ਕਹਾਣੀਆਂ ਉਤੇ ਫਿਲਮੀ ਸਕ੍ਰਿਪਟ ਤਿਆਰ ਕਰੀ ਬੈਠਾ ਹੈ। ਅਜਮੇਰ ਔਲਖ ਵਰਗੇ ਨਾਟਕਕਾਰ ਦੇ ਡਰਾਮੇ ਵੀ ਬੰਬਈ ਦੇ ਦਰਸ਼ਕਾਂ ਸਾਹਮਣੇ ਜਗਜੀਤ ਨੇ ਹੀ ਲਿਆਂਦੇ ਹਨ।

ਇਸ ਸਨਮਾਨ ਸਮੇਂ ਦੀਦਾਰ ਸੰਧੂ ਨੇ ਆਪਣੇ ਸਾਹਿਤਕ ਗੀਤਾਂ ਦੀ ਪੇਸ਼ਕਾਰੀ ਕੀਤੀ। ਪ੍ਰਸਿਧ ਪੰਜਾਬੀ ਫਿਲਮ ਐਕਟ੍ਰੈਸ ਦਲਜੀਤ ਕੌਰ ਨੇ ਜਗਜੀਤ ਨਾਲ 'ਇਕ ਹੋਰ ਰਮਾਇਣ' (ਨਾਟਕਕਾਰ ਔਲਖ) ਦਾ ਇਕ ਸਕਿੱਟ ਪੇਸ਼ ਕੀਤਾ। ਸਟੇਜ ਦਾ ਪ੍ਰਬੰਧ ਸਰੂਪ ਪਰਿੰਦਾ ਨੇ ਸੰਭਾਲਿਆ। ਪੰਜਾਬ ਕਲਚਰਲ ਟਰੁੱਪ ਦੇ ਬਾਕੀ ਸਾਰੇ ਕਲਾਕਾਰਾਂ ਨੇ ਵੀ ਸਰੋਤਿਆਂ ਦਾ ਢਾਈ ਘੰਟੇ ਮਨੋਰੰਜਨ ਕੀਤਾ।



ਟ੍ਰਸਟ ਦੇ ਸਕੱਤਰ ਸ੍ਰੀ ਦਰਸ਼ਨ ਗਿੱਲ ਜਗਜੀਤ ਨੂੰ ਚੈੱਕ ਭੇਂਟ ਕਰਦੇ ਹੋਏ



ਲੋਕ ਕਲਾ ਕੇਂਦਰ ਵਲੋਂ ਸੁਰਿੰਦਰ ਬੈਂਸ ਜਗਜੀਤ ਨੂੰ ਸਨਮਾਨਤ ਕਰ ਰਹੇ

ਪੰਜਾਬੀ ਲੇਖਕ ਮੰਚ ਵੈਨਕੂਵਰ ਵਲੋਂ ਨਾਵਲ 'ਮਲੂਕਾ' ਦੇ ਕਰਤਾ ਸ: ਸਾਧੂ ਸਿੰਘ ਧਾਮੀ ਦਾ ਸੁਆਗਤ

ਵੈਨਕੂਵਰ — ਪੰਜਾਬੀ ਲੇਖਕ ਮੰਚ ਵਲੋਂ ਆਪਣੀ ਇਕ ਵਿਸ਼ੇਸ਼ ਮੀਟਿੰਗ ਵਿਚ ਬਜ਼ੁਰਗ ਲੇਖਕ ਸ: ਸਾਧੂ ਸਿੰਘ ਧਾਮੀ ਦਾ ਸੁਆਗਤ ਕੀਤਾ ਜਾਵੇਗਾ। ਧਾਮੀ ਸਾਹਿਬ ਨੇ ਆਪਣੇ ਨਾਵਲ 'ਮਲੂਕਾ' ਰਾਹੀਂ ਇਸ ਸਦੀ ਦੇ ਪਹਿਲੇ ਅੱਧ ਸਮੇਂ ਵੈਨਕੂਵਰ ਵਿਚ ਰਹਿ ਰਹੇ ਕਾਮੇ — ਪੰਜਾਬੀਆਂ ਦੇ ਜੀਵਨ ਦੀ ਰੌਚਿਕ ਤਸਵੀਰ ਕਮਾਲ ਦੀ ਸਫਲਤਾ ਨਾਲ ਖਿਚੀ ਹੈ। ਉਹ ਇਸ ਸਮੇਂ ਰੀਟਾਇਰ ਹੋ ਕੇ ਸਵਿਟਜ਼ਰਲੈਂਡ ਵਿਚ ਰਹਿ ਰਹੇ ਹਨ ਜਿਥੋਂ ਉਹ, ਉਚੇਚੇ ਤੌਰ ਉਤੇ ਆਪਣੇ ਨਾਵਲ 'ਮਲੂਕਾ' ਦੇ ਪੰਜਾਬੀ ਅਨੁਵਾਦ ਨੂੰ ਰੀਲੀਜ਼ ਕਰਨ ਖਾਤਰ ਏਥੇ ਆ ਰਹੇ ਹਨ। ਨਾਵਲ ਦਾ ਪੰਜਾਬੀ ਅਨੁਵਾਦ ਮੰਚ ਦੇ ਮੈਂਬਰ ਲੇਖਕਾਂ ਸਾਧੂ, ਸੁਖਵੰਤ ਤੇ ਗੁਰਮੇਲ ਨੇ ਕੀਤਾ ਹੈ ਜੋ ਵੈਨਕੂਵਰ ਸੱਥ ਵਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ।

ਇਹ ਮੀਟਿੰਗ ਆਮ ਸਮੇਂ ਤੋਂ ਇਕ ਘੰਟਾ ਅਗਾਊਂ ਭਾਵ 4 ਵਜੇ ਸ਼ੁਰੂ ਹੋਵੇਗੀ। ਤਾਕਿ ਵਧੇਰੇ ਸਮਾਂ ਮਹਿਮਾਨ ਲੇਖਕ ਨਾਲ ਬਿਤਾਇਆ ਜਾ ਸਕੇ। ਮੈਂਬਰਾਂ ਨੂੰ ਉਚੇਚੀ ਬੇਨਤੀ ਹੈ ਕਿ ਠੀਕ 4 ਵਜੇ ਪੁਜਣ ਦੀ ਕਿਰਪਾ ਕਰਨ।

ਦੇਸ਼ ਨਿਕਾਲਾ ਦਿੱਤੇ ਜਾਣ ਵਾਲੇ ਲੋਕਾਂ ਦੀ ਗਿਣਤੀ 'ਚ ਵਾਧਾ

ਲੰਡਨ — ਸਰਕਾਰੀ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਬਰਤਾਨੀਆਂ ਵਿਚੋਂ ਕੱਢੇ ਜਾਣ ਵਾਲੇ ਕਾਲੇ ਆਵਾਸੀਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਇਹਨਾਂ ਵਿਚ ਵੱਡੀ ਗਿਣਤੀ ਬਾਰੇ ਕਿਹਾ ਗਿਆ ਹੈ ਕਿ ਉਹ ਵਿਅਕਤੀ ਨਜਾਇਜ਼ ਤੌਰ ਤੇ ਬਰਤਾਨੀਆਂ ਵਿਚ ਟਿਕੇ ਹੋਏ ਸਨ। ਪੁਲਸ ਅਤੇ ਕਸਟਮ ਅਫਸਰਾਂ ਨੇ ਅਜੇਹੇ ਗੈਰ ਕਾਨੂੰਨੀ ਵਿਅਕਤੀਆਂ ਦੀ ਗ੍ਰਿਫਤਾਰੀ ਦਾ ਸਿਲਸਿਲਾ ਵੀ ਤੇਜ਼ ਕੀਤਾ ਹੋਇਆ ਹੈ। ਇਸ ਸਾਲ ਦੇ ਸ਼ੁਰੂ 6 ਮਹੀਨੇ ਵਿਚ 794 ਲੋਕਾਂ ਨੂੰ ਬਰਤਾਨੀਆਂ ਵਿਚੋਂ ਕੱਢਿਆ ਗਿਆ ਜਦੋਂ 1986 ਵਿਚ 704 ਨੂੰ ਭੇਜਿਆ ਗਿਆ ਸੀ। ਜਦੋਂ ਕਿ ਇਥੇ ਆਬਾਦ ਹੋਣ ਵਾਲਿਆਂ ਦੀ ਗਿਣਤੀ ਵੀ ਵਧੀ ਹੈ। ਜੂਨ 1987 ਤੱਕ ਦੇ ਸਾਲ ਵਿਚ 45300 ਵਿਅਕਤੀ ਬਾਹਰੋਂ ਆ ਕੇ ਆਬਾਦ ਹੋਏ ਜਦੋਂ ਕਿ ਇਸ ਸਾਲ ਇਹ ਗਿਣਤੀ ਵਧ ਕੇ 46600 ਹੋ ਗਈ।

ਲੇਬਰ ਪਾਰਟੀ ਨੇ ਬਰਤਾਨੀਆਂ ਵਿਚੋਂ ਕੱਢੇ ਜਾਣ ਵਾਲੇ ਲੋਕਾਂ ਦੀ ਗਿਣਤੀ ਦੇ ਵਧਣ ਨੂੰ ਨਿਰਾ ਧੱਕਾ ਕਰਾਰ ਦਿੱਤਾ ਉਹਨਾਂ ਕਿਹਾ ਕਿ ਉਹ ਇਹ ਮਾਮਲਾ ਪਾਰਲੀਮੈਂਟ ਵਿਚ ਉਠਾਉਣਗੇ। ਸ਼ੈਡੋ ਹੋਮ ਸੈਕਟਰੀ ਨੇ ਕਿਹਾ ਹੈ ਕਿ ਸਰਕਾਰ ਨੇ ਨਵੇਂ ਇੰਮੀਗਰੇਸ਼ਨ ਅਧਿਕਾਰਾਂ ਰਾਹੀਂ ਲੋਕਾਂ ਨੂੰ ਵਧੇਰੇ ਤੰਗ ਕਰਨਾ ਸ਼ੁਰੂ ਕਰ ਦਿੱਤਾ ਹੈ।

ਦਰਬਾਰ ਸਾਹਿਬ ਦੁਆਲੇ ਪੱਟੀ ਬਨਾਣ ਦਾ ਪਹਿਲਾ ਪੜਾਅ 15 ਦਸੰਬਰ ਨੂੰ ਪੂਰਾ ਹੋਵੇਗਾ

ਅੰਮ੍ਰਿਤਸਰ — ਸ੍ਰੀ ਦਰਬਾਰ ਸਾਹਿਬ ਦੇ ਦੁਆਲੇ 30 ਮੀਟਰ ਦੀ ਪੱਟੀ ਬਨਾਉਣ ਲਈ ਬਿਲਡਿੰਗਾਂ ਢਾਹੁਣ ਦਾ ਕੰਮ ਜਾਰੀ ਹੈ। ਦਰਬਾਰ ਸਾਹਿਬ ਦੀ ਸ਼ਾਨ ਵਧਾਣ ਵਾਲੇ ਇਸ ਪ੍ਰਾਜੈਕਟ ਦੇ ਮੁਖੀ ਜੇ. ਐਸ. ਕੇਸਰ ਨੇ ਦੱਸਿਆ ਹੈ ਕਿ 13 ਮੀਟਰ ਦੀ ਪੱਟੀ 15 ਨਵੰਬਰ ਤੱਕ ਪੂਰੀ ਤਰ੍ਹਾਂ ਸਾਫ ਹੋ ਜਾਏਗੀ। ਅਤੇ ਇਸ ਪ੍ਰਾਜੈਕਟ ਦਾ ਪਹਿਲਾ ਪੜਾਅ 15 ਦਸੰਬਰ ਤੱਕ ਮੁਕੰਮਲ ਹੋ ਜਾਏਗਾ। ਕੁਲ ਚਾਰ ਸੌ ਬਿਲਡਿੰਗਾਂ ਜਿਹਨਾਂ ਨੂੰ ਢਾਹਿਆ ਜਾਣਾ ਹੈ ਵਿਚੋਂ 200 ਬਿਲਡਿੰਗਾਂ ਨੂੰ ਢਾਹੁਣ ਦਾ ਕੰਮ ਜਾਰੀ ਹੈ। ਡਿਸਟ੍ਰਿਕਟ ਮੈਜਿਸਟਰੇਟ ਨੇ ਇਕ ਹੁਕਮ ਜਾਰੀ ਕਰਕੇ ਇਸ ਇਲਾਕੇ ਦੀਆਂ ਏ ਬੀ ਸੀ ਡੀ ਈ ਅਤੇ ਸੀ ਪਾਕਿਟਸ ਵਿਚ ਪਬਲਿਕ ਦੇ ਦਾਖਲੇ ਦੀ ਮਨਾਹੀ ਕਰ ਦਿੱਤੀ ਹੈ। ਮਿ. ਕੇਸਰ ਨੇ ਕਿਹਾ ਕਿ ਅਜੇਹਾ ਢਾਹ ਢੁਆਈ ਦੇ ਕੰਮ ਵਿਚ ਰੁਕਾਵਟਾਂ ਨੂੰ ਦੂਰ ਕਰਨ ਲਈ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਇਸ ਥਾਂ ਤੋਂ ਉਖਾੜੇ ਗਏ ਲੋਕਾਂ ਲਈ ਦੂਜੀਆਂ ਥਾਵਾਂ ਅਲਾਟ ਕਰਨ ਦਾ 95 ਫੀਸਦੀ ਕੰਮ ਮੁਕ ਗਿਆ ਹੈ।

35000 ਕਿਸਾਨ ਤੇ ਖੇਤ ਮਜ਼ਦੂਰ ਗ੍ਰਿਫਤਾਰੀਆਂ ਲਈ ਪੇਸ਼ ਹੋਏ

ਜਲੰਧਰ — ਪੰਜਾਬ ਦੀਆਂ ਦੋਵਾਂ ਕਿਸਾਨ ਸਭਾਵਾਂ ਖੇਤ ਮਜ਼ਦੂਰ ਸਭਾ ਅਤੇ ਖੇਤ ਮਜ਼ਦੂਰ ਯੂਨੀਅਨ ਦੇ ਸੱਦੇ ਉਤੇ ਪਹਿਲਾਂ 5-6 ਦਿਨਾਂ ਵਿਚ 35 ਹਜ਼ਾਰ ਲੋਕਾਂ ਨੇ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕੀਤਾ। ਇਸ ਸੰਬੰਧ ਵਿਚ ਆਗੂਆਂ ਦੀ ਵਿਸ਼ੇਸ਼ ਮੀਟਿੰਗ ਵਿਚ ਪੰਜਾਬ ਦੀ ਹਾਲਤ ਅਤੇ ਲੋਕਾਂ ਦੇ ਜੋਸ਼ ਦਾ ਜਾਇਜ਼ਾ ਲਿਆ ਗਿਆ। ਸਭਾਵਾਂ ਦੇ ਇਸ ਜੇਲ੍ਹ ਭਰੋ ਅੰਦੋਲਨ ਵਿਚ ਨੌਜਵਾਨਾਂ ਨੇ ਵੀ ਹਿਸਾ ਲਿਆ। 12 ਸਤੰਬਰ ਨੂੰ ਕਿਸਾਨ ਔਰਤਾਂ ਤੇ ਖੇਤ ਮਜ਼ਦੂਰ ਔਰਤਾਂ ਨੇ ਗ੍ਰਿਫਤਾਰੀਆਂ ਦਿੱਤੀਆਂ। 13 ਸਤੰਬਰ ਨੂੰ ਟਰੇਡ ਯੂਨੀਅਨ ਵਲੋਂ ਪੰਜਾਬ ਭਰ ਦੀਆਂ ਫੈਕਟਰੀਆਂ ਦੇ ਗੇਟਾਂ ਅੱਗੇ ਮਜ਼ਦੂਰਾਂ ਨੇ ਕਿਸਾਨਾਂ ਨਾਲ ਭਰਪੂਰ ਏਕਤਾ ਦਾ ਪ੍ਰਗਟਾਵਾ ਕਰਦਿਆਂ ਮੀਟਿੰਗਾਂ ਕੀਤੀਆਂ।

ਸਾਂਝੀ ਤਾਲਮੇਲ ਕਮੇਟੀ ਨੇ ਸਰਕਾਰ ਵਲੋਂ ਹਾੜ੍ਹੀ ਦੀ ਫਸਲ ਦੇ ਐਲਾਨੇ ਭਾਅ ਨੂੰ ਰੱਦ ਕੀਤਾ ਅਤੇ ਪੰਜਾਬ ਦੇ ਰਾਜਪਾਲ ਨੂੰ ਅਪੀਲ ਕੀਤੀ ਕਿ ਉਹ ਕਿਸਾਨਾਂ ਨੂੰ ਲਾਹੇਵੰਦ ਭਾਅ ਦੇਣ ਲਈ ਕਦਮ ਚੁਕਣ। ਕਮੇਟੀ ਨੇ ਕੇਂਦਰ ਸਰਕਾਰ ਵਲੋਂ ਹੜ੍ਹ ਪੀੜਤਾਂ ਦੀ ਸਹਾਇਤਾਂ ਦੇ ਦਾਅਵਿਆਂ ਨੂੰ ਝੂਠ ਕਰਾਰ ਦਿੱਤਾ। ਅਸਲੀਅਤ ਇਹ ਹੈ ਕਿ ਨਾ ਕਿਸਾਨਾਂ ਤੇ ਨਾ ਖੇਤ ਮਜ਼ਦੂਰਾਂ ਨੂੰ ਰਾਹਤ ਮਿਲੀ ਹੈ। ਮੰਗ ਕੀਤੀ ਕਿ ਖੇਤ ਮਜ਼ਦੂਰਾਂ ਕਿਸਾਨ ਸਭਾਵਾਂ ਤੇ ਪੰਚਾਇਤਾਂ ਦੀ ਮੱਦਦ ਨਾਲ ਛੇਤੀ ਗਿਰਦਾਵਰੀਆਂ ਕਰ ਕੇ ਫਸਲਾਂ ਤੇ ਪਸ਼ੂਆਂ ਦਾ ਨੁਕਸਾਨ ਪੂਰਾ ਕੀਤਾ ਜਾਵੇ। ਫਸਲਾਂ ਦੀ ਹਾਨੀ ਦਾ ਦੋ ਹਜ਼ਾਰ ਰੁਪੈ ਪ੍ਰਤੀ ਏਕੜ ਦੇ ਹਿਸਾਬ ਮੁਆਵਜ਼ਾ ਦੇਣ ਦੀ ਮੰਗ ਕੀਤੀ। ਖੇਤ ਮਜ਼ਦੂਰਾਂ ਨੂੰ ਉਹਨਾਂ ਦੀਆਂ ਟੁੱਟੀਆਂ ਦਿਹਾੜੀਆਂ ਦੇ ਪੈਸੇ ਦੇਣ ਤੇ ਕਿਸਾਨਾਂ ਨੂੰ ਹਾੜ੍ਹੀ ਦੀ ਫਸਲ ਦੀ ਬਿਜਾਈ ਵਾਸਤੇ ਬੀਜ ਦੇਣ ਤੇ ਕਰਜ਼ੇ ਮਾਅਫ ਕਰਨ ਦੀ ਮੰਗ ਕੀਤੀ।

3 ਅਤਿਵਾਦੀ ਮਾਰੇ ਗਏ 10 ਗ੍ਰਿਫਤਾਰ ਕੀਤੇ ਗਏ

ਚੰਡੀਗੜ੍ਹ — ਥਾਣਾ ਵਲਟੋਹਾ ਦੇ ਪਿੰਡ ਰਾਮ ਸਿੰਘ ਵਾਲਾ ਦੇ ਇਕ ਫਾਰਮ ਹਾਊਸ ਵਿਚ ਨੀਮ ਫੌਜੀ ਦਸਤਿਆਂ ਨਾਲ ਮੁਕਾਬਲੇ ਵਿਚ ਦੋ ਦਹਿਸ਼ਤਪਸੰਦ ਮਾਰੇ ਗਏ। ਇਕ ਦਹਿਸ਼ਤਪਸੰਦ ਦਾ ਨਾਂ ਤਾਰਾ ਸਿੰਘ ਸੀ ਜੋ ਇਸੇ ਪਿੰਡ ਦਾ ਸੀ। ਇਸ ਮੁਕਾਬਲੇ ਵਿਚ ਸੀ ਆਰ ਪੀ ਦਾ ਜਵਾਨ ਚਤਰ ਸਿੰਘ ਜ਼ਖਮੀ ਹੋਇਆ। ਫਿਰੋਜ਼ਪੁਰ ਦੇ ਨੇੜੇ ਫਤਣਵਾਲਾ ਪਿੰਡ ਵਿਚ ਦਹਿਸ਼ਤਗਰਦਾਂ ਨਾਲ ਮੁਕਾਬਲੇ ਵਿਚ ਸਬ ਇੰਸਪੈਕਟਰ ਹਰਨੇਕ ਸਿੰਘ, ਹੌਲਦਾਰ ਕੁਲਵੰਤ ਸਿੰਘ ਤੇ ਸਿਪਾਹੀ ਜੁਗਰਾਜ ਸਿੰਘ ਜ਼ਖਮੀ ਹੋ ਗਏ। ਇਥੇ ਦਹਿਸ਼ਤਗਰਦਾਂ ਨੇ ਸੀ ਆਰ ਪੀ ਦੀ ਗਸ਼ਤੀ ਟੋਲੀ ਉਤੇ ਹਮਲਾ ਕੀਤਾ ਸੀ। ਰਾਮ ਸਿੰਘ ਵਾਲਾ ਪਿੰਡ ਵਿਚ ਮੁਕਾਬਲੇ ਸਮੇਂ ਸਿਵਲੀਅਨ ਦਾਰਾ ਸਿੰਘ ਜੋ ਪੁਲਸ ਪਾਰਟੀ ਦੀ ਅਗਵਾਈ ਕਰ ਰਿਹਾ ਸੀ ਵੀ ਮਾਰਿਆ ਗਿਆ। ਇਥੇ ਦਹਿਸ਼ਤਪਸੰਦ ਪਿੰਡ ਦੇ ਗੁਰਦੁਆਰੇ ਅੰਦਰ ਛੁਪੇ ਹੋਏ ਸਨ। ਮੁਕਾਬਲੇ ਵਿਚੋਂ ਬਚਣ ਵਾਲੇ ਦਹਿਸ਼ਤਗਰਦ ਘੋੜੀਆਂ ਤੇ ਚੜ੍ਹ ਕੇ ਦੌੜ ਗਏ।

ਛਾਪਿਆਂ ਦਾ ਕੰਮ ਜਾਰੀ

ਪੈਰਾ ਮਿਲਟਰੀ ਨੇ ਸਰਹੱਦੀ ਇਲਾਕਿਆਂ ਵਿਚ ਛਾਪਿਆਂ ਦਾ ਸਿਲਸਿਲਾ ਵੀ ਜਾਰੀ ਰੱਖਿਆ। ਖਾਸ ਕਰਕੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਦੌਰੇ ਨੂੰ ਮੁਖ ਰਖਦਿਆਂ ਵੱਡੀ ਪੱਧਰ ਉਤੇ ਗ੍ਰਿਫਤਾਰੀਆਂ ਦਾ ਚਕਰ ਜਾਰੀ ਰਿਹਾ। ਜਿਹਨਾਂ ਇਲਾਕਿਆਂ ਵਿਚ ਦਹਿਸ਼ਤਗਰਦ ਲੋਕਾਂ ਪਾਸੋਂ ਜਬਰੀ ਉਗਰਾਹੀ ਕਰਦੇ ਹਨ ਉਹਨਾਂ ਇਲਾਕਿਆਂ ਵਿਚ ਵਧੇਰੇ ਛਾਪੇ ਮਾਰੇ ਗਏ। ਬਟਾਲੇ ਨੇੜੇ ਪਿੰਡ ਵੈਰੋਨੰਗਲ ਵਿਚ ਦਹਿਸ਼ਤਗਰਦਾਂ ਨੇ ਤਿੰਨ ਪਿੰਡ ਵਾਸੀਆਂ ਨੂੰ ਨਾਹਕ ਗੋਲੀ ਮਾਰ ਦਿੱਤੀ। ਇਕ ਔਰਤ ਜ਼ਖਮੀ ਹੋਈ।

ਦਹਿਸ਼ਤਗਰਦਾਂ ਨੇ ਵੈਰੋਨੰਗਲ ਦੇ ਸਰਪੰਚ ਸਤਵੰਤ ਸਿੰਘ ਦੇ ਰਿਸ਼ਤੇਦਾਰ ਦੇ ਘਰ ਦਾਖਲ ਹੋ ਕੇ ਗੁਰਜੀਤ ਸਿੰਘ, ਉਸਦੇ ਰਿਸ਼ਤੇਦਾਰ ਅਜਾਇਬ ਸਿੰਘ ਤੇ ਸਰਪੰਚ ਦੇ ਲੜਕੇ ਹਰਜਿੰਦਰ ਸਿੰਘ ਨੂੰ ਹਲਾਕ ਕਰ ਦਿੱਤਾ

ਕੌਮੀ ਫਰੰਟ ਵਲੋਂ ਕਾਂਗਰਸ ਨੂੰ ਗੱਦੀ ਤੋਂ ਲਾਹੁਣ ਦਾ ਨਾਅਰਾ

ਮਦਰਾਸ — ਦੇਸ਼ ਦੀਆਂ ਸੱਤ ਅਪੋਜ਼ੀਸ਼ਨ ਪਾਰਟੀਆਂ ਦੇ ਸਾਂਝੇ ਕੌਮੀ ਫਰੰਟ ਦੀ ਵਿਸ਼ੇਸ਼ ਮੀਟਿੰਗ ਨੇ ਕੇਂਦਰ ਅਤੇ ਰਾਜਾਂ ਵਿਚੋਂ ਕਾਂਗਰਸ ਸਰਕਾਰਾਂ ਦਾ ਬੋਰੀਆ ਬਿਸਤਰਾ ਵਲੇਟਣ ਲਈ ਸੰਘਰਸ਼ ਸ਼ੁਰੂ ਕਰਨ ਦਾ ਐਲਾਨ ਕੀਤਾ। ਇਸ ਗੈਰ ਕਮਿਊਨਿਸਟ ਅਪੋਜ਼ੀਸ਼ਨ ਫਰੰਟ ਦੇ ਲੀਡਰਾਂ ਦੀ ਮਰੀਨਾ ਦੇ ਸਥਾਨ ਉਤੇ ਹੋਈ ਮੀਟਿੰਗ ਨੇ ਦੇਸ਼ ਵਾਸੀਆਂ ਨੂੰ ਸੱਦਾ ਦਿੱਤਾ ਕਿ ਉਹ ਕਾਂਗਰਸ ਦਾ ਜੂਲਾ ਗਲੋਂ ਲਾਹ ਸੁਟਣ।

ਇਸ ਤੋਂ ਪਹਿਲਾਂ ਇਥੇ ਕੌਮੀ ਫਰੰਟ ਵਿਚ ਸ਼ਾਮਲ ਸੱਤ ਪਾਰਟੀਆਂ ਦੇ ਨੇਤਾ ਵੀ ਪੀ ਸਿੰਘ ਤੇ ਰਾਮਧਨ (ਜਨ ਮੋਰਚਾ) ਅਜੀਤ ਸਿੰਘ, ਬੀਜੂ ਪਟਨਾਇਕ ਐਸ. ਆਰ. ਬੋਪਾਈ ਤੇ ਰੋਮ ਵਿਲਾਸ ਪਾਸਵਾਨ (ਜਨਤਾ) ਕਰੂਨਾਨਿਧੀ (ਡੀ. ਐਮ. ਕੇ.) ਪੀ. ਉਪੇਂਦਰ (ਤੇਲਗੂ ਦੇਸ਼ਮ) ਸ਼ਰਤਚੰਦਰ ਸਿਨਹਾ ਤੇ ਕੇ ਪੀ ਉਨੀ ਕ੍ਰਿਸ਼ਨਨ (ਕਾਂਗਰਸ ਐਸ) ਐਚ. ਐਮ. ਬਹੁਗੁਣਾ ਤੇ ਚੌਧਰੀ ਦੇਵੀ ਲਾਲ (ਲੋਕ ਦਲ) ਵਲੋਂ ਮੀਟਿੰਗ ਕੀਤੀ ਗਈ। ਇਹਨਾਂ ਵਲੋਂ ਬਣਾਏ ਸਮਾਜਵਾਦੀ ਜਨਤਾ ਦਲ ਦੇ ਚੇਅਰਮੈਨ ਮਿ. ਰਾਮਾ ਰਾਓ ਨੇ ਕਾਂਗਰਸ ਨੂੰ ਗੱਦੀ ਤੋਂ ਲਾਹੁਣ ਦਾ ਹੋਕਾ ਦਿੱਤਾ। ਫਰੰਟ ਨੇ ਗੈਰ ਕਾਂਗਰਸੀ ਰਾਜਾਂ ਪ੍ਰਤੀ ਕੇਂਦਰ ਦੇ ਵਤੀਰੇ ਦੀ ਨਿਖੇਧੀ ਕੀਤੀ।

2 ਅਕਤੂਬਰ "ਆਜ਼ਾਦੀ ਬਚਾਓ" ਵਜੋਂ ਮਨਾਇਆ ਜਾਏਗਾ।

ਇਕ ਪਾਸੇ ਇਸ ਕੌਮੀ ਫਰੰਟ ਦੀ ਮੀਟਿੰਗ ਚਲ ਰਹੀ ਸੀ। ਦੂਸਰੇ ਪਾਸੇ ਚੌਧਰੀ ਦੇਵੀ ਲਾਲ ਇਸ ਦੀਆਂ ਜੜ੍ਹਾਂ ਵਿਚ ਤੇਲ ਦੇ ਰਹੇ ਸਨ। ਉਹਨਾਂ ਨੇ ਪ੍ਰੈਸ ਕਾਨਫਰੰਸ ਕਰਕੇ ਲੋਕ ਦਲ ਦੇ ਪ੍ਰਧਾਨ ਅਤੇ ਨੈਸ਼ਨਲ ਫਰੰਟ ਦੇ ਪ੍ਰੀਜੀਡੀਅਮ ਦੇ ਮੈਂਬਰ ਬਹੁਗੁਣਾ ਨੂੰ ਚੈਲਿੰਜ ਕਰ ਰਹੇ ਹਨ। ਦੇਵੀ ਲਾਲ ਨੇ ਕਿਹਾ ਕਿ ਬਹੁਗੁਣਾ ਜੇ ਜਾਣਾ ਚਾਹੁਣ ਤਾਂ ਜਾ ਸਕਦੇ ਹਨ। ਸਾਡਾ ਕਾਫਲਾ ਤਾਂ ਜਾ ਹੀ ਰਿਹਾ ਹੈ।

ਕਮਿਊਨਿਸਟਾਂ ਵਲੋਂ ਸਵਾਗਤ

ਭਾਰਤੀ ਕਮਿਊਨਿਸਟ ਪਾਰਟੀ ਦੀ ਰਾਸ਼ਟਰੀ ਕੌਂਸਲ ਦੇ ਸਕੱਤਰ ਐਮ. ਫਾਰੂਕੀ ਨੇ ਨੈਸ਼ਨਲ ਫਰੰਟ ਦੀ ਹੋਂਦ ਨੂੰ ਕੌਮੀ ਜ਼ਰੂਰਤ ਕਰਾਰ ਦਿੱਤਾ ਤੇ ਦੇਸ਼ ਦੇ ਰਾਜਸੀ ਜੀਵਨ ਵਿਚ ਰਾਜਸੀ ਮੋੜ ਕਰਾਰ ਦਿੱਤਾ। ਉਹਨਾਂ ਕਿਹਾ ਕਿ ਰਾਸ਼ਟਰੀ ਪੱਧਰ ਉਤੇ ਕਾਂਗਰਸ ਦਾ ਬਦਲ ਤਿਆਰ ਕਰਨ ਲਈ ਫਰੰਟ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਦੀਆਂ ਭਾਵਨਾਵਾਂ ਉਤੇ ਪੂਰਾ ਉਤਰੇ ਨਹੀਂ ਤੇ ਲੋਕ ਇਸ ਨੂੰ ਵੀ ਛੱਡ ਜਾਣਗੇ।

ਪੰਜਾਬ ਕਾਂਗਰਸ 'ਚ ਬੂਟਾ ਸਿੰਘ, ਜਾਖੜ ਤੇ ਦਰਬਾਰਾ ਸਿੰਘ ਗਰੁੱਪਾਂ ਦੀ ਸਰਗਰਮੀ

ਪਟਿਆਲਾ — ਪੰਜਾਬ ਦੇ ਲੋਕਾਂ ਵਿਚ ਵੀ ਹੁਣ ਇਹ ਗੱਲਾਂ ਹੋਣ ਲੱਗੀਆਂ ਹਨ ਕਿ ਪੰਜਾਬ ਕਾਂਗਰਸ ਦੇ ਇਸ ਸਮੇਂ ਤਿੰਨ ਗਰੁੱਪ ਹਨ — ਬੂਟਾ ਸਿੰਘ ਦਾ ਗਰੁੱਪ, ਜਿਸਦੇ ਲੀਡਰ ਪ੍ਰਧਾਨ ਕਾਂਗਰਸ ਬੇਅੰਤ ਸਿੰਘ, ਸੇਵਾ ਰਾਮ ਸ਼ਮਸ਼ੇਰ ਸਿੰਘ ਦੂਲੋ, ਦੇਵਿੰਦਰ ਸਿੰਘ ਮਾਨ (ਫਗਵਾੜਾ) ਸੰਤੋਖ ਸਿੰਘ ਰੰਧਾਵਾ ਤੇ ਕੇਵਲ ਕ੍ਰਿਸ਼ਨ ਹਨ। ਦੂਸਰਾ ਗਰੁੱਪ ਸਾਬਕ ਕਾਂਗਰਸੀ ਪਾਰਲੀਮੈਂਟਰੀ ਸੈਕਟਰੀ ਹੰਸਰਾਜ ਸ਼ਰਮਾ ਵੀ ਇਸ ਗਰੁੱਪ ਦੇ ਲੀਡਰ ਹਨ। ਤੀਸਰਾ ਗਰੁੱਪ ਬਲਰਾਮ ਜਾਖੜ ਦਾ ਹੈ ਜਿਸਦੇ ਲੀਡਰ ਇਹ ਹਨ: ਫਿਰੋਜ਼ਪੁਰ ਵਿਚ ਗੁਰਮੇਲ ਸਿੰਘ ਬਰਾੜ, ਪਟਿਆਲੇ 'ਚ ਬ੍ਰਿਜ ਲਾਲ ਗੋਇਲ, ਫਰੀਦਕੋਟ ਵਿਚ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ, ਰਾਮ ਸਰੂਪ ਬਾਗੀ, ਪ੍ਰੋ: ਦਰਬਾਰੀ ਲਾਲ, ਰਾਜਿੰਦਰ ਕੌਰ ਭੱਠਲ ਤੇ ਸਤਪਾਲ ਮਿੱਤਲ।

ਦਰਬਾਰਾ ਸਿੰਘ ਗਰੁੱਪ ਜਿਸ ਦੇ ਲੀਡਰ ਅਜ ਕਲ ਨਿਰਾਸ਼ ਹਨ ਵਿਚ ਬ੍ਰਿਜ ਮੋਹਨ, ਭੂਸ਼ਨ ਮਹਿਰਾ, ਜਲੰਧਰ ਵਿਚ ਚੌਧਰੀ ਦਰਸ਼ਨ ਸਿੰਘ, ਪ੍ਰਤਾਪ ਬਾਜਵਾ, ਲਾਲ ਸਿੰਘ ਜੀਵਨ, ਜਗਦੀਸ਼ ਚੰਦ ਆਦਿ ਸਰਗਰਮ ਹਨ। ਜ਼ਿਲਾ ਪਟਿਆਲਾ ਦਿਹਾਤੀ ਕਾਂਗਰਸ ਉਤੇ ਦਰਬਾਰਾ ਸਿੰਘ ਗਰੁੱਪ ਕਾਬਜ਼ ਹੈ ਜਿਸ ਦੀ ਲੀਡਰ ਅਮਰਜੀਤ ਕੌਰ ਹੈ। ਪੰਜਾਬ ਦੀ ਮਹਿਲਾ ਕਾਂਗਰਸ ਵਿਚ ਅਮਰਜੀਤ ਕੌਰ, ਸਤਿੰਦਰ ਕੌਰ ਪ੍ਰਧਾਨ ਮਹਿਲਾ ਸੰਗ ਪੰਜਾਬ ਤੇ ਪ੍ਰੀਤਮ ਕੌਰ ਪਾਹਵਾ ਅਜ ਕਲ ਵਧੇਰੇ ਸਰਗਰਮ ਹਨ।

ਸਰਵ ਹਿੰਦ ਕਾਂਗਰਸ ਦੇ ਜਨਰਲ ਸਕੱਤਰ ਕੇ ਐਨ ਸਿੰਘ ਨੇ ਪੰਜਾਬ ਕਾਂਗਰਸ ਦੀ ਧੜੇਬੰਦੀ ਉਤੇ ਵਿਚਾਰ ਵਟਾਂਦਰਾ ਕੀਤਾ ਹੈ। ਉਹ ਕਾਫੀ ਨਿਰਾਸ਼ ਹਨ। ਜਿਹੜੇ ਕਾਂਗਰਸੀ ਬੇਅੰਤ ਸਿੰਘ ਦਾ ਪੱਤਾ ਕੱਟਣਾ ਚਾਹੁੰਦੇ ਹਨ ਉਹਨਾਂ ਨੂੰ ਕੇ ਐਨ ਸਿੰਘ ਨੇ ਹਾਲਾਂ ਰੋਕ ਲਿਆ ਹੈ। ਇਹ ਧੜੇਬੰਦੀ ਉਸ ਸਮੇਂ ਹੋਰ ਵੀ ਭੱਖ ਪਈ ਜਦੋਂ ਰਾਜੀਵ ਗਾਂਧੀ ਦੇ ਪੰਜਾਬ ਆਉਣ ਦਾ ਐਲਾਨ ਹੋਇਆ ਸੀ। ਕਿਉਂਕਿ ਕਾਂਗਰਸੀ ਸਮਝਣ ਲਗੇ ਕਿ ਰਾਜੀਵ ਦਾ ਪੰਜਾਬ ਆਉਣਾ ਇਹ ਸੰਕੇਤ ਦੇਂਦਾ ਹੈ ਕਿ ਪੰਜਾਬ ਵਿਚ ਅਗਲੇ ਵਰ੍ਹੇ ਚੋਣਾਂ ਹੋਣਗੀਆਂ।

4 ਅਤਿਵਾਦੀ ਹਥਿਆਰਾਂ ਸਮੇਤ ਕਾਬੂ, ਇਕ ਬੱਸ ਅਗਵਾ

ਜਲੰਧਰ — ਖਬਰ ਹੈ ਕਿ ਜੰਡਿਆਲਾ ਲਾਗੇ ਖਲਚੀਆਂ ਵਿਖੇ ਕੁਝ ਹਥਿਆਰਬੰਦ ਅਤਿਵਾਦੀਆਂ ਨੇ ਇਕ ਮਿੰਨੀ ਬੱਸ ਅਗਵਾ ਕਰ ਲਈ। ਉਹਨਾਂ ਬੱਸ ਦੇ ਡਰਾਈਵਰ ਤੇ ਕੰਡਕਟਰ ਨੂੰ ਜ਼ਬਰਦਸਤੀ ਹੇਠਾਂ ਉਤਾਰ ਦਿੱਤਾ ਪਰ ਬੱਸ ਵਿਚ ਉਸ ਸਮੇਂ ਕੋਈ ਸਵਾਰੀ ਨਹੀਂ ਸੀ ਬੈਠੀ ਜਿਸ ਕਾਰਨ ਇਹ ਹਾਦਸਾ ਸੁੱਖ ਸਾਂਦ ਲੰਘ ਗਿਆ। ਅੰਮ੍ਰਿਤਸਰ ਜ਼ਿਲੇ ਵਿਚ ਸ਼ੱਕੀ ਬੰਦਿਆਂ ਨੇ ਥਾਣਾ ਲੋਪੋਕੇ ਦੇ ਪਿੰਡ ਠੱਠੀਆਂ ਵਿਖੇ ਇਕ ਵਪਾਰੀ ਮਨੋਹਰ ਲਾਲ ਨੂੰ ਗੋਲੀ ਮਾਰ ਕੇ ਹਲਾਕ ਕਰ ਦਿੱਤ।

ਫਗਵਾੜੇ ਲਾਗੇ ਪੁਲਸ ਤੇ ਸੀ ਆਰ ਪੀ ਦੇ ਜਵਾਨਾਂ ਨੇ ਚਾਰ ਸ਼ੱਕੀ ਬੰਦਿਆਂ ਨੂੰ ਕਾਬੂ ਕੀਤਾ ਜਿਹਨਾਂ ਪਾਸੋਂ ਭਾਰੀ ਮਾਤਰਾ ਵਿਚ ਹਥਿਆਰ ਤੇ ਗੋਲੀ ਸਿੱਕਾ ਬਰਾਮਦ ਹੋਇਆ। ਫੜੇ ਗਏ ਵਿਅਕਤੀਆਂ ਦੇ ਨਾਂ ਪੁਲਸ ਨੇ ਹਰਜਿੰਦਰ ਸਿੰਘ, ਜਸਵਿੰਦਰ ਸਿੰਘ, ਪਰਮਜੀਤ ਸਿੰਘ ਉਰਫ ਪੱਪੂ ਤੇ ਗੁਰਚਰਨ ਸਿੰਘ ਦੱਸੇ ਹਨ ਜੋ ਸਾਰੇ ਜ਼ਿਲਾ ਜਲੰਧਰ ਦੇ ਹਨ। ਇਹਨਾਂ ਨੂੰ ਮੇਹਟਾਂ-ਪਲਾਹੀ ਲਾਗੇ ਸਕੂਲ ਵਿਚੋਂ ਗ੍ਰਿਫਤਾਰ ਕੀਤਾ ਗਿਆ।

ਥਾਣਾ ਲੋਪੋਕੇ ਦੇ ਬੋਪਾਰਾਏ ਕਸਬੇ ਵਿਚ ਇਕ ਐਮ ਪੀ ਤੋਂ ਇਕ ਪੁਲਸ ਕਰਮਚਾਰੀ ਆਪਣੇ ਸਾਥੀ ਦੇ ਦੋ ਸਰਵਿਸ ਰਿਵਾਲਵਰ, 150 ਕਾਰਤੂਸ ਤੇ 600 ਰੁਪਏ ਨਕਦ ਲੈ ਕੇ ਫਰਾਰ ਹੋ ਗਿਆ ਇਸ ਕਰਮਚਾਰੀ ਦਾ ਨਾਂ ਲਖਬੀਰ ਸਿੰਘ ਦੱਸਿਆ ਜਾਂਦਾ ਹੈ।

ਥਾਣਾ ਸਦਰ ਫਗਵਾੜਾ ਦੇ ਪਿੰਡ ਛਡਰੋੜੀ ਵਿਚ ਰਾਤ ਦੇ ਸਮੇਂ ਸ਼ੱਕੀ ਬੰਦਿਆਂ ਨੇ 67 ਸਾਲਾ ਬਜ਼ੁਰਗ ਔਰਤ ਨੂੰ ਸੁਤੇ ਪਏ ਤੇਜ਼ ਧਾਰ ਹਥਿਆਰ ਨਾਲ ਕਤਲ ਕਰ ਦਿੱਤਾ। ਉਸਦਾ ਨਾਂ ਮੋਹਨ ਪਿਆਰੀ ਸੀ।

ਕਮਾਂਡੋ ਫੋਰਸ ਦਾ ਦਾਅਵਾ

ਤਰਨਤਾਰਨ — ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਲੈਫਟੀਨੈਂਟ ਜਨਰਲ ਭਾਈ ਬੂਟਾ ਸਿੰਘ, ਸੁਰ ਸਿੰਘ ਨੇ ਡਾਕ ਰਾਹੀਂ ਭੇਜੇ ਬਿਆਨ ਵਿਚ ਕਿਹਾ ਹੈ ਕਿ 12 ਸਤੰਬਰ ਨੂੰ ਥਾਣਾ ਸੁਲਤਾਨਪੁਰ ਲੋਧੀ ਮੰਡ ਖੇਤਰ ਵਿਚ ਜੋ ਪੁਲਸ ਮੁਕਾਬਲਾ ਹੋਇਆ ਸੀ ਉਸ ਵਿਚ ਸਾਡੇ ਤਿੰਨ ਸਿਪਾਹੀ ਸ਼ਹੀਦ ਹੋਏ ਸਨ। ਤਿੰਨਾਂ ਵਿਚੋਂ ਇਕ ਦੀ ਵੀ ਸਰਕਾਰ ਸ਼ਨਾਖਤ ਨਹੀਂ ਕਰ ਸਕੀ।

ਅਤਿਵਾਦੀਆਂ ਨੂੰ ਚੈਲਿੰਜ ਕਰਕੇ ਪਾਸ਼ ਦੀ ਜ਼ਮੀਨ ਵਾਹੀ ਗਈ

ਨਕੋਦਰ — ਦਹਿਸ਼ਤਗਰਦ ਟੋਲਿਆਂ ਨੂੰ ਚੈਲਿੰਜ ਕਰਦੇ ਹੋਏ ਭਾਰਤੀ ਕਮਿਊਨਿਸਟ ਪਾਰਟੀ (ਐਮ. ਐਲ.) ਦੀ ਅਗਵਾਈ ਹੇਠ ਇਲਾਕੇ ਦੇ ਲੋਕਾਂ ਨੇ ਟਰੈਕਟਰਾਂ ਤੇ ਹਲਾਂ ਨਾਲ ਸ਼ਹੀਦ ਕਵੀ ਪਾਸ਼ ਦੀ ਸਾਰੀ ਜ਼ਮੀਨ ਵਾਹ ਦਿੱਤੀ। ਜਿਥੇ ਹੁਣ ਫਸਲ ਬੀਜੀ ਜਾਵੇਗੀ। ਦਹਿਸ਼ਤਗਰਦਾਂ ਨੇ ਪਿਛਲੇ ਸਾਲ ਸਾਥੀ ਪਾਸ਼ ਨੂੰ ਸ਼ਹੀਦ ਕਰ ਦਿੱਤਾ ਸੀ ਤੇ ਹੁਣ ਧਮਕੀ ਦਿੱਤੀ ਹੋਈ ਸੀ ਕਿ ਜੇ ਕਿਸੇ ਨੇ ਪਾਸ਼ ਦੀ ਜ਼ਮੀਨ ਵਾਹੀ ਤਾਂ ਖਤਮ ਕਰ ਦਿੱਤਾ ਜਾਏਗਾ। ਇਸ ਕਾਰਨ ਇਹ ਜ਼ਮੀਨ ਅਣਵਾਹੀ ਪਈ ਸੀ। ਪਰ ਪਾਰਟੀ ਸੱਦੇ ਉਤੇ ਹਜ਼ਾਰਾਂ ਵਰਕਰ ਤੇ ਆਮ ਲੋਕ ਟਰੈਕਟਰ ਤੇ ਹਲ ਲੈ ਕੇ ਤਲਵੰਡੀ ਸਲੇਮ ਪਹੁੰਚ ਗਏ ਜਿਥੇ ਉਹਨਾਂ ਦਹਿਸ਼ਤਗਰਦਾਂ ਨੂੰ ਚੈਲਿੰਜ ਕੀਤਾ ਤੇ ਜ਼ਮੀਨ ਵਾਹ ਦਿੱਤੀ ਹੁਣ ਫਸਲ ਬੀਜੀ ਜਾਵੇਗੀ।

(ਪੰਨਾ 4 ਦੀ ਬਾਕੀ)

ਵਿਚੋਂ ਕਿਸੇ ਨੇ ਉਸਦੀ ਕੋਈ ਅਰਜੋਈ ਨਹੀਂ ਸੁਣੀ। ਸੁਣਦਾ ਕੌਣ? ਡਾਕੂਆਂ ਦੇ ਭਾਈ ਚੋਰ? ਮਿੰਨਤਾਂ ਤਰਲੇ ਕਰਕੇ ਮਾਵਾਂ ਧੀਆਂ ਭੈਣਾਂ ਦੀਆਂ ਗਾਲ੍ਹਾਂ ਕਮਰਾ ਨੰਬਰ 29 ਵਿਚ ਸੁਣਨ ਤੋਂ ਬਾਅਦ ਉਸਦੇ ਭਾਰਤ ਰਹਿੰਦੇ ਭਰਾ ਨੇ ਹਜ਼ਾਰਾਂ ਰੁਪਏ ਦਿੱਤੇ ਅਤੇ ਬੱਚਿਆਂ ਨੂੰ ਛੇਤੀ ਹੀ ਇਥੇ ਭੇਜ ਦਿੱਤਾ। ਅਜੇ ਹੁਣ ਦੀ ਗੱਲ ਹੈ ਹੈਂਡਜ਼ਵਰਥ ਰਹਿੰਦੇ ਪੱਬ ਦੇ ਮਾਲਕ ਨੂੰ ਵੀ ਹਜ਼ਾਰਾਂ ਰੁਪਏ ਦੇਣੇ ਪਏ ਹਨ। ਇਸ ਤਰ੍ਹਾਂ ਦੀਆਂ ਹੋਰ ਬਹੁਤ ਸਾਰੀਆਂ ਘਟਨਾਵਾਂ ਇਥੋਂ ਗਏ ਲੋਕਾਂ ਨਾਲ ਵਾਪਰੀਆਂ ਹਨ। ਮੈਂ ਸਮਝਦਾ ਉਹ ਲੋਕ ਆਪਣੀ ਜ਼ਬਾਨੀ ਪਰਚੇ ਵਿਚ ਬਿਆਨ ਕਰਨ ਤਾਂ ਕਿ ਇਹਨਾਂ ਲੁਟੇਰਿਆਂ ਦੀਆਂ ਕਮੀਨਗੀਆਂ ਤੋਂ ਪਰਦਾ ਚੁੱਕ ਹੋਵੇ। ਇਸ ਤਰ੍ਹਾਂ ਦੀਆਂ ਵਾਰਦਾਤਾਂ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਹੋਈਆਂ ਹਨ ਜਿਸ਼ ਦੀ ਪਵਿੱਤਰਤਾ ਦਾ ਨਾਂ ਲੈ ਕੇ ਇਥੇ ਲੋਕਾਂ ਨੂੰ ਗੁਰਦੁਆਰਿਆਂ ਵਿਚ ਲੁਟਿਆ ਜਾ ਰਿਹਾ ਹੈ। ਬਰਮਿੰਘਮ ਵਿਚ ਵਸਦਾ ਇਕ ਸਿੰਘ ਜਿਹੜਾ ਹੁਣ ਰਾਗੀ ਬਣ ਗਿਆ ਹੈ ਅਤੇ ਜਥੇਦਾਰ ਬਣਿਆ ਫਿਰਦਾ ਹੈ ਅਤੇ ਆਪਣੇ ਆਪ ਨੂੰ ਭਿੰਡਰਾਂਵਾਲਾ ਦਾ ਭੇਜਿਆ ਹਲਕਾਰਾ ਕਹਾਉਂਦਾ ਹੁੰਦਾ ਸੀ ਨੇ ਹਿੰਦੂ-ਸਿੱਖ ਏਕਤਾ ਅਤੇ ਅਗਾਂਹਵਧੂ ਸ਼ਕਤੀਆਂ ਵਿਰੁਧ ਪ੍ਰਚਾਰ ਸਮੈਦਿਕ ਵਿਖੇ ਹਾਈ ਸਟਰੀਟ ਉਤੇ ਆਪਣੇ ਰਿਸ਼ਤੇਦਾਰ ਦੀ ਦੁਕਾਨ ਤੋਂ ਸ਼ੁਰੂ ਕੀਤਾ ਸੀ (ਰਿਸ਼ਤੇਦਾਰ ਵਿਆਹ ਤੋਂ ਸਾਲ ਬਾਅਦ ਹੀ ਸੁਰਗਵਾਸ ਹੋ ਗਿਆ ਸੀ ਉਹ ਨੇਕ ਇਨਸਾਨ ਸੀ ਉਸ ਦਾ ਨਾਂ ਸੀ ਭਗਵਾਨ ਦਾਸ ਆਮ ਲੋਕਾਂ ਵਿਚ ਇਹ ਭਾਨਾ ਦੇ ਨਾਂ ਨਾਲ ਜਾਣਿਆ ਜਾਂਦਾ ਸੀ) ਅਤੇ ਉਸਤਾਦਾਂ ਦਾ ਉਸਤਾਦ ਬਣ ਬੈਠ ਗਿਆ।

ਅਸੀਂ (ਕਾਮਰੇਡਾਂ) ਨੇ 1984 ਦੇ ਸ਼ੁਰੂ ਵਿਚ ਇਹਨਾਂ ਲੋਕਾਂ ਬਾਰੇ ਵਿਆਖਿਆ ਕੀਤੀ ਸੀ ਕਿ ਇਹ ਲੋਕ ਜਿਹੜੇ ਧਰਮ ਨੂੰ ਢਾਲ ਬਣਾ ਕੇ ਬਾਹਾਂ ਉਲਾਰਦੇ ਹਨ ਇਹਨਾਂ ਨੇ ਜ਼ਹਿਰ ਉਗਲਣ ਤੋਂ ਬਿਨਾਂ ਲੋਕਾਂ ਨੂੰ ਲੁਟਣਾ ਵੀ ਹੈ ਅਤੇ ਕਿਹਾ ਸੀ ਕਿ ਇਹਨਾਂ ਦੀ ਗੋਲਕਾਂ ਪਿਛੇ ਜੁਤੀ ਖੜਕਣੀ ਹੈ। ਇਹਨਾਂ ਸਾਰਿਆਂ ਦੀ ਦੌੜ ਸਿਰਫ ਗੁਰਦੁਆਰਿਆਂ ਦੀਆਂ ਗੋਲਕਾਂ ਨੂੰ ਕਬਜ਼ੇ ਵਿਚ ਕਰਨਾ ਹੈ ਹੋਰ ਕੁਝ ਨਹੀਂ। ਇਹ ਸਭ ਕੁਝ ਅੱਜ ਲੋਕਾਂ ਦੇ ਸਾਹਮਣੇ ਹੈ। ਇਹਨਾਂ ਨੇ ਸੰਤ ਲੌਂਗੋਵਾਲ, ਜਥੇਦਾਰ ਉਮਰਾ ਨੰਗਲ, ਸੁਰਜੀਤ ਸਿੰਘ ਬਰਨਾਲਾ, ਰਾਗੀ ਦਰਸ਼ਨ ਸਿੰਘ ਫਿਰ ਜਸਵੀਰ ਸਿੰਘ (ਭਿੰਡਰਾਂਵਾਲੇ ਦਾ ਭਤੀਜਾ) ਨੂੰ ਗੱਦਾਰ ਕਿਹਾ ਹੈ। ਇਥੋਂ ਤੱਕ ਕਿ ਇਹਨਾਂ ਲੋਕਾਂ ਦੀਆਂ ਕਾਲੀਆਂ ਲੋਕ ਮਾਰੂ ਨੀਤੀਆਂ ਦਾ ਪਤਾ ਲਗਦਾ ਹੈ ਕਿ ਇਹਨਾਂ ਦੇ ਕੋਈ ਸਿਆਣਾ ਆਦਮੀ ਫਿਟ ਨਹੀਂ ਆਇਆ। ਕਿਉਂਕਿ ਅਕਲ ਨਾਲ ਤਾਂ ਇਹਨਾਂ ਸੌਂਕਣ ਦਾ ਰਿਸ਼ਤਾ ਅਖਤਿਆਰ ਕੀਤਾ ਹੋਇਆ ਹੈ ਜਿਸ ਕਿਸੇ ਨੇ ਵੀ ਸਮਝਦਾਰੀ ਦੀ ਗੱਲ ਕੀਤੀ ਇਹਨਾਂ ਭਾਣੇ ਸਰਕਾਰੀਆ ਜਾਂ ਗੱਦਾਰ। ਲਾਹਣਤ ਹੈ ਇਹਨਾਂ ਦੇ।

ਇਹਨਾਂ ਲੋਕਾਂ ਦੀਆਂ ਜ਼ਮੀਰਾਂ ਦਾ ਪਤਾ ਇਹਨਾਂ ਵਲੋਂ ਲਿਖੀਆਂ ਚਿੱਠੀਆਂ ਅਤੇ ਇਸ਼ਤਿਹਾਰਾਂ ਤੋਂ ਲੱਗ ਜਾਂਦਾ ਹੈ ਕਿ ਕਿੰਨੀਆਂ ਗਿਰੀਆਂ ਹੋਈਆਂ ਹਨ ਜਦੋਂ ਇਕ ਦੂਜੇ ਨੂੰ ਕੱਛੀ ਬਰਾਂਡ, ਕਛਿਹਿਰਾ ਬਰਾਂਡ, ਮੁਖਬਰ ਝੋਲੀ ਚੁੱਕ, ਰਾਜੀਵ ਦੇ ਪੁੱਤ, ਹਜ਼ਾਰਾਂ ਪੌਂਡਾਂ ਦਾ ਘਪਲਾ ਕਰਨ ਵਾਲੇ, ਗੋਲਕਾਂ ਤੋੜਨ ਦਾ ਠੇਕਾ, ਕਲੰਡਰ ਮਹਿੰਗੇ ਸਸਤੇ ਵੇਚ ਕੇ ਕਿਸ ਨੇ ਕਿਸ ਤੋਂ ਜ਼ਿਆਦਾ ਲੋਕਾਂ ਨੂੰ ਲੁਟਿਆ ਹੈ ਆਦਿ ਬੋਲੀ ਬੋਲਦੇ ਜਾਂ ਲਿਖਦੇ ਹਨ।

ਇਸ ਦੇਸ਼ ਵਿਚ ਰਹਿੰਦਿਆਂ ਸਾਡੀਆਂ ਅਨੇਕਾਂ ਮੁਸ਼ਕਲਾਂ ਹਨ ਜਿਹਨਾਂ ਵਿਚ ਸਾਡੀ ਆਉਣ ਵਾਲੀ ਪੀੜ੍ਹੀ ਦਾ ਭਵਿਖ ਨਸਲਵਾਦ, ਨਸਲਵਾਦੀ ਇਮੀਗਰੇਸ਼ਨ ਕਾਨੂੰਨ, ਸ਼ਹਿਰੀਅਤ ਵਾਰੇ ਕਾਨੂੰਨ ਅਤੇ ਪੋਲ ਟੈਕਸ ਜਿਸ ਦਾ ਸਭ ਤੋਂ ਜ਼ਿਆਦਾ ਅਸਰ ਸਾਡੇ ਅਤੇ ਸਾਡੇ ਬੱਚਿਆਂ ਉਤੇ ਪੈਣਾ ਹੈ। ਕੀ ਇਹਨਾਂ ਲੋਕਾਂ ਨੇ ਇਹਨਾਂ ਕਾਨੂੰਨਾਂ ਦਾ ਵਿਰੋਧ ਕਰਨ ਵਾਸਤੇ ਕੋਈ ਹੀਆ ਕੀਤਾ ਹੈ? ਕਦੇ ਨਹੀਂ! ਕਿਸੇ ਵੀ ਗੁਰਦੁਆਰੇ ਵਿਚੋਂ ਇਸ ਬਾਰੇ ਇਕ ਸ਼ਬਦ ਵੀ ਨਹੀਂ ਕਿਹਾ ਗਿਆ ਕਿਉਂਕਿ ਇਹਨਾਂ ਕੰਮਾਂ ਵਿਚੋਂ ਮਾਇਆ ਨਹੀਂ ਅਰਦਾਸ ਹੁੰਦੀ। ਕੋਈ ਹੈ ਐਡਾ ਚੌਧਰੀ ਜੋ ਕਹਿ ਸਕੇ ਕਿ ਫਲਾਣੇ ਗੁਰਦੁਆਰੇ ਨੇ ਉਪਰੋਕਤ ਕਾਨੂੰਨਾਂ ਦੀ ਵਿਰੋਧਤਾ ਲਈ ਔਹ ਕਿਹਾ ਜਾਂ ਔਹ ਕੀਤਾ? (ਇਸ ਨਾਲ ਗੌਰਮਿੰਟ ਵਲੋਂ ਤਨਖਾਹ ਲੈਂਦੇ ਰਿਸ਼ਤੇਦਾਰ ਬੀਬੀ ਜਾਂ ਬੀਬਾ ਦਾ ਕਮਿਊਨਿਟੀ ਵਰਕ, ਫਾਰਮ ਭਰਨਾ ਆਦਿ ਦਾ ਕੋਈ ਸੰਬੰਧ ਨਹੀਂ) ਸੰਬੰਧ ਸਿਰਫ ਕਮਿਊਨਿਟੀ ਨੂੰ ਗੁਰਦੁਆਰਿਆਂ ਦੀਆਂ ਸਟੇਜਾਂ ਤੋਂ ਵਾਫਿਕ ਕਰਾਉਣਾ ਅਤੇ ਉਹਨਾਂ ਨੂੰ ਸੰਘਰਸ਼ ਲਈ ਲਾਮਬੰਦ ਕਰਨਾ ਹੈ। ਇਹਨਾਂ ਉਸਤਾਦਾਂ ਨੇ ਬਰਤਾਨੀਆਂ ਵਿਚੋਂ ਜਾਣਾ ਨਹੀਂ ਫਿਰ ਕੁਕਰਮ ਕਰਕੇ ਭਾਰਤ ਵਿਚ ਕਿਉਂ ਲੋਕਾਂ ਨੂੰ ਬਲੀ ਦੇ ਬੁੱਥੇ ਦੇ ਰਹੇ ਹਨ ਇਸਦਾ ਜਵਾਬ ਭਾਲਣਾ ਬਾਕੀ ਹੈ।

ਅਸੀਂ ਹਮੇਸ਼ਾਂ ਕਹਿੰਦੇ ਹਾਂ ਕਿ ਧਰਮ ਅਤੇ ਸਿਆਸਤ ਦੋ ਸਮਾਨਅੰਤਰ (ਅੱਡ) ਗੱਲਾਂ ਹਨ ਇਹ ਕਿਸੇ ਸਮੇਂ ਵੀ ਇਕ ਨਹੀਂ ਹੋ ਸਕਦੀਆਂ, ਇਹਨਾਂ ਨੂੰ ਅੱਡ ਹੀ ਰੱਖਣਾ ਚਾਹੀਦਾ ਹੈ। ਪਰ ਅਖੌਤੀ ਧਰਮ ਦੇ ਠੇਕੇਦਾਰਾਂ ਨੂੰ ਇਹ ਦਲੀਲ ਬੁਰੀ ਲਗਦੀ ਹੈ। ਇਹਨਾਂ ਮੁਤਾਬਕ ਸਿੱਖ ਧਰਮ ਅਤੇ ਸਿਆਸਤ ਇਕ ਹਨ। ਇਹਨਾਂ ਦੇ ਇਸ ਧਰਮ ਅਤੇ ਸਿਆਸਤ ਇਕ ਦੇ ਫਾਰਮੂਲੇ ਦੀ ਕੋਝੀ ਹਰਕਤ ਦਾ ਪਤਾ ਇਸ ਗੱਲ ਤੋਂ ਲਗਦਾ ਹੈ ਜਦੋਂ ਦੇਸ ਪ੍ਰਦੇਸ ਦੇ ਜੂਨ 1987 ਦੇ ਵਿਸ਼ੇਸ਼ ਘਲੂਕਾਰਾ ਅੰਕ ਦੇ ਸਫਾ 71 ਉਤੇ ਬ੍ਰਿਟਿਸ਼ ਵੈਲਫੇਅਰ ਸੁਸਾਇਟੀ ਵਲੋਂ ਇਸ਼ਤਿਹਾਰ ਦਿੱਤਾ ਗਿਆ ਕਿ ਆਪਣੀ ਵੋਟ ਟੋਰੀ ਨੂੰ ਪਾਓ। ਪਰ ਇਸੇ ਸਫੇ ਉਤੇ ਸਿੱਖ ਯੂਥ ਮੂਵਮੇਂਟ ਬਰਮਿੰਘਮ ਦਾ ਇਸ਼ਤਿਹਾਰ ਸੀ ਕਿ ਵੋਟ ਐਸ. ਡੀ. ਪੀ ਲਿਬਰਲ ਅਲਾਇੰਸ ਨੂੰ ਪਾਓ। ਫਿਰ ਇਹ ਦੋਵੇਂ ਸਿੱਖ ਧਰਮ ਦੀਆਂ ਜਥੇਬੰਦੀਆਂ ਖਾਲਸਾ ਰਾਜ ਦੀ ਸਥਾਪਤੀ (ਖਾਲਿਸਤਾਨ) ਦੇ ਨਾਂ ਉਤੇ ਲੋਕਾਂ ਨੂੰ ਠੱਗ ਨਹੀਂ ਰਹੀਆਂ ਤਾਂ ਕੀ ਕਰ ਰਹੀਆਂ ਹਨ। ਇਹ ਹੈ ਇਹਨਾਂ ਦੀ ਧਰਮ ਅਤੇ ਸਿਆਸਤ ਇਕ ਹੋਣ ਦੀ ਦਲੀਲ ਦੇ ਕਾਰਨਾਮੇ। ਕੀ ਇਹਨਾਂ ਨੇ ਟੋਰੀ ਜਾਂ ਅਲਾਇੰਸ ਵਰਗੀਆਂ ਸਿਆਸੀ ਪਾਰਟੀਆਂ ਦੀ ਹਮਾਇਤ ਲਈ ਕੋਈ ਸਰਬਤ ਖਾਲਸਾ ਜਾਂ ਅਕਾਲ ਤਖਤ ਤੋਂ ਆਗਿਆ ਲਈ ਜਾਂ ਸਿਰਫ "ਜਿਥੇ ਦੇਖਾਂ ਤਵਾ ਪਰਾਤ, ਉਥੇ ਕੱਟਾਂ ਸਾਰੀ ਰਾਤ", ਵਾਲੀ ਹੀ ਗੱਲ ਹੈ?

ਅਸੀਂ ਇਹਨਾਂ ਲੋਕਾਂ ਨੂੰ ਬਬਰ ਲਹਿਰ ਅਤੇ ਅਕਾਲੀ ਲਹਿਰ ਦੇ ਅਣਮੁਲੇ ਵਿਰਸੇ ਦਾ ਵਾਸਤਾ ਪਾਉਂਦੇ ਰਹੇ ਪਰ ਇਹਨਾਂ ਦੇ ਜਰਨੈਲਾਂ, ਕਰਨੈਲਾਂ ਦੇ ਚਰਿਤਰ ਅਤੇ ਸਮਝ ਬਾਰੇ ਉਹਨਾਂ ਦੇ ਬਿਆਨਾਂ ਤੋਂ ਪਤਾ ਲੱਗਾ ਹੈ ਕਿ ਇਹਨਾਂ ਤਾਂ ਸਕੂਲ ਮੋਹਰ ਦੀ ਕੱਟਾ ਵੀ ਨਹੀਂ ਲੰਘਾਇਆ ਤਾਂ ਐਡੇ ਸ਼ਾਨਦਾਰ ਵਿਰਸੇ ਦੀ ਸਾਂਭ ਸੰਭਾਲ ਕਿਵੇਂ ਕਰ ਸਕਦੇ ਹਨ। ਪਰ ਹਾਂ, ਬੱਚਿਆਂ ਦੇ ਕਾਤਲਾਂ ਨੂੰ ਸੂਰਮੁ. ਸੂਰਮੇ ਕਹਿਣੇ ਸਿੱਖ ਇਤਿਹਾਸ ਅਤੇ ਧਰਮ ਲਈ ਸਭ ਤੋਂ ਗੰਦੀ ਗਾਲ੍ਹ ਹੈ। ਜਿਹੜੀ ਇਹ ਬੜੇ ਮਾਣ ਨਾਲ ਕੱਢ ਰਹੇ ਹਨ। ਬਰਤਾਨੀਆਂ ਵਿਚ ਲੋਕਾਂ ਦੀ ਏਕਤਾ ਅਤੇ ਸਾਂਝ ਉਤੇ ਇਹਨਾਂ ਲੋਕਾਂ ਵਲੋਂ ਮਾਰੀ ਸੱਟ ਲਈ ਇਹ ਆਉਣ ਵਾਲੀ ਪੀੜ੍ਹੀ ਦੇ ਦੋਸ਼ੀ ਹਨ ਜੋ ਕਦੇ ਵੀ ਕਿਸੇ ਵੀ ਕੀਮਤ ਉਤੇ ਇਹਨਾਂ ਨੂੰ ਮੁਆਫ ਨਹੀਂ ਕਰੇਗੀ।

ਅਖੀਰ ਵਿਚ ਜਿਹੜੇ ਨੌਜਵਾਨ ਇਹਨਾਂ ਦੀਆਂ ਚਾਲਾਂ ਵਿਚ ਆ ਕੇ ਗੁੰਮਰਾਹ ਹੋ ਗਏ ਸਨ ਨੂੰ ਹੁਣ ਪਤਾ ਲਗਦਾ ਜਾ ਰਿਹਾ ਹੈ ਕਿ ਹਾਥੀ ਦੇ ਦੰਦ ਵਿਖਾਉਣ ਦੇ ਹੋਰ ਖਾਣ ਦੇ ਹੋਰ ਹਨ ਨੂੰ ਹੋਰ ਉਤਾਂਹ ਉਠ ਕੇ ਇਹਨਾਂ ਦਾ ਵਿਰੋਧ ਕਰਨਾ ਚਾਹੀਦਾ ਹੈ। ਜਿਹੜੇ ਹਾਲੇ ਵੀ ਵਿਚ ਵਿਚਾਲੇ ਹਨ ਉਹਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਇਸ ਰਾਹ ਉਤੇ ਨਹੀਂ ਧੁਰ ਤੱਕ ਛਾ, ਸਿਰਫ ਉਜਾੜਾ ਹੀ ਉਜਾੜਾਂ ਹਨ। ਆਪਣੀ ਉਮਰ ਦੇ ਕੀਮਤੀ ਸਾਲ ਬੜੀ ਸਿਆਣਪ ਨਾਲ ਵਰਤੋ ਨਹੀਂ ਤਾਂ ਬਾਕੀ ਦੀ ਉਮਰ ਪਛਤਾਉਣ ਤੋਂ ਵਗੈਰ ਕੁਝ ਪੱਲੇ ਨਹੀਂ ਰਹੇਗਾ। ਸਭ ਤੋਂ ਉਚਮ ਅਤੇ ਪਵਿਤਰ ਦੁਨੀਆਂ, ਸਵਰਗਾਂ, ਨਰਕਾਂ ਵਿਚ ਇਕੋ ਇਕ ਰਾਹ ਹੈ - ਇਨਸਾਨੀਅਤ ਸਭ ਧਰਮਾਂ ਤੋਂ ਉਪਰ ਹੈ। ਇਨਸਾਨ ਬਣੋ।

ਰਾਗੀ ਦਰਸ਼ਨ ਸਿੰਘ ਵਲੋਂ ਦੱਬੀ ਜ਼ੁਬਾਨ 'ਚ ਕਤਲਾਂ ਦੀ ਨਿਖੇਧੀ

ਲੁਧਿਆਣਾ — ਸਿੰਘ ਸਾਹਿਬ ਰਾਗੀ ਦਰਸ਼ਨ ਸਿੰਘ ਨੇ ਇਕ ਵਿਸ਼ੇਸ਼ ਪ੍ਰੈਸ ਕਾਨਫਰੰਸ ਵਿਚ ਦਹਿਸ਼ਤਗਰਦਾਂ ਵਲੋਂ ਤਰਨ ਤਾਰਨ ਲਗੇ ਰੇਲ ਮੁਸਾਫਰਾਂ ਦੇ ਕੀਤੇ ਕਤਲਾਂ ਦੀ ਨਿਖੇਧੀ ਕੀਤੀ। ਪਰ ਦਹਿਸ਼ਤਗਰਦਾਂ ਦੇ ਨਾਂ ਲਏ ਬਿਨਾਂ। ਉਹਨਾਂ ਕਿਹਾ "ਮੈਨੂੰ ਇਹਨਾਂ ਕਤਲਾਂ ਨਾਲ ਦੁੱਖ ਹੋਇਆ ਹੈ। ਬੇਦੋਸ਼ਿਆਂ ਦੇ ਕਤਲ ਸਰਕਾਰੀ ਤੇ ਭਾਵੇਂ ਗੈਰ ਸਰਕਾਰੀ ਢੰਗ ਨਾਲ ਕੀਤਾ ਗਿਆ ਹੋਵੇ ਉਹ ਮਨੁੱਖਤਾ ਦਾ ਕਤਲ ਹੈ। ਕੋਈ ਧਰਮ ਇਸ ਦੀ ਆਗਿਆ ਨਹੀਂ ਦੇਂਦਾ।"

ਸਿੰਘ ਸਾਹਿਬ ਨੇ ਆਪਣੀ ਇਹ ਗੱਲ ਫਿਰ ਕਹੀ ਕਿ ਕਤਲਾਂ ਵਿਰੁਧ ਹੁਕਮਨਾਮਾ ਜਾਰੀ ਨਹੀਂ ਕੀਤਾ ਜਾ ਸਕਦਾ ਕਿਉਂਕਿ ਅਜੇਹਾ ਕਰਨ ਦਾ ਮਤਲਬ ਹੋਵੇਗਾ ਕਿ ਕਤਲ ਕੇਵਲ ਸਿੱਖ ਹੀ ਕਰਦੇ ਹਨ। ਹੁਕਮਨਾਮੇ ਤੇ ਅਪਰੇਸ਼ਨ ਵਿਚ ਇਹ ਫਰਕ ਹੈ ਕਿ ਹੁਕਮਨਾਮਾ ਕੇਵਲ ਸਿੱਖਾਂ ਲਈ ਹੈ ਜਦੋਂ ਕਿ ਅਪਰੇਸ਼ਨ ਸਾਰਿਆਂ ਲਈ ਹੁੰਦਾ ਹੈ। ਮੈਂ ਸਮਝਦਾ ਹਾਂ ਅਜੇਹੇ ਕਤਲਾਂ ਦੇ ਜ਼ਿਮੇਂਵਾਰ ਲੋਕਾਂ ਨੂੰ ਕਦੇ ਤਾਂ ਤਰਸ ਆਏਗਾ। ਜੋ ਪੰਜਾਬ ਵਿਚ ਵਹਿ ਰਹੇ ਖੂਨ ਵਿਚ ਆਪਣੇ ਸਿਆਸੀ ਹਿੱਤਾਂ ਦੀ ਭਾਲ ਕਰਦੇ ਹਨ ਅਤੇ ਪੰਜਾਬ ਦੇ ਮਸਲੇ ਬਾਰੇ ਗੰਭੀਰ ਨਹੀਂ ਹਨ। ਬੇਦੋਸ਼ੇ ਲੋਕਾਂ ਦਾ ਖੂਨ ਕਦੋਂ ਤੱਕ ਵਹਿੰਦਾ ਰਹੇਗਾ। ਮੇਰੀ ਤਾਂ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਉਹ ਸਭ ਨੂੰ ਸੁਮੱਤ ਬਖਸ਼ੇ ਤਾਂ ਜੋ ਪੰਜਾਬ ਵਿਚ ਹੋਰ ਖੂਨ ਖਰਾਬਾ ਬੰਦ ਹੋਵੇ। ਮੇਰੀ ਤਾਂ ਇਹ ਵੀ ਕਾਮਨਾ ਹੈ ਕਿ ਪੰਜਾਬ ਵਿਚ ਛੇਤੀ ਅਮਨ ਹੋਵੇ ਤਾਂ ਪੰਜਾਬ ਦਾ ਵਿਕਾਸ ਹੋਵੇ। ਖੂਨ ਖਰਾਬਾ ਬਹੁਤ ਹੋ ਗਿਆ। ਸਾਡਾ ਸਾਰਿਆਂ ਦਾ ਫਰਜ਼ ਹੈ ਕਿ ਕਤਲ ਚਾਹੇ "ਸਰਕਾਰੀ ਹੋਣ ਜਾਂ ਗੈਰ ਸਰਕਾਰੀ" ਉਹਨਾਂ ਦੀ ਨਿਖੇਧੀ ਕਰੀਏ। ਸਿੰਘ ਸਾਹਿਬ ਨੇ ਕਿਹਾ ਕਿ — ਮੈਨੂੰ ਕਈ ਸੁਨੇਹੇ ਮਿਲੇ ਹਨ। ਮੇਰੀ ਜ਼ਿੰਦਗੀ ਖਤਰੇ ਵਿਚ ਹੈ। ਮੈਨੂੰ ਖਤਮ ਕਰਨ ਲਈ ਡਿਊਟੀਆਂ ਵੀ ਲਾ ਦਿੱਤੀਆਂ ਗਈਆਂ ਹਨ ਦੂਜੇ ਪਾਸੇ ਸਰਕਾਰ ਵੀ ਮੈਨੂੰ ਮਰਵਾਉਣਾ ਚਾਹੁੰਦੀ ਹੈ। ਮੈਂ ਨਹੀਂ ਕਹਿ ਸਕਦਾ ਕਿ ਇਹਨਾਂ ਗੱਲਾਂ ਵਿਚ ਕਿੱਥੋਂ ਤੱਕ ਸਚਾਈ ਹੈ। ਜਦੋਂ ਤੱਕ ਮੈਂ ਪੰਥ ਦੀ ਸੇਵਾ ਕਰਨੀ ਹੈ ਕੋਈ ਮੈਨੂੰ ਰੋਕ ਨਹੀਂ ਸਕਦਾ ਮੈਂ ਇਸ ਮਾਮਲੇ ਨੂੰ ਵਧਾਉਣਾ ਵੀ ਨਹੀਂ ਚਾਹੁੰਦਾ।

ਜਦੋਂ ਪੱਤਰਕਾਰਾਂ ਨੇ ਪੁੱਛਿਆ ਕਿ ਹੁਣ ਤੁਸੀਂ ਲੁਧਿਆਣੇ ਰਹੋਗੇ ਜਾਂ ਅਕਾਲ ਤਖਤ ਉਤੇ ਜਵਾਬ ਵਿਚ ਉਹਨਾਂ ਕਿਹਾ ਕਿ ਮੇਰਾ ਫਰਜ਼ ਬਣਦਾ ਹੈ ਕਿ ਅਕਾਲ ਤਖਤ ਉਤੇ ਰਹਾਂ। ਉਹ ਵੀ ਸਾਡਾ ਕੇਂਦਰੀ ਸਥਾਨ ਹੈ। ਪਰ ਸ਼੍ਰੋਮਣੀ ਕਮੇਟੀ ਨੇ ਅਜੇ ਮੇਰੀ ਰਿਹਾਇਸ਼ ਦਾ ਪ੍ਰਬੰਧ ਨਹੀਂ ਕੀਤਾ। ਬਰਨਾਲਾ ਦੀ ਮੁਆਫੀ ਦੀ ਦਰਖਾਸਤ ਬਾਰੇ ਉਹਨਾਂ ਕਿਹਾ ਕਿ ਬਾਕੀ ਸਿੰਘ ਸਾਹਿਬਾਨ ਨਾਲ ਗੱਲਬਾਤ ਪਿਛੋਂ ਹੀ ਕੁਝ ਕਿਹਾ ਜਾ ਸਕਦਾ ਹੈ।

ਪਾਕਿਸਤਾਨ ਦੀ ਪ੍ਰਮਾਣੂ ਹਥਿਆਰਾਂ ਦੀ ਤਿਆਰੀ ਤੋਂ ਭਾਰਤ ਚਿੰਤਤ - ਵੈਂਕਟਾਰਮਨ

ਨਵੀਂ ਦਿੱਲੀ — ਭਾਰਤ ਦੇ ਰਾਸ਼ਟਰਪਤੀ ਮਿ. ਵੈਂਕਟਾਰਮਨ ਜਿਹਨਾਂ ਨੇ ਦੂਰ ਦੁਰਾਡੇ ਦੇਸ਼ਾਂ ਦਾ ਦੌਰਾ ਕੀਤਾ ਹੈ ਨੇ ਸਾਈਪਰਸ ਵਿਖੇ ਉਥੋਂ ਦੇ ਰਾਸ਼ਟਰਪਤੀ ਵਲੋਂ ਦਿੱਤੇ ਭੋਜ ਸਮੇਂ ਤਕਰੀਰ ਵਿਚ ਪਾਕਿਸਤਾਨ ਦੀ ਸਖਤ ਅਲੋਚਨਾ ਕੀਤੀ। ਉਹਨਾਂ ਕਿਹਾ ਕਿ ਪਾਕਿਸਤਾਨ ਵਲੋਂ ਪ੍ਰਮਾਣੂ ਹਥਿਆਰਾਂ ਦੀ ਤਿਆਰੀ ਅਤੇ ਦਹਿਸ਼ਤਗਰਦਾਂ ਨੂੰ ਹਥਿਆਰਾਂ ਦੀ ਸਪਲਾਈ ਕਾਰਨ ਭਾਰਤ ਆਪਣੀ ਪੱਛਮੀ ਸਰਹੱਦ ਦੇ ਗਵਾਈ ਤੋਂ ਸਖਤ ਪਰੇਸ਼ਾਨ ਹੈ। ਪਾਕਿਸਤਾਨ ਦਾ ਨਾਂ ਲਏ ਬਿਨਾਂ ਉਨ੍ਹਾਂ ਕਿਹਾ ਕਿ ਭਾਰਤ ਸਾਰੇ ਗਵਾਂਢੀਆਂ ਨਾਲ ਮਿੱਤਰਤਾ ਪੂਰਨ ਰਹਿਣਾ ਚਾਹੁੰਦਾ ਹੈ ਪਰ ਪੱਛਮੀ ਗਵਾਂਢ ਅਜੇਹਾ ਨਹੀਂ ਚਾਹੁੰਦੇ। ਰਾਸ਼ਟਰਪਤੀ ਵੈਂਕਟਾਰਮਨ ਨੇ ਕਿਹਾ ਕਿ ਭਾਰਤ ਨੇ ਸ੍ਰੀਲੰਕਾ ਨਾਲ ਅਮਨ ਸਮਝੌਤਾ ਵੀ ਇਸੇ ਦ੍ਰਿਸ਼ਟੀ ਨਾਲ ਕੀਤਾ ਹੈ ਤੇ ਉਸ ਨੂੰ ਲਾਗੂ ਕਰਾਉਣ ਲਈ ਵਚਨਬੱਧ ਹੈ। ਇਸੇ ਵਿਚ ਭਾਰਤ ਦੇ ਗਵਾਂਢੀ ਸ੍ਰੀਲੰਕਾ ਦਾ ਭਲਾ ਹੈ ਇਸੇ ਵਿਚ ਭਾਰਤ ਦੀ ਚਿੰਤਾ ਮੁਕਦੀ ਹੈ।

ਮਾਨਵ ਜ਼ਾਤੀ ਨੂੰ ਖਤਰਾ

ਕੌਮਾਂਤਰੀ ਹਾਲਾਤ ਦਾ ਵਰਨਣ ਕਰਦਿਆਂ ਉਹਨਾਂ ਕਿਹਾ ਕਿ ਦੁਨੀਆਂ ਵਿਚ ਹਥਿਆਰਾਂ ਦੀ ਦੌੜ ਕਾਰਨ ਮਾਨਵ ਜਾਤੀ ਦਾ ਭਵਿਖ ਖਤਰੇ ਵਿਚ ਹੈ। ਜੇਕਰ ਸਾਰੀਆਂ ਤਾਕਤਾਂ ਨਿਸ਼ਸਤਰੀਕਰਨ ਉਤੇ ਸਹਿਮਤ ਹੋ ਜਾਣ ਅਤੇ ਵੱਖ ਵੱਖ ਵਿਚਾਰਧਾਰਾ ਦੇ ਬਾਵਜੂਦ ਸਹਿਹੋਂਦ ਦਾ ਅਸੂਲ ਅਪਨਾ ਲੈਣ ਤਾਂ ਦੁਨੀਆਂ ਤਬਾਹੀ ਤੋਂ ਬਚ ਸਕਦੀ ਹੈ।



ਰਾਸ਼ਟਰਪਤੀ ਵੈਂਕਟਾਰਮਨ

ਰਾਸ਼ਟਰਪਤੀ ਨੇ ਵੱਡੀਆਂ ਤਾਕਤਾਂ ਨੂੰ ਕਿਹਾ ਕਿ ਉਹ ਅਫਗਾਨਿਸਤਾਨ ਦੇ ਲੋਕਾਂ ਨੂੰ ਆਪਣੀ ਹੋਣੀ ਆਪ ਬਣਾਉਣ ਦੇਣ। ਬਾਹਰਲਾ ਕੋਈ ਵੀ ਦਖਲ ਮਸਲੇ ਨੂੰ ਹੋਰ ਉਲਝਾਏਗਾ। ਇਸ ਤੋਂ ਪਹਿਲਾਂ ਰਾਸ਼ਟਰਪਤੀ ਫਿਨਲੈਂਡ ਦੀ ਰਾਜਧਾਨੀ ਪਹੁੰਚੇ ਜਿਥੇ ਉਹਨਾਂ ਭਾਰਤ ਚੀਨ ਸੰਬੰਧਾਂ ਦਾ ਜ਼ਿਕਰ ਕਰਦਿਆਂ ਅਮਨ ਸਹਿਤ ਸਾਰੇ ਝਗੜੇ ਨਬੇੜਨ ਦੇ ਭਾਰਤ ਦੇ ਸੰਕਲਪ ਦਾ ਵਰਨਣ ਕੀਤਾ ਕਿਉਂਕਿ ਚੀਨ ਨਾਲ ਭਾਰਤ ਦੀ ਪੁਰਾਣੀ ਸਭਿਆਚਾਰਕ ਸਾਂਝ ਵੀ ਹੈ।

ਕੈਨੇਡੀਅਨ ਦੌੜਾਕ ਬੈੱਨ ਜਾਨਸਨ ਤੋਂ ਗੋਲਡ ਮੈਡਲ ਖੋਹ ਲਿਆ



JOHNSON

ਸੀਓਲ — ਦੱਖਣੀ ਕੋਰੀਆ ਦੀ ਰਾਜਧਾਨੀ ਵਿਚ ਹੋ ਰਹੀਆਂ ਓਲਿੰਪਕ ਖੇਡਾਂ ਵਿਚ ਕੈਨੇਡਾ ਦੇ ਦੌੜਾਕ ਬੈਨ ਜਾਹਨਸਨ ਨੇ 100 ਮੀਟਰ ਦੀ ਦੌੜ ਵਿਚ ਪਹਿਲੇ ਨੰਬਰ ਤੇ ਆ ਕੇ ਗੋਲਡ ਮੈਡਲ ਜਿੱਤ ਲਿਆ ਸੀ, ਪਰ ਅਗਲੇ ਹੀ ਦਿਨ ਉਸ ਦੇ ਪਿਸ਼ਾਬ ਟੈਸਟ ਵਿਚ ਕਿਸੇ ਨਸ਼ੀਲੀ ਚੀਜ਼ ਦੇ ਪਰਮਾਣ ਮਿਲਣ ਉਪਰ, ਓਲਿੰਪਕ ਅਧਿਕਾਰੀਆਂ ਨੇ ਉਸ ਤੋਂ ਗੋਲਡ ਮੈਡਲ ਵਾਪਸ ਲੈ ਕੇ ਦੂਜੇ ਨੰਬਰ ਉਪਰ ਆਏ ਅਮਰੀਕਨ ਦੌੜਾਕ ਕਾਰਲ ਲੂਈਸ ਨੂੰ ਦੇ ਦਿੱਤਾ।

ਜਾਹਨਸਨ ਦੀ ਜਿੱਤ ਨੇ ਹਾਰ ਵਿਚ ਬਦਲ ਕੇ ਕੈਨੇਡਾ ਦੇ ਲੋਕਾਂ ਦੀ ਖੁਸ਼ੀ ਨੂੰ ਮਾਯੂਸੀ ਵਿਚ ਬਦਲ ਦਿੱਤਾ। ਇਹ ਇਕ ਬੜੀ ਵੱਡੀ ਅਪਮਾਨ ਕਰਨ ਵਾਲੀ ਘਟਨਾ ਬਣ ਗਈ ਹੈ। ਇਸ ਸੰਬੰਧੀ ਇਕ ਅਜਿਹੀ ਕਸ਼ਮਕਸ਼ ਸ਼ੁਰੂ ਹੋ ਗਈ ਹੈ ਜਿਸ ਨਾਲ ਇਹ ਸੰਦੇਹ ਪੈਦਾ ਹੋ ਗਿਆ ਹੈ ਕਿ ਇਸ ਲਈ ਜਾਹਨਸਨ ਦੋਸ਼ੀ ਨਹੀਂ ਹੈ ਸਗੋਂ ਕਿਸੇ ਨੇ ਉਸ ਨੂੰ ਧੋਖੇ ਨਾਲ ਪਾਣੀ ਵਿਚ ਇਹ ਨਸ਼ੀਲੀ ਦੁਆਈ ਪਿਆ ਦਿੱਤੀ ਹੈ।

ਖੇਡਾਂ ਨਾਲ ਸੰਬੰਧਿਤ ਹਲਕਿਆਂ ਵਿਚ ਇਹ ਕਿੰਤੂ ਕੀਤਾ ਜਾ ਰਿਹਾ ਹੈ ਕਿ ਸੰਸਾਰ ਦਾ 100 ਮੀਟਰ ਵਿਚ ਨਵਾਂ ਰਿਕਾਰਡ ਪੈਦਾ ਕਰਨ ਵਾਲੇ ਤੋਂ ਇਸ ਗੱਲ ਦੀ ਆਸ ਨਹੀਂ ਕੀਤੀ ਜਾ ਸਕਦੀ। ਯਾਦ ਰਹੇ ਜਾਹਨਸਨ ਨੇ ਏਸੇ ਸਾਲ ਆਪਣੇ 9.86 ਸੈਕਿੰਡ ਦੇ ਰੀਕਾਰਡ ਨੂੰ ਓਲਿੰਪਕ ਵਿਚ 9.79 ਸੈਕਿੰਡ ਨਾਲ ਤੋੜ ਕੇ, ਨਵਾਂ ਸੰਸਾਰ ਰਿਕਾਰਡ ਕਾਇਮ ਕੀਤਾ ਹੈ। ਉਸ ਨੂੰ ਕੋਰੀਅਨ ਅਧਿਕਾਰੀਆਂ ਦੇਸ਼ ਵਿਚੋਂ ਕੱਢ ਕੇ ਕੈਨੇਡਾ ਭੇਜ ਦਿੱਤਾ ਹੈ।

30 ਸਤੰਬਰ ਨੂੰ ਬੈਨ ਜਾਹਨਸਨ ਇਕ ਪ੍ਰੈਸ ਕਾਨਫਰੰਸ ਵਿਚ ਆਪਣਾ ਪੱਖ ਪੇਸ਼ ਕਰ ਰਿਹਾ ਹੈ ਅਤੇ ਰੀਪੋਰਟਰਾਂ ਦੇ ਸਵਾਲਾਂ ਦੇ ਉਤਰ ਦੇਵੇਗਾ।


ਜ਼ਿਆ ਦੇ ਪੁਤਰ ਨੂੰ ਕਤਲ ਦੀ ਧਮਕੀ

ਇਸਲਾਮਾਬਾਦ — ਮਰਹੂਮ ਜਨਰਲ ਜ਼ਿਆ ਦੇ ਲੜਕੇ ਇਜਾਜ਼ ਉਲ ਹੱਕ ਨੇ ਕਿਹਾ ਹੈ ਕਿ ਪਿਛਲੇ ਕੁਝ ਦਿਨਾਂ ਵਿਚ ਉਸ ਨੂੰ ਕਤਲ ਕੀਤੇ ਜਾਣ ਦੀਆਂ ਧਮਕੀਆਂ ਆਈਆਂ ਹਨ ਉਸ ਕਿਹਾ ਕਿ ਧਮਕੀਆਂ ਦੇ ਬਾਵਜੂਦ ਉਹ ਆਪਣੇ ਪਿਤਾ ਦਾ ਮਿਸ਼ਨ ਜਾਰੀ ਰੱਖੇਗਾ। ਪਿਤਾ ਦੀ ਮੌਤ ਬਾਅਦ ਉਹ ਹਜ ਲਈ ਸਾਊਦੀ ਅਰਬ ਪਹੁੰਚਾ ਤਾਂ ਇਕ ਅਖਬਾਰੀ ਪੱਤਰ ਪ੍ਰੇਰਕ ਨਾਲ ਗੱਲਬਾਤ ਕਰਦਿਆਂ ਉਸ ਨੇ ਕਿਹਾ ਕਿ ਉਹ ਬੈਂਕ ਆਫ ਅਮਰੀਕਾ ਦਾ ਮੁਲਾਜ਼ਮ ਹੈ। ਉਸਨੂੰ ਸਿਆਸਤ ਨਾਲ ਬਹੁਤੀ ਦਿਲਚਸਪੀ ਨਹੀਂ ਹੈ।

ਸੰਗਰਾਮ ਤੋਂ ਲੋਕ ਸੇਵਾ ਤੱਕ

ਹਰਭਜਨ ਹਲਵਾਰਵੀ

ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਪੰਜਾਬੀਆਂ ਨੇ ਬੜਾ ਭਾਰੀ ਯੋਗਦਾਨ ਪਾਇਆ ਹੈ। ਪਰ ਕੁਰਬਾਨੀਆਂ ਕਰਨ ਵਾਲੇ ਇਨ੍ਹਾਂ ਸੂਰਮਿਆਂ ਵਿਚੋਂ ਕੁਝ ਇਕ ਨੂੰ ਛੱਡ ਕੇ ਬਾਕੀਆਂ ਦੀ ਗਾਥਾ ਨੂੰ ਕਲਮਬੰਦ ਕਰਨ ਦਾ ਯਤਨ ਨਹੀਂ ਕੀਤਾ ਗਿਆ। ਅਜਿਹੇ ਹੀ ਇਕ ਸੰਗਰਾਮੀਏ ਸ੍ਰੀ ਮਹਿਮਾ ਸਿੰਘ ਧਾਲੀਵਾਲ ਸਨ।



ਮਹਿਮਾ ਸਿੰਘ ਧਾਲੀਵਾਲ

ਜ਼ਿਲਾ ਰੋਪੜ ਦੇ ਪਿੰਡ ਮੁੱਲਾਂਪੁਰ ਗਰੀਬਦਾਸ ਵਿਚ 7 ਮਈ, 1913 ਨੂੰ ਪੈਦਾ ਹੋਏ ਮਹਿਮਾ ਸਿੰਘ ਨੇ ਖਾਲਸਾ ਹਾਈ ਸਕੂਲ ਖਰੜ ਤੋਂ 1932 ਵਿਚ ਦਸਵੀਂ ਪਾਸ ਕੀਤੀ। 1933 ਵਿਚ ਉਹ ਰਾਇਲ ਇੰਡੀਅਨ ਆਰਮੀ ਦੀ ਸਿਗਨਲ ਕੋਰ ਵਿਚ ਭਰਤੀ ਹੋਇਆ ਅਤੇ ਜੱਬਲਪੁਰ ਦੀ ਛਾਉਣੀ ਵਿਚ ਸਿਖਲਾਈ ਹਾਸਲ ਕੀਤੀ। 1935 ਵਿਚ ਜਦੋਂ ਕੋਇਟੇ ਦਾ ਭੂਚਾਲ ਆਇਆ ਤਾਂ ਉਹ ਉਥੇ ਸੀ। ਇਸ ਭੂਚਾਲ ਵਿਚ 40 ਹਜ਼ਾਰ ਦੇ ਕਰੀਬ ਬੰਦੇ ਮਰੇ। ਮਹਿਮਾ ਸਿੰਘ ਨੂੰ ਇਹ ਦੇਖ ਕੇ ਅੰਗਰੇਜ਼ਾਂ ਨਾਲ ਨਫਰਤ ਹੋ ਗਈ ਕਿ ਉਹ ਆਪਣੇ ਲੋਕਾਂ ਨੂੰ ਬਚਾਉਂਦੇ ਰਹੇ ਪਰ ਹਿੰਦੁਸਤਾਨੀਆਂ ਦੀ ਪ੍ਰਵਾਹ ਨਾ ਕੀਤੀ। ਇਥੋਂ ਤਕ ਕਿ ਅੰਗਰੇਜ਼ਾਂ ਨੇ ਕਈ ਹਿੰਦੁਸਤਾਨੀਆਂ ਨੂੰ ਮਾਰ ਕੇ ਉਨ੍ਹਾਂ ਦਾ ਸਮਾਨ ਵੀ ਲੁਟਿਆ। ਮਹਿਮਾ ਸਿੰਘ ਨੇ ਆਪਣੇ ਸਾਥੀਆਂ ਸਮੇਤ ਹਿੰਦੁਸਤਾਨੀ ਲੋਕਾਂ ਦੇ ਬਚਾਓ ਲਈ ਪੂਰੇ ਯਤਨ ਕੀਤੇ। ਅੰਗਰੇਜ਼ਾਂ ਦੇ ਰਵੱਈਏ ਵਿਰੁਧ ਰੋਸ ਵਜੋਂ ਉਸ ਨੇ ਫੌਜ ਵਿਚੋਂ ਡਿਸਚਾਰਜ ਮੰਗਿਆ ਪਰ ਮੇਜਰ ਰੋਜ਼ਨਬਰਗ ਨੇ ਉਸ ਨੂੰ ਅਜਿਹਾ ਕਰਨ ਤੋਂ ਰੋਕਿਆ। ਫਿਰ ਉਸ ਨੂੰ ਮੋਟਰ ਟਰੇਨਿੰਗ ਲਈ ਚਕਰਾਤੇ ਭੇਜ ਦਿੱਤਾ ਗਿਆ।

ਅਸਲ ਵਿਚ ਅੰਗਰੇਜ਼ ਵਿਰੋਧੀ ਭਾਵਨਾ ਦੀ ਜਾਗ ਚੜ੍ਹਦੀ ਉਮਰ ਵਿਚ ਹੀ ਲੱਗ ਗਈ ਸੀ। ਉਸਦੇ ਪਿਤਾ ਸ. ਤੇਜਾ ਸਿੰਘ 1922-24 ਵਿਚ ਸਿੰਘ ਸਭਾ ਲਹਿਰ ਦੇ ਤਹਿਸੀਲ ਖਰੜ (ਉਦੋਂ ਜ਼ਿਲਾ ਅੰਬਾਲਾ) ਦੇ ਜਥੇਦਾਰ ਰਹੇ ਸਨ। ਇਲਾਕੇ ਵਿਚ ਸਭ ਤੋਂ ਪਹਿਲਾਂ ਅੰਮ੍ਰਿਤ ਪ੍ਰਚਾਰ 1924 ਵਿਚ ਉਨ੍ਹਾਂ ਨੇ ਹੀ ਸ਼ੁਰੂ ਕਰਵਾਇਆ ਸੀ। ਘਰ ਵਿਚ ਸਿਆਸੀ ਮਾਹੌਲ ਸੀ। ਅਕਾਲੀ ਤੇ ਕਾਂਗਰਸੀ ਨੇਤਾ ਅਕਸਰ ਆਉਂਦੇ ਰਹਿੰਦੇ ਸਨ।

ਚਕਰਾਤੇ ਪਿਛੋਂ ਮਹਿਮਾ ਸਿੰਘ ਨੂੰ ਮੇਰਠ ਬਦਲ ਦਿੱਤਾ ਗਿਆ। 1938-39 ਵਿਚ ਮੇਰਠ ਰਹਿਣ ਸਮੇਂ ਉਥੋਂ ਦੇ ਗੁਰਦੁਆਰੇ ਦੇ ਗ੍ਰੰਥ ਊਧਮ ਸਿੰਘ ਧਮੋਟ ਨਾਲ ਸੰਪਰਕ ਹੋਇਆ ਜਿਸ ਨੂੰ ਨਾਭਾ ਰਿਆਸਤ ਵਿਚ ਜਲਾਵਤਨ ਕਰ ਦਿਤਾ ਗਿਆ ਸੀ। ਮੇਰਠ ਤੋਂ ਸਰਦਾਰਾ ਸਿੰਘ ਯੂਥਪ ਤੇ ਸੋਢੀ ਮਹਿੰਦਰ ਸਿੰਘ ਇਨਕਲਾਬੀ ਵਿਚਾਰਾਂ ਵਾਲਾ ਪੱਤਰ 'ਕਿਰਤੀ ਲਹਿਰ' ਕੱਢਦੇ ਸਨ। ਮਹਿਮਾ ਸਿੰਘ ਇਹ ਪੜ੍ਹਦਾ ਤੇ ਆਪਣੇ ਸਾਥੀਆਂ ਨੂੰ ਪੜ੍ਹਾਉਂਦਾ।

ਸਤੰਬਰ 1939 ਵਿਚ ਦੂਜੀ ਸੰਸਾਰ ਜੰਗ ਲੱਗੀ ਤਾਂ ਉਸ ਨੂੰ ਹੋਰ ਸੈਂਕੜੇ ਫੌਜੀਆਂ ਨਾਲ ਮਿਸਰ ਭੇਜ ਦਿੱਤਾ ਗਿਆ। ਉਨ੍ਹਾਂ ਦੀ ਐਮ ਟੀ ਕੰਪਨੀ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਹੜਤਾਲ ਕਰ ਦਿੱਤੀ। ਇਸ ਹੜਤਾਲ ਦੇ ਆਗੂਆਂ ਵਿਚ ਮਹਿਮਾ ਸਿੰਘ ਧਾਲੀਵਾਲ ਵੀ ਸੀ। ਨਵੰਬਰ 1940 ਵਿਚ ਜਨਰਲ ਰੋਮੇਲ ਸਿਕੰਦਰੀਆ ਤਕ ਪਹੁੰਚ ਗਿਆ ਸੀ। ਅੰਗਰੇਜ਼ੀ ਫੌਜਾਂ ਦੀ ਕਮਾਂਡ ਜਨਰਲ ਵੇਵਲ ਕੋਲ ਸੀ। ਹੜਤਾਲੀ ਫੌਜੀਆਂ ਨੂੰ ਦਸੰਬਰ 1940 ਵਿਚ ਬੰਬਈ ਭੇਜਿਆ ਅਤੇ ਸਮੁੰਦਰੀ ਜਹਾਜ਼ ਵਿਚ ਹੀ ਕੈਦ ਕਰ ਲਿਆ ਗਿਆ। ਮਹਿਮਾ ਸਿੰਘ ਤੇ ਕੁਝ ਹੋਰ ਸਾਥੀਆਂ ਨੂੰ ਲਾਹੌਰ ਦੇ ਸ਼ਾਹੀ ਕਿਲੇ ਵਿਚ ਤਿੰਨ ਮਹੀਨੇ ਪੁਛ ਪੜਤਾਲ ਹੇਠ ਰੱਖ ਕੇ ਮੀਆਂ ਵਾਲੀ ਜੇਲ੍ਹ ਵਿਚ ਭੇਜ ਦਿੱਤਾ। ਉਥੇ ਊਧਮ ਸਿੰਘ, ਦੇਸ਼ ਬੰਧੂ ਗੁਪਤਾ, ਡਾ. ਲਹਿਣਾ ਸਿੰਘ ਸਰਗੋਧਾ, ਮੁਲਤਾਨ ਤੋਂ ਸਿਰੀ ਰਾਮ ਸ਼ਰਮਾ ਅਤੇ ਅਰਜਨ ਸਿੰਘ ਗੜਗੱਜ ਆਦਿ ਇਨਕਲਾਬੀ ਕੈਦ ਸਨ। ਫੇਰ ਹੀਰਾ ਸਿੰਘ ਦਰਦ, ਦਰਸ਼ਨ ਸਿੰਘ ਫੇਰੂਮਾਨ, ਗੋਪਾਲ ਸਿੰਘ ਕੌਮੀ, ਚੌਧਰੀ ਕਰਤਾਰ ਸਿੰਘ ਓਕਾੜਾ ਵੀ ਆ ਗਏ। ਮਹਿਮਾ ਸਿੰਘ ਦੀ ਸਿਆਸੀ ਸਿਖਲਾਈ ਲਈ ਇਹ ਮਾਹੌਲ ਬੜਾ ਸਾਜ਼ਗਾਰ ਸੀ। ਡੇਢ ਸਾਲ ਪਿਛੋਂ ਉਸ ਨੂੰ ਉਥੋਂ ਬਦਲਕੇ ਮੁਜ਼ੱਫਰਗੜ੍ਹ ਜੇਲ ’ਚ ਭੇਜ ਦਿੱਤਾ ਗਿਆ। ਇਥੇ ਸੱਜਣ ਸਿੰਘ ਮਰਗਿੰਦਪੁਰੀ, ਮੁਨਸ਼ੀ ਅਹਿਮਦ ਦੀਨ ਤੇ ਸਰ ਸਿਕੰਦਰ ਖਾਨ ਨਾਲ ਮੁਲਾਕਾਤ ਹੋਈ। ਇਸ ਪਿਛੋਂ ਉਸ ਨੂੰ ਲਾਇਲਪੁਰ ਜੇਲ੍ਹ ’ਚ ਭੇਜਿਆ ਗਿਆ ਤਾਂ ਉਥੇ ਬਾਬਾ ਗੁਰਮੁਖ ਸਿੰਘ ਲਲਤੋਂ, ਸਿਸਿਰ ਬੋਸ, ਅਰਵਿੰਦ ਬੋਸ, ਤਾਰਾ ਚੰਦ ਗੁਪਤਾ ਤੇ ਡਾ: ਨਿਤਿਆਨੰਦ ਵਾਤਸਾਯਨ ਆਦਿ ਸੁਤੰਤਰਤਾ ਸੰਗਰਾਮੀ ਮਿਲੇ। ਇਨ੍ਹਾਂ ਦੇ ਪ੍ਰਭਾਵ ਅਧੀਨ ਉਸ ਨੇ ਖੱਬੇ ਪੱਖੀ ਵਿਚਾਰਾਂ ਨੂੰ ਅਪਣਾ ਲਿਆ। ਹਾਲਤ ਬਦਲਣ ’ਤੇ ਉਸ ਨੂੰ 1945 ਵਿਚ ਰਿਹਾ ਕਰਕੇ ਪਿੰਡ ’ਚ ਜੂਹਬੰਦ ਕਰ ਦਿੱਤਾ ਗਿਆ।

ਪਿੰਡ ਰਹਿੰਦਿਆਂ ਮਹਿਮਾ ਸਿੰਘ ਪੰਚਾਇਤ ਦਾ ਮੈਂਬਰ ਬਣਿਆ ਅਤੇ ਛੇਤੀ ਹੀ ਸਰਪੰਚ ਚੁਣਿਆ ਗਿਆ। 1946 ਵਿਚ ਉਹ ਕਾਂਗਰਸ ਵਿਚ ਸ਼ਾਮਲ ਹੋ ਗਿਆ ਅਤੇ ਤਹਿਸੀਲ ਖਰੜ ਦਪ ਕਾਂਗਰਸ ਕਮੇਟੀ ਦਾ ਪ੍ਰਧਾਨ ਰਿਹਾ। 1948 ਵਿਚ ਕਾਂਗਰਸ ਛੱਡ ਕੇ ਕਿਸਾਨ ਸਭਾ ਦਾ ਮੈਂਬਰ ਬਣਿਆ ਅਤੇ ਪਹਿਲਾਂ ਤਹਿਸੀਲ ਦੀ ਅਤੇ ਫਿਰ ਜ਼ਿਲੇ ਦੀ ਕਿਸਾਨ ਕਮੇਟੀ ਦਾ ਪ੍ਰਧਾਨ ਬਣਿਆ।


(ਬਾਕੀ ਪੰਨਾ 20 ’ਤੇ)

ਲੋਕ ਸਭਾ ਉਪ-ਚੋਣਾਂ ਨਵੰਬਰ ਦੇ ਅਖੀਰ 'ਚ

ਚੋਣ ਕਮਿਸ਼ਨ ਨੇ ਸੱਤ ਲੋਕ ਸਭਾ ਹਲਕਿਆਂ ਵਿਚ ਉਪ ਚੋਣਾਂ ਨਵੰਬਰ ਮਹੀਨੇ ਦੇ ਅਖੀਰ ਵਿਚ ਕਿਸੇ ਸਮੇਂ ਕਰਾਉਣ ਦਾ ਫੈਸਲਾ ਕੀਤਾ ਹੈ। ਇਹਨਾਂ ਹਲਕਿਆਂ ਵਿਚ ਦੱਖਣੀ ਦਿੱਲੀ, ਤਿਰੂਪਤੀ (ਆਂਧਰਾ) ਸ਼ਿਓਪੁਰ ਤੇ ਭਾਗਲਪੁਰ (ਬਿਹਾਰ) ਕਾਲੀਕਟ (ਕੇਰਲਾ) ਅਕੋਲਾ (ਮਹਾਂਰਾਸ਼ਟਰ) ਅਤੇ ਕੇਂਦਰਾਪੜਾ (ਉੜੀਸਾ) ਸ਼ਾਮਲ ਹਨ।

ਹਿੰਸਾ ਦੀ ਰਾਜਨੀਤੀ/ ਪੱਤਰਕਾਰੀ

ਸੂਫੀ ਅਮਰਜੀਤ



ਕੋਈ ਰਾਜਨੀਤੀ ਨਾ ਨਿਰਪੱਖ ਹੁੰਦੀ ਹੈ ਅਤੇ ਨਾ ਹੀ ਕਿਸੇ ਇਕ ਧਰਮ ਜਾਂ ਇਕ ਦੇਸ਼ ਦੇ ਸਮੁੱਚੇ ਲੋਕਾਂ ਦੇ ਹਿੱਤਾਂ ਵਿਚ ਹੁੰਦੀ ਹੈ। ਰਾਜਨੀਤੀ ਹਮੇਸ਼ਾਂ ਹੀ ਇਕ ਜਮਾਤ ਦੇ ਹਿੱਤਾਂ ਵਿਚ ਅਤੇ ਦੂਜੀ ਜਮਾਤ ਦੇ ਹਿੱਤਾਂ ਦੇ ਵਿਰੁਧ ਹੁੰਦੀ ਹੈ। ਜਿਸ ਜਮਾਤ ਕੋਲ ਰਾਜ ਦੀ ਬਾਗਡੋਰ ਹੋਵੇ ਉਸ ਦੇ ਹਿੱਤਾਂ ਵਿਚ ਉਸਦੀ ਰਾਜਨੀਤੀ ਜਾਂਦੀ ਹੈ।

ਹਰ ਧਰਮ ਅਤੇ ਹਰ ਦੇਸ਼ ਦੇ ਲੋਕ ਵੱਖੋ ਵਖ ਜਮਾਤਾਂ ਵਿਚ ਵੰਡੇ ਹੋਏ ਹੁੰਦੇ ਹਨ। ਉਨ੍ਹਾਂ ਵਿਚ ਸਰਮਾਏਦਾਰ, ਜਾਗੀਰਦਾਰ, ਅਮੀਰ ਕਿਸਾਨ, ਗਰੀਬ ਕਿਸਾਨ, ਬੇਜ਼ਮੀਨੇ ਕਿਸਾਨ ਮੱਧ ਵਰਗੀ ਮੁਲਾਜ਼ਮ ਲੋਕ, ਅਤੇ ਮਜ਼ਦੂਰ ਹੁੰਦੇ ਹਨ ਇਹ ਸਾਰੀਆਂ ਵੱਖ ਵੱਖ ਜਮਾਤਾਂ ਹਨ। ਹਰ ਜਮਾਤ ਇਕੱਲਿਆਂ ਜਾਂ ਮਿਲ ਕੇ ਇਕ ਸਾਂਝੀ ਪਾਰਟੀ ਜਾਂ ਮੋਰਚਾ ਬਣਾਉਂਦੇ ਹਨ, ਪਰ ਇਹ ਆਮ ਕਰਕੇ ਆਪਣੇ ਆਰਥਿਕ ਹਿਤਾਂ ਦੇ ਅਨੁਕੂਲ ਹੀ ਇਕੱਠੇ ਹੁੰਦੇ ਹਨ। ਜਿਵੇਂ ਸਰਮਾਏਦਾਰ, ਜਾਗੀਰਦਾਰ ਅਤੇ ਵੱਡੀ ਅਫਸਰਸ਼ਾਹੀ, ਅਮੀਰ ਕਿਸਾਨ ਇਕ ਪਾਰਟੀ ਵਿਚ ਆ ਜਾਂਦੇ ਹਨ। ਭਾਰਤ ਵਿਚ ਕਾਂਗਰਸ, ਭਾਰਤੀ ਜਨਤਾ ਪਾਰਟੀ ਆਦਿ ਇਨ੍ਹਾਂ ਜਮਾਤਾਂ ਦੀਆਂ ਪਾਰਟੀਆਂ ਹਨ। ਲੋਕ ਦਲ, ਜਨ ਮੋਰਚਾ, ਜਨਤਾ ਪਾਰਟੀ ਆਦਿ ਸਰਮਾਏਦਾਰੀ ਦੇ ਇਕ ਭਾਗ ਜਾਗੀਰਦਾਰ, ਅਮੀਰ ਕਿਸਾਨਾਂ, ਵੱਡੀ ਅਫਸਰਸ਼ਾਹੀ ਦੇ ਲੋਕਾਂ ਦੇ ਹਿੱਤਾਂ ਵਾਲੀਆਂ ਪਾਰਟੀਆਂ ਹਨ। ਪੰਜਾਬ ਦੀ ਅਕਾਲੀ ਪਾਰਟੀ ਜਾਗੀਰਦਾਰਾਂ ਅਤੇ ਅਮੀਰ ਕਿਸਾਨਾਂ ਦੀ ਅਗਵਾਈ ਵਿਚ ਪੰਜਾਬ ਦੇ ਵੱਡਾ ਹਿਸਾ ਕਿਸਾਨਾਂ, ਠੇਕੇਦਾਰਾਂ, ਪੇਂਡੂ ਪੱਧਰ ਦੇ ਸਮਗਲਰਾਂ ਅਤੇ ਕੁਝ ਮੱਧ ਵਰਗੀ ਲੋਕਾਂ ਨੂੰ ਨਾਲ ਲੈ ਕੇ ਧਰਮ ਦੀ ਕੜੀ ਨਾਲ ਜੋੜ ਕੇ ਭਾਂਤ ਭਾਂਤ ਦੇ ਰਾਜਨੀਤਕ ਪੈਂਤਰੇ ਬਦਲਦੀ ਰਹਿੰਦੀ ਹੈ। ਗਰੀਬ ਕਿਸਾਨ, ਮੁਲਾਜ਼ਮ, ਬੇਜ਼ਮੀਨੇ ਕਿਸਾਨ ਅਤੇ ਮਜ਼ਦੂਰ ਜਮਾਤ ਦੇ ਹਿੱਤਾਂ ਵਿਚ ਕਮਿਊਨਿਸਟ ਖਲੋਂਦੇ ਹਨ।

ਇਸ ਲਈ ਹਰ ਰਾਜਨੀਤਕ ਪਾਰਟੀ ਆਪਣੀ ਜਮਾਤ ਦੇ ਹਿੱਤਾਂ ਲਈ ਹੀ ਕੰਮ ਕਰਦੀ ਹੈ। ਪਰ ਲੁਟੇਰੀਆਂ ਜਮਾਤਾਂ ਸਰਮਾਏਦਾਰਾਂ, ਜਾਗੀਰਦਾਰਾਂ, ਅਮੀਰ ਕਿਸਾਨ ਤੇ ਨੌਕਰਸ਼ਾਹੀ — ਕਿਉਂਕਿ ਘਟ ਗਿਣਤੀ ਵਿਚ ਹੁੰਦੇ ਹਨ, ਇਸ ਲਈ ਉਹ ਝੂਠੇ ਪਰਚਾਰ, ਅਫਸਰੀ ਰੋਅਬ ਤੇ ਦਬਾਓ ਨਾਲ, ਪੈਸੇ ਦੇ ਜ਼ੋਰ, ਧਰਮ ਦੇ ਵਾਸਤੇ ਪਾ ਕੇ ਅਤੇ ਪੁਲਸ ਤੇ ਗੁੰਡਿਆਂ ਦੀ ਸਹਾਇਤਾ ਨਾਲ ਆਮ ਮਿਹਨਤੀ ਗਰੀਬ ਕਿਸਾਨ-ਮਜ਼ਦੂਰਾਂ ਨੂੰ ਵੀ ਵਰਗਲਾ ਕੇ ਆਪਣੇ ਪਿਛੇ ਲਾ ਲੈਂਦੇ ਹਨ। ਇਨ੍ਹਾਂ ਆਮ ਮਿਹਨਤੀ ਲੋਕਾਂ ਨੂੰ ਨਾਲ ਲਾਉਣ ਲਈ ਇਹ ਕਦੇ ਥੋੜ੍ਹਾ ਬਹੁਤਾ ਇੰਨ੍ਹਾਂ ਲਈ ਵੀ ਕਰਕੇ ਇੰਨ੍ਹਾਂ ਦੇ ਅੱਖੀਂ ਘੱਟਾ ਪਾਕੇ ਇਨ੍ਹਾਂ ਨੂੰ ਨਾਲ ਜੋੜੀ ਰਖਦੇ ਹਨ।

ਜਦੋਂ ਇਨ੍ਹਾਂ ਲੁਟੇਰੀਆਂ ਜਮਾਤਾਂ ਦੇ ਪ੍ਰਭਾਵ ਹੇਠੋਂ ਲੋਕ ਖਿਸਕਣੇ ਸ਼ੁਰੂ ਹੋ ਜਾਂਦੇ ਹਨ ਤਾਂ ਲੋਕਾਂ ਵਿਚ ਵੰਡਾਂ ਪਾਉਣ ਲਈ ਧਰਮ, ਬੋਲੀ, ਇਲਾਕਾ ਜਾਂ ਜ਼ਾਤ ਦੀਆਂ ਵੰਡਾਂ ਪਾ ਕੇ ਲੋਕਾਂ ਨੂੰ ਪਾੜ ਕੇ ਲੜਾਉਂਦੇ ਹਨ। ਏਥੋਂ ਹਿੰਸਾਵਾਦੀ ਰਾਜਨੀਤੀ ਦਾ ਮੁੱਢ ਬੱਝਦਾ ਹੈ। ਇਹ ਹਿੰਦੂ-ਮੁਸਲਮਾਨਾਂ ਵਿਚ, ਹਿੰਦੂ-ਸਿੱਖਾਂ ਵਿਚ, ਸਿੱਖਾਂ ਮੁਸਲਮਾਨਾਂ ਵਿਚ, ਹਿੰਦੂਆਂ-ਈਸਾਈਆਂ ਵਿਚ, ਕੈਥੋਲਿਕ-ਪ੍ਰੋਟੈਸਟੈਂਟਾਂ ਵਿਚ, ਈਸਾਈ-ਮੁਸਲਮਾਨਾਂ ਵਿਚ, ਗੋਰੇ-ਕਾਲੇ ਵਿਚ ਇਸ ਤਰ੍ਹਾਂ ਹੋਰ ਪਾੜੇ ਪਾ ਕੇ ਖੂੰਨੀ ਜੰਗਾਂ ਕਰਵਾ ਦਿੰਦੇ ਹਨ, ਤਾਂ ਜੋ ਲੋਕਾਂ ਨੂੰ ਆਪਣੇ ਨਾਲ ਬੰਨ੍ਹੀ ਰੱਖਣ। ਲਿਬਨਾਨ, ਆਇਰਲੈਂਡ, ਪੰਜਾਬ ਆਦਿ ਇਸ ਦੀਆਂ ਉਘੀਆਂ ਉਦਾਹਰਣਾਂ ਹਨ।

ਪੰਜਾਬ ਵਿਚ ਇਹੋ ਕੁਝ ਕਾਂਗਰਸ ਪਾਰਟੀ ਨੇ ਕੀਤਾਅਤੇ ਇਹੋ ਕੁਝ ਵੱਖੋ ਵੱਖ ਨਾਵਾਂ ਹੇਠ ਅਕਾਲੀ ਪਾਰਟੀ ਨੇ ਕੀਤਾ। ਅਕਾਲੀ ਪਾਰਟੀ ਦਾ ਇਕ ਹਿਸਾ ਜਿਸ ਨੂੰ ਅਤਿਵਾਦੀਆਂ ਦੇ ਵੱਖੋ ਵੱਖ ਨਾਵਾਂ ਹੇਠ ਮਾਰਧਾੜ, ਲੁੱਟਾਂ ਕਰਕੇ ਅਸੀਂ ਪਿਛਲੇ ਕਈ ਸਾਲਾਂ ਤੋਂ ਦੇਖਦੇ ਆ ਰਹੇ ਹਾਂ। ਪਹਿਲਾਂ ਇਹ ਕਾਤਲ ਗਰੋਹ ਇਕ ਕਮਾਂਡ ਥੱਲੇ ਸਨ ਫਿਰ ਖਖੜੀਆਂ ਹੋ ਗਏ। ਇਹ ਆਪਣੇ ਜਨੂੰਨ ਵਿਚ ਅੰਨ੍ਹੇ ਹੋਏ ਹਿੰਦੂਆਂ ਨੂੰ, ਆਪਣੇ ਨਾਲ ਅਸਹਿਮਤ ਸਿੱਖਾਂ ਨੂੰ ਅਤੇ ਇਕ ਟੋਲਾ ਦੂਜੇ ਨੂੰ ਕਤਲ ਕਰਨ ਵਿਚ ਲੱਗਾ ਹੋਇਆ ਹੈ। ਹੁਣ ਕਮਿਊਨਿਸਟ ਇਨ੍ਹਾਂ ਦਾ ਨਿਸ਼ਾਨਾ ਬਣ ਰਹੇ ਹਨ।

ਇਨ੍ਹਾਂ ਦੀ ਮੰਗ ਇਕ ਅਜਿਹਾ ਨਾਅਰਾ ਹੈ ਜੋ ਸਿਰਫ ਸਾਮਰਾਜ ਅਤੇ ਪਾਕਿਸਤਾਨ ਦੇ ਹਿੱਤਾਂ ਦੀ ਹੀ ਪੂਰਤੀ ਕਰਦਾ ਹੈ। ਇਹ ਪੰਜਾਬ ਲਈ, ਪੰਜਾਬ ਦੇ ਲੋਕਾਂ ਲਈ ਨਹੀਂ, ਸਗੋਂ ਪਾਕਿਸਤਾਨ ਨੂੰ, ਜੋ ਕਿ ਅਮਰੀਕੀ ਸਾਮਰਾਜ ਦਾ ਅੱਡਾ ਹੈ, ਮਜ਼ਬੂਤ ਕਰਨ ਲਈ ਲੜ ਰਹੇ ਹਨ। ਇਹ ਪਾਕਿਸਤਾਨ ਦੇ ਡਿਕਟੇਟਰਾਂ ਦੇ ਹੱਥ ਮਜ਼ਬੂਤ ਕਰਕੇ ਪਾਕਿਸਤਾਨ ਦੇ ਕਿਸਾਨਾਂ-ਮਜ਼ਦੂਰਾਂ ਉਪਰ ਹੋਰ ਜ਼ੁਲਮ ਕਰਨ ਲਈ, ਅਤੇ ਪੰਜਾਬ ਨੂੰ ਭਾਰਤ ਨਾਲੋਂ ਵੱਖ ਕਰਕੇ ਪਾਕਿਸਤਾਨ ਦੇ ਸਪੁਰਦ ਕਰਨਾ ਚਾਹੁੰਦੇ ਹਨ ਤਾਂ ਜੋ ਅਮਰੀਕਾ ਦੇ ਫੌਜੀ ਅੱਡੇ ਬਣਾਏ ਜਾ ਸਕਣ ਅਤੇ ਭਾਰਤ ਦੇ ਲੋਕਾਂ ਨੂੰ ਭੁੱਖਾ ਮਾਰਿਆ ਜਾ ਸਕੇ। ਇਸ ਮੰਤਵ ਦੀ ਪੂਰਤੀ ਲਈ ਇਹ ਹਿੰਸਾ ਦੀ ਰਾਜਨੀਤੀ ਉਪਰ ਅਮਲ ਕਰ ਰਹੇ ਹਨ ਜੋ ਕਿ ਕਦੀ ਵੀ ਇਨ੍ਹਾਂ ਦੇ ਆਪਣੇ ਪਰਵਾਰਾਂ ਲਈ ਵੀ ਸਹਾਈ ਨਹੀਂ ਹੋ ਸਕਦੀ। ਸਗੋਂ ਇਨ੍ਹਾਂ ਲਈ ਵਿਨਾਸ਼ਕਾਰੀ ਹੀ ਸਿੱਧ ਹੋਵੇਗੀ ਅਤੇ ਵਿਨਾਸ਼ਕਾਰੀ ਸਿੱਧ ਹੋ ਰਹੀ ਹੈ।

ਪੰਜਾਬ ਦੇ ਅਤਿਵਾਦੀਆਂ ਦੀ ਇਸ ਵਿਨਾਸ਼ਕਾਰੀ ਰਾਜਨੀਤੀ ਨੂੰ ਪਰਚਾਰਨ ਲਈ ਜੋ ਪੱਤਰਕਾਰੀ ਸਹਾਇਕ ਹੋ ਰਹੀ ਹੈ ਉਹ ਵੀ ਇਸਦੇ ਪ੍ਰਭਾਵਾਂ ਤੋਂ ਬਚ ਨਹੀਂ ਸਕਦੀ। ਭਾਵੇਂ ਕਿ ਇਸ ਹਿੰਸਕ ਰਾਜਨੀਤੀ ਦੇ ਵਿਰੋਧ ਵਿਚ ਆਮ ਲੋਕਾਂ ਦੀ ਮਿਲਵਰਤਨ ਏਕਤਾ ਨੂੰ ਚਾਹੁਣ ਵਾਲੇ ਅਤੇ ਧਰਮ ਨਿਰਪੱਖਤਾ ਉਪਰ ਪਹਿਰਾ ਦੇਣ ਵਾਲੇ ਲੋਕ ਅਤੇ ਪਾਰਟੀਆਂ ਦੇ ਆਗੂ ਤੇ ਵਰਕਰ ਇਨ੍ਹਾਂ ਕਾਤਲਾਂ ਦਾ ਨਿਸ਼ਾਨਾ ਤਾਂ ਬਣਨੇ ਹੀ ਹਨ ਕਿਉਂਕਿ ਇਹ ਉਨ੍ਹਾਂ ਦੇ ਕੁਲਹਿਣੇ ਮਨਸੂਬਿਆਂ ਨੂੰ ਲੋਕਾਂ ਵਿਚ ਨੰਗਾ ਕਰਦੇ ਹਨ।

ਪੰਜਾਬ ਵਿਚ ਇਸ ਫਿਰਕੂ ਰਾਜਨੀਤੀ ਦੀ ਹਿੰਸਾ ਦਾ ਸ਼ਿਕਾਰ ਕਈ ਪ੍ਰਸਿੱਧ ਪੱਤਰਕਾਰ ਹੋ ਚੁਕੇ ਹਨ। ਅਸਲ ਵਿਚ ਇਸ ਹਿੰਸਾ ਦਾ ਮੁੱਢ ਹੀ ਲਾਲਾ ਜਗਤ ਨਰਾਇਣ ਦੇ ਕਤਲ ਤੋਂ ਹੋਇਆ, ਜੋ ਹਿੰਦ ਸਮਾਚਾਰ - ਜੱਗਬਾਣੀ ਆਦਿ ਅਖਬਾਰਾਂ ਦਾ ਮਾਲਕ ਸੀ। ਉਸ ਦਾ ਕਤਲ ਜਿਥੇ ਉਸ ਵਲੋਂ ਖਾਲਿਸਤਾਨ ਦੀ ਵਖਵਾਦੀ ਵਿਚਾਰਧਾਰਾ ਦਾ ਵਿਰੋਧ ਕਰਨਾ ਸੀ ਉਥੇ ਉਸ ਵਲੋਂ ਹਿੰਦੂ ਫਿਰਕਾਪ੍ਰਸਤੀ ਨੂੰ ਉਭਾਰਨਾ ਵੀ ਸੀ। ਪਰ ਹੋਰ ਪੰਜਾਬ ਦੇ ਪੱਤਰਕਾਰ ਸਿਰਫ ਇਸ ਲਈ ਹੀ ਕਤਲ ਕੀਤੇ ਗਏ ਕਿ ਉਹ ਇਸ ਸਾਮਰਾਜੀ ਸ਼ਹਿ ਉਪਰ ਪਾਕਿਸਤਾਨ ਦੀ ਸਹਾਇਤਾ ਨਾਲ ਚਲਾਈ ਜਾ ਰਹੀ ਦੇਸ਼ ਧਰੋਹੀ ਹਿੰਸਾ ਦੀ ਲਹਿਰ ਦਾ ਵਿਰੋਧ ਕਰਦੇ ਸਨ।

ਕੈਨੇਡਾ ਵਿਚ ਇੰਡੋ ਕੈਨੇਡੀਅਨ ਟਾਇਮਜ਼ ਦਾ ਸੰਪਾਦਕ ਵੀ ਇਸ ਹਿੰਸਾ ਦੀ ਰਾਜਨੀਤੀ ਨੂੰ ਪਰਚਾਰਦਾ ਹੋਇਆ ਆਪ ਇਸ ਦਾ ਸ਼ਿਕਾਰ ਹੋਇਆ ਹੈ ਭਾਵੇਂ ਕਿ ਅਸੀਂ ਇਸ ਉਪਰ ਕੁਝ ਕਹਿਣਾ ਨਹੀਂ ਚਾਹੁੰਦੇ ਕਿ ਕੇਸ ਅਦਾਲਤ ਵਿਚ ਹੈ। ਪਰ ਇਸ ਹਮਲੇ ਦੇ ਸ਼ਿਕਾਰ ਸੰਪਾਦਕ ਨੇ ਇਹ ਹਿੰਸਾ ਅਤੇ ਜ਼ਹਿਰ ਪਿਛਲੇ ਸੱਤਾਂ ਸਾਲਾਂ ਵਿਚ ਥੱਬੇ ਭਰ ਭਰ ਵੰਡੀ ਸੀ। ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ। ਇਹ ਉਸ ਦੀ ਆਪੇ ਬੀਜੀ ਫਸਲ ਦਾ ਹੀ ਬੋਹਲ ਹੈ ਜੋ ਉਸ ਦੇ ਪੱਲੇ ਪਿਆ ਹੈ।

ਇਸ ਹਮਲੇ ਤੋਂ ਪਿਛੋਂ ਅੰਗਰੇਜ਼ੀ ਮੀਡੀਏ ਨੇ ਸੰਪਾਦਕ ਇੰਡੋ ਕੈਨੇਡੀਅਨ ਟਾਇਮਜ਼ ਨੂੰ ਮਾਡਰੇਟ ਬਣਾ ਕੇ ਪੇਸ਼ ਕੀਤਾ। ਜਿਵੇਂ ਸ੍ਰੀ ਉਜੱਲ ਦੁਸਾਂਝ ਪ੍ਰੈਸ ਵਿਚ ਮਾਡਰੇਟ ਸਿੱਖ ਦੇ ਤੌਰ ਉਪਰ ਜਾਣਿਆ ਜਾਂਦਾ ਹੈ। ਇਹ ਅਸੀਂ ਪੰਜਾਬੀ ਕਮਿਊਨਿਟੀ ਵਾਲੇ ਭਲੀ ਭਾਂਤ ਦੇਖ ਸਕਦੇ ਹਾਂ ਕਿ ਕੀ ਉਜੱਲ ਦੁਸਾਂਝ ਅਤੇ ਤਾਰਾ ਸਿੰਘ ਹੇਅਰ ਇਕੋ ਜਿਹੇ ਮਾਡਰੇਟ ਸੀ? ਸੰਤ ਲੌਂਗੋਵਾਲ ਵੀ ਮਾਡਰੇਟ ਸੀ ਜਿਸ ਨੂੰ ਸੰਪਾਦਕ ਹੇਅਰ 'ਪੰਜਾਬ ਸਮਝੌਤਾ' ਕਰਨ ਉਪਰ ਫਿਟਕਾਰਾਂ ਪਾ ਰਿਹਾ ਸੀ ਅਤੇ ਉਸਦੇ ਕਤਲ ਨੂੰ 'ਹਸ਼ਰ' ਕਹਿ ਰਿਹਾ ਸੀ। ਕੀ ਸੰਪਾਦਕ ਹੇਅਰ ਲੌਂਗੋਵਾਲ ਵਰਗਾ ਮਾਡਰੇਟ ਹੈ?

ਕਿੰਮ ਬੋਲਨ ਨੇ ਆਪਣੇ 9 ਤੋਂ 14 ਸਤੰਬਰ ਦੇ 'ਵੈਨਕੂਵਰ ਸਨ' ਦੇ ਆਰਟੀਕਲਾਂ ਵਿਚ ਕੈਨੇਡੀਅਨ ਮੀਡੀਏ ਵਿਚ ਤਾਰਾ ਸਿੰਘ ਨੂੰ ਮਾਡਰੇਟ ਵਜੋਂ ਪੇਸ਼ ਕਰਨ ਦੀ ਬੇਸਮਝ-ਧਾਰਨਾ ਨੂੰ ਰੱਦ ਕਰਕੇ, ਅਤਿਵਾਦੀਆਂ ਦੇ ਬੁਲਾਰੇ ਵਜੋਂ ਅਤੇ ਉਨ੍ਹਾਂ ਨਾਲ ਨੇੜਲੇ ਸੰਬੰਧ ਰੱਖਣ ਵਾਲੇ ਵਜੋਂ ਪੇਸ਼ ਕਰ ਦਿੱਤਾ ਹੈ। ਵੈਸੇ ਪੰਜਾਬੀ ਕਮਿਊਨਿਟੀ ਨੂੰ ਤਾਂ ਕੈਨੇਡੀਅਨ ਮੀਡੀਏ ਵਲੋਂ ਹੇਅਰ ਦੇ 'ਮਾਡਰੇਟ ਰੂਪ' ਉਪਰ ਹਾਸਾ ਅਤੇ ਗੁੱਸਾ ਦੋਵੇਂ ਹੀ ਆਏ, ਪਰ ਉਨ੍ਹਾਂ ਇਸ ਨੂੰ ਮੀਡੀਏ ਦੀ ਅਗਿਆਨਤਾ ਹੀ ਸਮਝੀ ਹੈ। ਦੋ ਤਿੰਨ ਦਿਨਾਂ ਪਿਛੋਂ ਕੈਨੇਡੀਅਨ ਮੀਡੀਏ ਨੂੰ ਹੇਅਰ ਬਾਰੇ ਮਾਡਰੇਟ ਹੋਣ ਦੀ ਜਾਣਕਾਰੀ ਮਿਲਣ ਉਪਰ ਉਨ੍ਹਾਂ ਉਸ ਨੂੰ ਮਾਡਰੇਟ ਕਹਿਣਾ ਛੱਡ ਦਿੱਤਾ।

ਸਾਡਾ ਤਾਰਾ ਸਿੰਘ ਨਾਲ ਇਸ ਤੋਂ ਬਿਨਾਂ ਕੋਈ ਹੋਰ ਮਤਭੇਦ ਨਹੀਂ ਸੀ ਕਿ ਉਹ ਫਿਰਕੂ ਨਫਰਤ ਅਤੇ ਹਿੰਸਾ ਨੂੰ ਚਲਾਉਂਦਾ ਹੈ ਅਤੇ ਖਾਲਿਸਤਾਨ ਦਾ ਪਰਚਾਰ ਕਰਦਾ ਹੈ। ਨਿਰਸੰਦੇਹ ਅਸੀਂ ਖਾਲਿਸਤਾਨ ਦੇ ਵੱਖਵਾਦੀ ਵਿਚਾਰ ਦੇ ਨਾਲ ਅਸਹਿਮਤ ਹੀ ਨਹੀਂ ਸਗੋਂ ਇਸ ਦੇ ਵਿਰੋਧੀ ਹਾਂ। ਪਰ ਜੇ ਤਾਰਾ ਸਿੰਘ ਇਨ੍ਹਾਂ ਵਿਚਾਰਾਂ ਦਾ ਹੈ ਤਾਂ ਰਹੇ, ਪਰ ਬੇਗੁਨਾਹਾਂ ਦੇ ਕਾਤਲਾਂ ਨੂੰ 'ਸ਼ਹੀਦ' ਕਹਿਣ ਵਾਲਾ 'ਮਾਡਰੇਟ' ਨਹੀਂ ਹੋ ਸਕਦਾ ਅਤੇ ਉਸ ਦਾ ਕਾਤਲਾਂ ਨੂੰ 'ਸ਼ਹੀਦ' ਮੰਨਣਾ ਹਿੰਸਾ ਦੀ ਰਾਜਨੀਤੀ ਦੇ ਸਿਧਾਂਤ ਨੂੰ ਪਰਚਾਰਨਾ ਹੈ।

ਜਿਥੇ ਅਸੀਂ ਹਰ ਤਰ੍ਹਾਂ ਦੀ ਹਿੰਸਾ ਦੀ ਨਿਖੇਧੀ ਕਰਦੇ ਹਾਂ ਉਥੇ ਅਸੀਂ ਹਿੰਸਾਵਾਦੀਆਂ ਦੇ ਪਰਚਾਰਕਾਂ ਉਪਰ ਕੀਤੀ ਹਿੰਸਾ ਨੂੰ ਵੀ ਦਰੁਸਤ ਨਹੀਂ ਠਹਿਰਾ ਸਕਦੇ ਪਰ ਨਾਲ ਹੀ ਇਹ ਦਿਨ ਵਾਂਗ ਸਪਸ਼ਟ ਹੈ ਕਿ ਇੰਡੋ ਕੈਨੇ: ਟਾ: ਦੇ ਸੰਪਾਦਕ ਉਤੇ ਜੋ ਵਾਰ ਹੋਇਆ ਹੈ ਇਹ ਉਸ ਦੇ ਆਪਣੇ ਅਮਲਾਂ ਦੀ ਉਪਜ ਹੈ। ਇਸ ਵਿਚ ਕਿਸੇ ਹੋਰ ਦਾ ਕਸੂਰ ਨਹੀਂ ਹੈ। ਉਸ ਦੇ ਪਾਲ੍ਹੇ ਸੱਪਾਂ ਤੋਂ ਉਹ ਬਚ ਨਹੀਂ ਸਕਦਾ ਸੀ। ਅਸੀਂ ਉਸਦੀ ਸਿਹਤਯਾਬੀ ਚਾਹੁੰਦੇ ਹੋਏ ਆਸ ਰੱਖਾਂਗੇ ਕਿ ਉਹ ਇਸ ਤੋਂ ਸਬਕ ਸਿੱਖੇ ਅਤੇ ਹਿੰਸਾਵਾਦੀਆਂ ਦੇ ਸਮਰਥਨ ਦਾ ਰਾਹ ਛੱਡ ਕੇ ਸਹੀ ਅਰਥਾਂ ਵਿਚ 'ਮਾਡਰੇਟ' ਬਣਨ ਦਾ ਯਤਨ ਕਰੇਗਾ?

ROYAL FURNITURE LTD.

2607 Main St., VANCOUVER, B.C. (Main & 10th Ave.)

41st Anniversary Sale

AT

YOUR NEIGHBORHOOD FURNITURE BARGAIN STORE

41st ਐਨੀਵਰਸਰੀ ਸੇਲ ਲੱਗ ਗਈ ਤੁਹਾਡੀ ਕਮਿਊਨਿਟੀ ਦੇ ਮਸ਼ਹੂਰ ਫਰਨੀਚਰ BARGAIN STORE ਰੌਇਲ ਫਰਨੀਚਰ 'ਤੇ

Below Wholesale Price



COLONIAL LIVING ROOM SUITE

100% Nylon Fabric, Lifetime Warranty on frame construction

YOU GET ■ Sofa ■ Loveseat ■ Chair

All 3 Pieces

$695

Visit Our Showroom

Lowest Prices in Town



Matches Your Waterbed

PINE BEDROOM SUITE

YOU GET : ■ Headboard ■ Dresser ■ Hutch ■ 1 Night Stand ■ Chest available ■ Footboard & Rails available ■ Similar to illustration

4 Pieces

$388

WE HAVE GOT :

- Wide variety in Dining room suites and Dinnets.
- Bedroom suites in PINE and SOLID OAK at factory wholesale prices.
- Best selection in SOFA SETS, CHESTER FIELD and HID-A-BED.
- All type of Mattresses by Brand Name — SEALY, GRANGE, RESTONIC, SIMMONS and POSTURE BEAUTY.
- YOU NAME IT AND WE GOT IT.



7 Pc.

$429.98

7 Pc. Solid Bedroom Suite

From **$595**



3 Pc. Pillow Back, Comfortable, Lifetime Warranty on frame construction

YOU GET: ■ Sofa ■ Chair ■ Love Seat

$999



SAVE UP TO 50% ON MATTRESS SETS!

	39" Twin Set	54" Double Set	60" Queen Set
POSTURE BEAUTY	$139 Both Pcs.	$169 Both Pcs.	$239 Both Pcs.
SEALY	$229 Both Pcs.	$289 Both Pcs.	$329 Both Pcs.
RESTONIC	$199 Both Pcs.	$279 Both Pcs.	$299 Both Pcs.



9 Pc. TRADITIONAL DINING ROOM SUITE

YOU GET : ■ Hutch ■ Buffet ■ Table with Leaf ■ 4 Side Chairs ■ 2 Arm Chairs

$1988

ਅਸੀਂ ਕਿਸੇ ਦੀ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ 5% ਨਾਲ ਬੀਟ ਕਰਾਂਗੇ!

LOWEST PRICES GUARANTEED

ROYAL FURNITURE LTD.

2607 MAIN STREET (at 10th. AVE.), VANCOUVER, B.C.

VISA MasterCard

TEL. 874-9525

MASTER CARD VISA ACCEPTED

Purab Films & Entertainers (Canada) PRESENTS

A TALENTED GROUP OF ACTORS SINGERS DANCERS COMEDIANS FROM FILMS-T.V. & STAGE OF INDIA



A VARIETY ENTERTAINMENT SHOW YOU HAVE EVER SEEN

ਕਲਾਕਾਰ

ਸਰਦੂਲ ਸਿੰਕਦਰ: ਪੰਜਾਬੀ ਲੋਕ ਗੀਤਾਂ ਦਾ ਬਾਦਸ਼ਾਹ
ਅਮਰ ਨੂਰੀ: ਗਾਇਕਾ, ਐਕਟਰਸ, ਡਾਂਸਰ
ਮੋਹਨ ਬੱਗਣ: ਐਕਟਰ, ਗਾਇਕ, ਡਾਂਸਰ
ਜਗਜੀਤ ਸਰੀਨ: ਐਕਟਰ
ਕੇਸਰ: ਐਕਟਰ
ਬੂਟਾ ਮੁਹੰਮਦ: ਹਰਮੋਨੀਅਮ ਮਾਸਰਟ

ਬਨਵਾਰੀ: ਕਮੇਡੀਅਨ
ਰੌਸ਼ਨ ਸਾਗਰ: ਗਾਇਕ
ਪ੍ਰੀਤੀ: ਡਾਂਸਰ
ਇੰਦਰਜੀਤ: ਤਬਲਾ-ਡਰੱਮ ਮਾਸਟਰ
ਗਮਦੂਰ: ਤਬਲਾ ਮਾਸਟਰ
ਭਰਪੂਰ: ਢੋਲਕੀ ਮਾਸਟਰ

FOR FURTHER DETAILS CONTACT
KARAMJIT GHUMAN
(604)584—9083
BHUPINDER DHALIWAL
(604)589-1559

Massey Theatre
(Corner of 8th St., & 8th Avenue)
New Westminster
October 15, 1988 Saturday at 6:00 pm.

TICKETS AVAILABLE:

GOYAL VIDEO, Vancouver	877-7778
MANN MUSIC, Vancouver	321-6667
BOMBAY VIDEO, Vancouver	325-3287
MANGAT AGENCIES	594-5711
H & R VIDEO, Burnaby	
AMAN VIDEO, Delta	588-4551
JEET VIDEO, Surrey	594-3755
TRUE FOODS, Surrey	584-7011

Ticket $10, $15, $20

OCT.9/88
CALGARY
PH.273-4867
BOMBAY JEWELLERS

OCT.8/88
EDMONTON
PH.463-3903
MR. TOOR

ਅਮਰੀਕਾ ਅਤੇ ਕੈਨੇਡਾ ਵਿਚ
ਸ਼ੋਅ ਬਾਰੇ ਪਤਾ ਕਰਨ ਲਈ ਫੋਨ :

584-9083

GLOBAL IMMIGRATION SERVICES



WE ARE PROVIDING ALL IMMIGRATION SERVICES.

ਇਮੀਗਰੇਸ਼ਨ ਸਬੰਧੀ ਹਰ ਮਸਲੇ ਲਈ ਤੁਹਾਡੀ ਸੇਵਾ ਕਰ ਸਕਦੇ ਹਾਂ

ਹੇਠ ਲਿਖੀਆਂ ਲੋੜਾਂ ਲਈ ਪਹਿਲੀ ਵਾਰ ਮੁਫ਼ਤ ਸਲਾਹ ਲਈ ਮਿਲੋ

- ਬਿਜ਼ਨੈਸ ਤੌਰ ਤੇ ਕੈਨੇਡਾ ਜਾਂ ਅਮਰੀਕਾ ਵਿਚ ਇਮੀਗਰੇਸ਼ਨ ਲੈਣ ਲਈ
- ਬਿਜ਼ਨੈੱਸ ਦੇ ਅਧਾਰ 'ਤੇ ਸਾਰੇ ਪ੍ਰੀਵਾਰ ਦੀ ਇਮੀਂਗਰੇਸ਼ਨ ਜਾਂ ਨੌਕਰੀ ਲਈ ਮੰਗਵਾਉਣਾ ਹੋਵੇ।
- ਤੁਹਾਡੇ ਕਿਸੇ ਰਿਸ਼ਤੇਦਾਰ ਨੂੰ ਕਿਸੇ ਮੁਲਕ ਵਿਚੋਂ ਵੀ ਮੰਗਵਾਉਣਾ ਹੋਵੇ
- ਰੀਫਿਊਜੀ ਸਟੇਟਸ ਵਾਸਤੇ ਕਿਸੇ ਦੀ ਦਰਖਾਸਤ ਜਾਂ ਅਪੀਲ ਕਰਨੀ ਹੋਵੇ।
- ਫਾਰਮ ਇਨਵੈਸਟਮੈਂਟ ਕਰਨ ਵਾਲਿਆਂ ਲਈ ਇਮੀਗਰੇਸ਼ਨ ਦੀ ਵਿਸ਼ੇਸ਼ ਸਲਾਹ

ਇਸ ਤੋਂ ਇਲਾਵਾ ਹੋਰ ਵੀ ਕੋਈ ਇਮੀਗਰੇਸ਼ਨ ਸਬੰਧੀ ਮਾਮਲਿਆਂ ਲਈ ਮਦਦ ਕਰ ਸਕਦੇ ਹਾਂ

- Business Immigration (Investors, Enterpreneurs, self employed)
- Family Business Immigration (Job offers to relatives)
- Family & Assisted relatives
- Application for refugee status
- For adoption.
- Foreign domestic workers.
- Special Consideration in farming.

Any other matter regarding Immigration.

For Further Consultation Contact

KARNAIL SINGH NAGRA

11420 GRANVILLE AVE. RICHMOND. B.C.

PH. (604) 270-2100

Success Through Service & Experience

AWARD WINNER

OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971

For Professional Market Evaluation or Consultation

Without any obligation, contact

Buying, Selling or Trading

ਮਕਾਨ ਵੇਚਣ ਜਾਂ ਖ੍ਰੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ

Ph. Bus: 437-9431 Res: 434-4660

UNITED REALTY LTD.

2443 Kingsway, Vancouver, B.C. V5R 5G8




Ajaib S. Janda

MINT AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework
- UNI - BODY repairs
- All work conditionally guaranteed
- Free estimates
- Courtesy cars

ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖ਼ਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਓ



Bhupinder(Bob) Sihota




For further information call:

Bhupinder(Bob) Sihota

Ph. 433-1207

Mint Auto Body Ltd.

5590 Lane Street, BURNABY, B.C. V5H 2H5



ਵੈਨਕੂਵਰ ਵਿਚ ਇੱਕੀ ਦਿਨ

(ਡਾਇਰੀ ਤੇ ਟਿੱਪਣੀਆਂ)

—ਰਘੁਬੀਰ ਢੰਡ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)



ਕਿਸ਼ਤ ਚੌਥੀ

24 ਮਈ, 1988 (ਮੰਗਲਵਾਰ)

ਗੁਰਚਰਨ ਰਾਮਪੁਰੀ ਸਵੇਰੇ ਹੀ ਆ ਗਿਆ। ਉਹੀ ਨਿਮ੍ਰਤਾ, ਉਹੀ ਖਲੂਸ ਤੇ ਮੇਰੇ ਕੋਲ ਬੈਠਣ ਦੀ ਉਹੀ ਪ੍ਰਬਲ ਚਾਹ! ਮੈਨੂੰ ਬੜਾ ਮਾਣ ਮਹਿਸੂਸ ਹੋਇਆ। ਮੈਨੂੰ ਜ਼ਿੰਦਗੀ ਵਿਚ ਹਮੇਸ਼ਾਂ ਹੀ ਬਹੁਤ ਮੋਹ ਮਿਲਿਆ ਹੈ। ਉਸ ਨੇ ਆਪਣੀ ਸ਼ਾਇਰੀ ਦੀਆਂ ਦੋ ਟੇਪਾਂ ਦਿੱਤੀਆਂ, ਜਿਹਨਾਂ ਵਿਚ ਇਕ ਉਹਦੀ ਆਪਣੀ ਪੜ੍ਹੀ ਹੋਈ ਸੀ ਅਤੇ ਦੂਜੀ ਜ਼ੀਰਵੀ, ਸੁਰਿੰਦਰ ਕੌਰ ਆਦਿ ਦੀ ਗਾਈ ਹੋਈ ਸੀ। ਗੁਰਚਰਨ ਨੇ ਮੈਨੂੰ ਸੁਣ ਕੇ ਰਾਇ ਦੇਣ ਲਈ ਆਖਿਆ। ਉਸ ਨੇ ਮੇਰੀਆਂ ਕਹਾਣੀਆਂ ਦੀ ਕਾਫੀ ਸਿਫਤ ਕੀਤੀ ਅਤੇ ਕੁਝ ਕਿੰਤੂ ਵੀ ਕੀਤੇ। ਮੈਂ ਆਖਿਆ ਕਿ ਕਿੰਤੂ ਸਿਰ ਮੱਥੇ 'ਤੇ। ਮੈਂ ਇਹਨਾਂ ਬਾਰੇ ਨਿਰਪੱਖਤਾ ਨਾਲ ਸੋਚਾਂਗਾ। ਪਰ ਬਹੁਤੀ ਸਿਫਤ ਨਹੀਂ ਕਰਨੀ ਚਾਹੀਦੀ। ਲੇਖਕ ਦੇ ਸਮੇਂ-ਸਮੇਂ ਕੰਨ ਖਿਚੁਦੇ ਰਹਿਣਾ ਚਾਹੀਦਾ ਹੈ, ਪਰ ਬਹੁਤ ਪਿਆਰ ਨਾਲ ਜਿਵੇਂ ਆਪਣੀ ਬਰਾਦਰੀ ਦੇ ਬੰਦੇ ਨੂੰ ਸਮਝਾਈਦਾ ਹੈ। ਮੈਂ ਹੁਣ ਲੱਛੇਦਾਰ ਬੋਲੀ ਛੱਡ ਰਿਹਾ ਹਾਂ ਅਤੇ ਸਾਦਗੀ ਲਿਆ ਰਿਹਾ ਹਾਂ। ਪਰ ਵੱਡੀ ਗੱਲ ਸਾਦਗੀ ਨਾਲ ਆਖਣ ਦਾ ਕਸਬ ਬਹੁਤ ਸਾਧਨਾ ਤੋਂ ਬਾਦ ਆਉਂਦਾ ਹੈ ਅਤੇ ਉਹ ਸਾਧਨਾ ਮੈਂ ਹਰ ਰੋਜ਼ ਕਰਦਾ ਹਾਂ। ਆਪਾਂ ਸਾਰੇ ਸਰਸਵਤੀ ਮਾਤਾ ਦੇ ਪੁੱਤਰ ਹਾਂ। ਮਿਹਰਬਾਨੀ ਕਰਕੇ ਮੈਨੂੰ ਸਮਝਾਉਂਦੇ ਰਹਿਣਾ।

ਗੁਰਚਰਨ ਰਾਮਪੁਰੀ ਨੂੰ ਵਿਦਾ ਕਰਕੇ ਅਸੀਂ ਕਾਮਰੇਡ ਪਿਆਰਾ ਸਿੰਘ ਬਾਸੀ ਦੇ ਘਰ ਵੱਲ ਚਲ ਪਏ। ਰਾਹ ਵਿਚ ਗੁਰਚਰਨ ਰਾਮਪੁਰੀ ਵਾਲੀ ਟੇਪ ਲਾ ਦਿੱਤੀ। ਜ਼ੀਰਵੀ ਗਜ਼ਲ ਗਾ ਰਿਹਾ ਸੀ ਤੇ ਉਹਦੀ ਡੂੰਘੀ ਅਤੇ ਸੋਗਵਾਰ ਅਵਾਜ਼ ਦਿਲ ਦੇ ਧੁਰ ਅੰਦਰ ਉਤਰਦੀ ਜਾ ਰਹੀ ਸੀ :

— ਹੰਸ ਦਿਲ ਦੇ ਨੂੰ ਚੋਗ ਪਾਵਣ ਲਈ
ਕਿੰਨੇ ਹੰਝੂ ਯੁਗਾਂ ਨੇ ਕੇਰੇ ਨੇ।

ਕੀ ਜ਼ੀਰਵੀ ਇਨਾ ਵਧੀਆ ਗਾਉਂਦਾ ਹੈ? ਮੈਨੂੰ ਪਤਾ ਨਹੀਂ, ਕਿਉਂਕਿ ਮੈਂ ਉਹਨੂੰ ਕਦੀ ਸੁਣਿਆ ਨਹੀਂ। ਜਾਪਿਆ ਜਿਵੇਂ ਉਹ ਪੰਜਾਬੀ ਗਜ਼ਲ ਦਾ ਤਲਅਤ ਮਹਿਮੂਦ ਹੋਵੇ! ਆਮੀਨ! ਪਰ ਕੀ ਉਹ ਪੰਜਾਬੀ ਦੀਆਂ ਸੋਗਵਾਰ ਗਜ਼ਲਾਂ ਗਾਉਣਾ ਹੀ ਆਪਣਾ ਪੇਸ਼ਾ ਨਹੀਂ ਬਣਾ ਸਕਦਾ? ਮੇਰੇ ਖਿਆਲ ਵਿਚ ਉਹ ਅਮਰ ਹੋ ਜਾਵੇਗਾ। ਪਰ ਅਮਰ-ਪਦ ਦੇ ਰਾਹ ਵਿਚ ਇੱਕ ਪੇਟ ਦਾ ਪੁਲਸਰਾਤ ਵੀ ਹੈ, ਜਿਸ ਨੂੰ ਅਤਿ ਘੱਟ ਲੋੜਾਂ ਵਾਲੇ ਸਾਧੂ-ਸੁਭਾ ਕਲਾਕਾਰ ਹੀ ਅਬੂਰ ਕਰ ਸਕਦੇ ਹਨ।

— ਇਹ ਆਪਣਾ ਇਕ ਹੋਰ ਕਿੱਲ ਕਿਸਮ ਦਾ ਕਾਮਰੇਡ ਐ, ਸੁਰਿੰਦਰ ਸੰਘਾ। ਪਹਿਲਾਂ ਇਸ ਦੇ ਘਰ ਚਲਦੇ ਆਂ। ... ਤੁਸੀਂ ਕੀ ਸੋਚਣ ਲੱਗ ਪਏ? ... ਗੁਰਨਾਮ ਨੇ ਕਾਰ ਖੜ੍ਹੀ ਕਰਦਿਆਂ ਜਿਵੇਂ ਮੇਰੇ ਸੁਪਨੇ ਖਿਲਾਰ ਦਿੱਤੇ। ਜਿਵੇਂ ਦਿਲ ਦੀ ਬੰਸਰੀ ਵਿਚ ਕੋਈ ਕਿੱਲ ਆ ਠੁਕਿਆ ਹੋਵੇ।

ਬਹੁਤ ਸੋਹਣਾ ਘਰ ਸੀ ਸੁਰਿੰਦਰ ਦਾ। ਇਹ ਬੜਾ ਖਾੜਕੂ ਕਿਸਮ ਦਾ ਕਾਮਰੇਡ ਹੈ, ਸੱਚਾ-ਸੁੱਚਾ। ਸਾਰੇ ਭਰਾ ਸੀ. ਪੀ. ਐਮ. ਨਾਲ ਜੁੜੇ ਹੋਏ ਹਨ। ਇਸਦੇ ਪਿਤਾ ਜੀ ਵੀ ਸਾਰੀ ਉਮਰ ਪਾਰਟੀ ਨਾਲ ਹੀ ਰਹੇ। ਸਾਹਮਣੇ ਅੰਗੀਠੇ 'ਤੇ ਉਹਨਾਂ ਦੀ ਤਸਵੀਰ ਪਈ ਸੀ। ਸੁਰਿੰਦਰ ਨੇ ਦਸਿਆ ਕਿ ਮੇਰੇ ਪਿਤਾ ਜੀ ਦੀ ਇਕ ਦੇਣ ਨੂੰ ਮੈਂ ਕਦੀ ਭੁੱਲ ਨਹੀਂ ਸਕਦਾ। ਉਹਨਾਂ ਨੇ ਮਜ਼ਹਬੀ ਤੰਗਨਜ਼ਰੀ ਦਾ ਗੰਦ ਸਾਡੇ ਮਨਾਂ ਵਿਚ ਪੈਦਾ ਨਹੀਂ ਹੋਣ ਦਿੱਤਾ। ਇਸੇ ਲਈ ਅਸੀਂ ਹਰ ਝੱਖੜ-ਹਨੇਰੀ ਵਿਚ ਸਾਲਮ-ਸਬੂਤੇ ਖਲੋਤੇ ਰਹੇ ਹਾਂ। ਸੁਰਿੰਦਰ ਦੀ ਪਤਨੀ ਮਿਲੀ। ਸਾਨੂੰ ਉਹ ਹੋਰ ਵੀ ਚੰਗੀ ਲੱਗੀ ਜਦੋਂ ਉਸ ਨੇ ਦੱਸਿਆ ਕਿ ਮੇਰੇ ਪਿਤਾ ਜੀ ਮਸ਼ਹੂਰ ਸੰਗੀਤਕਾਰ ਸਨ ਅਤੇ ਸੰਗੀਤ ਪੀੜ੍ਹੀ-ਦਰ-ਪੀੜ੍ਹੀ ਸਾਡੇ ਪਰਿਵਾਰ ਵਿਚ ਤੁਰਿਆ ਆਇਆ ਹੈ।

— ਕੀ ਤੁਸੀਂ ਵੀ ਸੰਗੀਤ ਨੂੰ ਅਗਾਂਹ ਤੋਰਿਆ? ... ਮੈਂ ਪੁੱਛਿਆ।

— ਨਹੀਂ। ਪਹਿਲਾਂ ਸ਼ੌਕ ਸੀ ਪਰ ਹੁਣ ਕੋਈ ਖਾਸ ਨਹੀਂ ਰਿਹਾ। ਉਂਜ ਮੇਰੇ ਕੋਲ ਸਰੋਦ, ਸ਼ਹਿਨਾਈ ਤੇ ਸਿਤਾਰ ਦੀਆਂ ਬਹੁਤ ਟੇਪਾਂ ਨੇ।

ਮੈਂ ਭੈਣ ਸਤਵੰਤ ਨੂੰ ਬੇਨਤੀ ਕੀਤੀ ਕਿ ਖਾਨਦਾਨੀ ਰਵਾਇਤਾਂ ਨੂੰ ਮਰਨ ਨਹੀਂ ਦੇਣਾ ਚਾਹੀਦਾ। ਸੰਗੀਤ ਤਾਂ ਇਨਸਾਨੀ ਜਜ਼ਬਿਆਂ ਨੂੰ ਕੋਮਲ ਬਣਾਉਂਦਾ ਹੈ ਅਤੇ ਕੋਮਲ-ਭਾਵੀ ਮਨੁੱਖ ਹੀ ਆਪ ਜਲ ਕੇ ਦੁਨੀਆਂ ਨੂੰ ਰੌਸ਼ਨੀ ਦਿੰਦਾ ਹੈ ਅਤੇ ਸੱਚੀਆਂ-ਸੁੱਚੀਆਂ ਕਦਰਾਂ ਪੈਦਾ ਤੇ ਲਾਗੂ ਕਰ ਸਕਦਾ ਹੈ।

ਮੇਰੇ ਖਿਆਲ ਵਿਚ ਉਹਨਾਂ ਨੂੰ ਮੇਰੀ ਗੱਲ ਨੇ ਕਾਫੀ ਪ੍ਰਭਾਵਿਤ ਕੀਤਾ ਅਤੇ ਸਾਨੂੰ ਕਿਸੇ ਦਿਨ ਖਾਣੇ 'ਤੇ ਆਉਣ ਲਈ ਆਖਿਆ। ਵਿਸ਼ਵਾਸ ਵੀ ਦਿਵਾਇਆ ਕਿ ਉਹ ਸੰਗੀਤ ਨੂੰ ਮੁੜ ਸੁਰਜੀਤ ਕਰਨਗੇ ਅਤੇ ਆਪਣੇ ਬੱਚਿਆਂ ਨੂੰ ਵੀ ਇਸ ਵਲ ਪ੍ਰੇਰਿਤ ਕਰਨਗੇ।

ਫਿਰ ਅਸੀਂ ਕਾਮਰੇਡ ਬਾਸੀ ਦੇ ਘਰ ਚਲੇ ਗਏ। ਬੜਾ ਵੱਡਾ ਤੇ ਸੋਹਣਾ ਸੀ ਉਸ ਦਾ ਘਰ ਅਤੇ ਬਹੁਤ ਚੰਗੀ ਸੀ ਉਹਦੀ ਪਤਨੀ ਸ਼ਵਿੰਦਰ। ਉਂਜ ਤਾਂ ਸਾਰੇ ਕਾਮਰੇਡਾਂ ਦੀਆਂ ਹੀ ਪਤਨੀਆਂ ਚੰਗੀਆਂ ਹੁੰਦੀਆਂ ਹਨ, ਕਿਉਂਕਿ ਉਹਨਾਂ ਨੂੰ ਤੰਗੀਆਂ ਤੇ ਤਲਖੀਆਂ ਵਿਚੋਂ ਦੀ ਲੰਘਣਾ ਪੈਂਦਾ ਹੈ। ਇਕੱਲ ਵੀ ਹੰਢਾਉਣੀ ਪੈਂਦੀ ਹੈ। ਹਰ ਸਮੇਂ ਆਏ-ਗਏ ਨੂੰ ਸੰਭਾਲਣਾ ਪੈਂਦਾ ਹੈ। ਭੈਣ ਜੀ ਸ਼ਵਿੰਦਰ ਨੇ ਦਸਿਆ ਕਿ ਮੈਨੂੰ ਤੁਹਾਡੀਆਂ ਕਹਾਣੀਆਂ ਬਹੁਤ ਪਸੰਦ ਨੇ ਤੇ ਮੈਂ ਸਾਰੀਆਂ ਪੜ੍ਹੀਆਂ ਹਨ। ਉਹਨਾਂ ਨੇ ਕਈ ਕਹਾਣੀਆਂ ਦੇ ਨਾਂ ਵੀ ਲਏ। ਮੈਂ ਆਖਿਆ ਕਿ ਮੈਂ ਤੇਈ ਸਾਲਾਂ ਤੋਂ ਇੰਗਲੈਂਡ ਰਹਿ ਰਿਹਾ ਹਾਂ, ਪਰ ਮੈਨੂੰ ਤਾਂ ਕਦੀ ਕਿਸੇ ਨੇ ਕਹਾਣੀ ਸੁਣਾਉਣ ਲਈ ਨਹੀਂ ਆਖਿਆ। ਖਾਸ ਕਰ ਜਦੋਂ ਦਾ ਗੁਰਨਾਮ ਕੈਨੇਡਾ ਗਿਆ ਹੈ, ਉਦੋਂ ਤੋਂ ਤਾਂ ਬਿਲਕੁਲ ਨਹੀਂ। ਉਹ ਮੇਰੀ ਕਹਾਣੀ ਬੜੀ ਕਦਰ ਨਾਲ ਸੁਣਦਾ ਹੁੰਦਾ ਸੀ। ਬੇਕਦਰੀ ਨਾਲ ਅਤੇ ਬਿਨਾਂ ਵਾਰ-ਵਾਰ ਆਖਿਆਂ ਆਪਾਂ ਵੀ ਸੁਣਾਉਣ ਦੇ ਆਦੀ ਨਹੀਂ ਹਾਂ। ਸ਼ਵਿੰਦਰ ਹਰ ਸਮੇਂ ਮੁਸਕਾਣ ਵਾਲੀ ਦੇਵੀ ਹੈ ਅਤੇ ਉਹਦੀ ਮੁਸਕਾਣ ਚਿਹਰੇ ਤੋਂ ਬੱਦਲਾਂ ਵਾਂਗ ਉਡ ਸਾਰੇ ਘਰ ਵਿਚ ਖਿੰਡ ਜਾਂਦੀ ਹੈ। ਬਾਸੀ ਨੂੰ ਬਲੱਡ-ਪ੍ਰੈਸ਼ਰ ਤੇ ਅੰਜਾਈਨਾ ਦੀ ਤਕਲੀਫ ਹੋਣ ਕਾਰਣ ਨੌਕਰੀ ਤੋਂ ਛੁੱਟੀ ਕਰਨੀ ਪਈ। ਤਕਲੀਫ ਹੋ ਗਈ ਸੀ; ਦਾਰੂ ਪੀਣੋ ਨਹੀਂ ਸੀ ਹਟਦਾ। ਮੈਂ ਆਖਿਆ: "ਵੇਖ, ਤੂੰ ਮੈਥੋਂ ਹਰ ਲਿਹਾਜ਼ ਨਾਲ ਵੱਡਾ ਏਂ। ਦਾਰੂ ਬਿਲਕੁਲ ਨਾ ਪੀ। ਕਦੀ-ਕਦੀ ਵਾਈਨ ਪੀ ਲਿਆ ਕਰ। ਸਨਅਤੀ ਮੁਲਕਾਂ ਵਿਚ ਜਦੋਂ ਬੰਦੇ ਤੁਰ ਜਾਂਦੇ ਨੇ ਤਾਂ ਬਚੇ ਹੋਏ ਜੀਵਨ-ਸਾਥੀ ਨੂੰ ਇਕੱਲ ਨਿਗਲ ਜਾਂਦੀ ਹੈ।"

ਕਾਮਰੇਡ ਬਾਸੀ ਨੇ ਮੇਰੇ ਨਾਲ ਕਮਿਊਨਿਸਟ ਪਾਰਟੀ ਤੇ ਮਾਰਕਸਵਾਦੀ ਵਾਰਤਾਲਾਪ ਆਰੰਭ ਕਰ ਲਿਆ। ਆਖਣ ਲਗਿਆ: "ਅਸੀਂ ਏਥੇ ਤੀਹ ਮੈਂਬਰ ਹਾਂ। ਲਗਾਤਾਰ 'ਲੋਕਤਾ' ਪਰਚਾ ਕੱਢਦੇ ਹਾਂ। ਅਤਿਵਾਦੀ-ਵੱਖਵਾਦੀ-ਮੂਲਵਾਦੀ ਦੌਰ ਵਿਚ ਡਟ ਕੇ ਖਲੋਤੇ ਰਹੇ ਹਾਂ।"

ਬਰਫੀ ਲੱਡੂਆਂ ਨਾਲ ਚਾਹ ਪੀ ਅਸੀਂ ਗੁਰਨਾਮ ਹੋਰਾਂ ਦੇ ਘਰ, ਆਪਣੇ ਅੱਡੇ ਤੇ ਆ ਗਏ।

ਸ਼ਾਮ ਨੂੰ ਅਮਰਜੀਤ ਸੂਫੀ ਮੈਨੂੰ ਮਿਲਣ ਆਇਆ। ਉਸ ਦੀ ਗੱਲ-ਗੱਲ ਵਿਚੋਂ ਲਿਆਕਤ ਤੇ ਸ਼ਰਾਫਤ ਟਪਕ ਰਹੀ ਸੀ। ਸੂਫੀ ਕਵਿਤਾ ਵੀ ਲਿਖਦਾ ਹੈ, ਲੇਖ ਵੀ ਤੇ ਹੁਣ ਹੋਚੀ ਮਿੰਨ੍ਹ ਦੀ ਜੀਵਨੀ ਲਿਖ ਰਿਹਾ ਹੈ। ਉਸ ਨੇ ਮੈਨੂੰ ਇੱਕ-ਦੋ ਘੰਟਿਆਂ ਲਈ ਇਕੱਲਿਆਂ ਮਿਲਣ ਦੀ ਇੱਛਾ ਪ੍ਰਗਟ ਕੀਤੀ। ਮੈਂ ਆਖਿਆ: ਜ਼ਰੂਰ। ਮੇਰੇ ਧੰਨਭਾਗ ਹੋਣਗੇ।

ਮੈਂ ਉਸਨੂੰ ਇਹ ਵੀ ਆਖਿਆ ਕਿ ਜਿਹੜਾ ਵੀ ਇੰਗਲੈਂਡ ਜਾਂ ਇੰਡੀਆ ਤੋਂ ਵੈਨਕੂਵਰ ਆਉਂਦਾ ਹੈ, ਉਹ ਸੂਫੀ ਤੇ ਮੁਹਿੰਦਰ ਸੂਮਲ ਦੀ ਸਿਫਤ ਜ਼ਰੂਰ ਕਰਦਾ ਹੈ। ਤੁਹਾਨੂੰ ਤਾਂ ਮਿਲ ਲਿਆ, ਪਰ ਮੁਹਿੰਦਰ ਹਾਲੀਂ ਨਹੀਂ ਮਿਲਿਆ। ਸੂਫੀ ਨੇ ਦੱਸਿਆ ਕਿ ਉਹ ਤਾਂ ਆਪ ਤੁਹਾਨੂੰ ਮਿਲਣ ਲਈ ਉਤਾਵਲਾ ਹੈ। ਉਹਦੀ ਡਿਊਟੀ ਕੁਝ ਕਸੂਤੀ ਹੈ - ਸ਼ਾਮ ਨੂੰ ਚਾਰ ਤੋਂ ਰਾਤ ਦੇ ਬਾਰਾਂ ਵਜੇ ਤੀਕ। ਦਿਨੇ ਉਹ ਤੁਹਾਨੂੰ ਫੋਨ ਕਰਦਾ ਰਹਿੰਦਾ ਹੈ, ਪਰ ਦਿਨੇ ਤੁਸੀਂ ਘਰ ਨਹੀਂ ਹੁੰਦੇ। ਉਹ ਤੇ ਉਹਦੀ ਪਤਨੀ ਇਕਬਾਲ ਬੜੇ ਚੰਗੇ ਜੀਅ ਹਨ। ਮੁਹਿੰਦਰ ਕਵਿਤਾ ਵੀ ਵਧੀਆ ਲਿਖਦਾ ਹੈ, ਪਰ ਪੜ੍ਹਦਾ ਜ਼ਰਾ ਘੱਟ ਹੈ। ਤੁਸੀਂ ਉਹਨੂੰ ਪ੍ਰੇਰਨਾ।

ਅਚਾਨਕ ਪ੍ਰਕਾਸ਼ ਦੀਆਂ ਅੱਖਾਂ ਵਿਚ ਹੰਝੂ ਵਹਿਣ ਲਗ ਪਏ। ਉਹਦੇ ਕਾਫੀ ਦਰਦ ਹੋ ਰਿਹਾ ਸੀ। ਉਹਦੇ ਬਦਨ ਵਿਚ ਇਸੇ ਤਰ੍ਹਾਂ ਪੀੜਾਂ ਉਠਦੀਆਂ ਹਨ। ਉਹ ਆਰਾਮ ਕਰਨ ਤੋਂ ਹਮੇਸ਼ਾ ਕਤਰਾਉਂਦੀ ਰਹਿੰਦੀ ਹੈ। ਮੈਂ ਉਸ ਨੂੰ ਜ਼ਰਾ ਰੰਗ ਵਿਚ ਲਿਆਉਣ ਲਈ ਆਖਿਆ ਕਿ ਰੋ ਨਾ। ਇਹ ਤਾਂ ਨੰਗੇ ਬਦਨ ਵਾਂਗ ਅਤਿ ਖੂਬਸੂਰਤ ਤੇ ਪ੍ਰਾਈਵੇਟ ਦੌਲਤ ਹੈ। ਇਹ ਦਰਿਆ ਦਿਲੀ ਸ਼ਰੇ-ਬਾਜ਼ਾਰ ਨਹੀਂ ਸੋਭਦੀ। ਖੈਰ, ਉਸ ਨੂੰ ਦੋ ਪੈਰਾਸੀਟੇਮਲ ਦੀਆਂ ਗੋਲੀਆਂ ਦਿੱਤੀਆਂ, ਗਰਮ-ਗਰਮ ਚਾਹ ਪੀਤੀ ਅਤੇ ਗਰਮ ਬੋਤਲ ਦਾ ਸੇਕ ਦਿੱਤਾ ਅਤੇ ਘੰਟੇ ਵਿਚ ਹੀ ਨੌ-ਬਰ-ਨੌ ਹੋ ਗਈ।

ਉਦੋਂ ਹੀ ਪਤਾ ਲੱਗਿਆ ਕਿ ਗੁਰਨਾਮ-ਹਰਮਿੰਦਰ ਦਾ ਲੜਕਾ ਅਮਨਦੀਪ ਫਸਟ ਡਵੀਜ਼ਨ ਵਿਚ ਐਲ. ਐਲ. ਬੀ. ਵਿਚੋਂ ਪਾਸ ਹੋ ਗਿਆ ਹੈ। ਅਮਨਦੀਪ ਖਾਣ ਲਈ ਪੀਤਸਾ ਲੈ ਆਇਆ। ਬਲੂ ਨੰਨ ਦੀ ਵਾਈਨ ਦੀ ਬੋਤਲ ਵੀ। ਪੀਤਸਾ ਬਹੁਤਾ ਸੁਆਦ ਨਹੀਂ ਲੱਗਿਆ। ਕਾਰਣ ਸਿਰਫ ਇਹ ਸੀ ਕਿ ਅਸੀਂ ਪੀਤਸਾ ਹੱਟ ਤੋਂ ਖਾਣ ਦੇ ਆਦੀ ਹਾਂ ਅਤੇ ਉਹਦਾ ਨੁਸਖਾ ਸਾਨੂੰ ਜ਼ਬਾਨੀ ਯਾਦ ਨਹੀਂ ਸੀ। ਮੈਂ ਅਮਨਦੀਪ ਨੂੰ ਉਸਦੀ ਸ਼ਾਨਦਾਰ ਸਫਲਤਾ ਦੀ ਖੁਸ਼ੀ ਵਿਚ ਗਿਆਰਾਂ ਡਾਲਰ ਦਿੱਤੇ। ਉਹ ਲੈਂਦਾ ਨਹੀਂ ਸੀ। ਨਾਲੇ ਗਿਆਰਾਂ ਡਾਲਰ ਉਹਦੇ ਲਈ ਸ਼ੈਅ ਵੀ ਕੀ ਸਨ। ਪਰ ਮੇਰੀ ਖੁਸ਼ੀ ਲਈ ਉਸ ਨੇ ਧੰਨਵਾਦ ਸਹਿਤ ਸਵੀਕਾਰ ਕਰਕੇ ਸਾਨੂੰ ਖੁਸ਼ੀ ਦਿੱਤੀ।

ਇਨਫੈਕਸ਼ਨ ਹਾਲੀਂ ਵੀ ਰੜਕ ਰਹੀ ਸੀ। ਮੈਂ ਭਾਫ ਲਈ ਤੇ ਸ਼ਾਂਤ ਮਨ ਨਾਲ ਸੌਂ ਗਿਆ।

* * * *

25 ਮਈ, 1988 (ਬੁੱਧਵਾਰ)

ਇਨਫੈਕਸ਼ਨ ਹਾਲੀਂ ਵੀ ਕਾਫੀ ਸੀ। ਇਸ ਲਈ ਸਵੇਰੇ-ਸਵੇਰੇ ਭਾਫ ਲਈ। ਅੱਜ ਐਂਟੀਬਾਇਓਟਿਕਸ ਦਾ ਆਖਰੀ ਦਿਨ ਸੀ, ਪਰ ਇਨਫੈਕਸ਼ਨ ਨਾ ਹਟਣ ਕਰਕੇ ਡਰ ਰਿਹਾ ਸਾਂ। ਪਰ ਆਪਣੇ-ਆਪ ਨੂੰ ਹੌਸਲਾ ਦਿੱਤਾ ਕਿ ਤਿੰਨ ਕੋਰਸ ਤਾਂ ਲਗਾਤਾਰ ਲੈ ਹੀ ਚੁਕਿਆ ਹਾਂ ਅਤੇ ਇਕ ਹਫਤੇ ਦਾ ਨਾਗਾ ਤਾਂ ਪਾਉਣਾ ਹੀ ਚਾਹੀਦਾ ਹੈ। ਨਾਲੇ ਹਫਤਾ ਕੀ ਚੀਜ਼ ਹੈ; ਆਪਾਂ ਤਾਂ ਕਈ ਸਾਲ ਕੱਟੇ ਹਨ ਚੁੱਪ-ਚਾਪ ਦਰਦ ਸਹਿੰਦਿਆਂ। ਕੇਡਾ ਵਿਸ਼ਾਲ ਤਜਰਬਾ ਹੈ ਆਪਣਾ! ਜੇਡਾ ਵਿਸ਼ਾਲ ਇਹ ਮੁਲਕ ਹੈ ਕੈਨੇਡਾ!

ਗੁਰਨਾਮ ਨੇ ਯੂਨੀਵਰਸਿਟੀ ਦੀ ਲਾਇਬਰੇਰੀ ਵਿਚ ਕਿਤਾਬਾਂ ਮੋੜਨੀਆਂ ਸਨ। ਮੈਨੂੰ ਤੇ ਪ੍ਰਕਾਸ਼ ਨੂੰ ਵੀ ਨਾਲ ਲੈ ਗਏ ਅਤੇ ਯੂਨੀਵਰਸਿਟੀ ਬਾਰੇ ਦਸਦੇ ਗਏ: ਰਘੁਬੀਰ ਜੀ! ਆਹ ਵੇਖੋ ਕੋਈ ਦਸ ਮੀਲ ਲੰਮਾ ਜੰਗਲ ਹੈ ਸੜਕ ਦੇ ਦੋਹੀਂ ਪਾਸੀਂ। ਇਹ ਸਭ ਯੂਨੀਵਰਸਿਟੀ ਦੀ ਮਾਲਕੀ ਹੈ। ਪੁਲਿਸ ਤੇ ਫਾਇਰ-ਬਰਗੇਡ ਵੀ ਯੂਨੀਵਰਸਿਟੀ ਦਾ ਆਪਣਾ ਹੈ ... ਬਵੰਜਾ ਹਜ਼ਾਰ ਵਿਦਿਆਰਥੀ ਪੜ੍ਹਦਾ ਹੈ ਇਥੇ ... ਭਾਰਤ ਦੇ ਕਾਲਜ ਜੇਡੀ ਬਿਲਡਿੰਗ ਤਾਂ ਸਿਰਫ ਵਿਦਿਆਰਥੀ ਯੂਨੀਅਨ ਦੀ ਹੈ।

ਯੂਨੀਵਰਸਿਟੀ ਤੋਂ ਬਾਦ ਅਸੀਂ ਸਾਧੂ ਨੂੰ ਮਿਲਣ ਗਏ। ਕੁਝ ਦਿਨ ਪਹਿਲਾਂ ਮੈਂ "ਸਿਰਜਣਾ" ਵਿਚ ਸਾਧੂ ਦੀ ਕਹਾਣੀ "ਦੁਪਹਿਰ ਹੋਣ ਤੋਂ ਪਹਿਲਾਂ" ਪੜ੍ਹੀ ਸੀ। ਉਂਜ ਵੀ "ਵਤਨੋਂ ਦੂਰ" ਵਿਚ ਐਡੀਟਰਾਂ ਦੀ ਫਰਿਸਤ ਵਿਚ ਉਸ ਦਾ ਨਾਂ ਪੜ੍ਹਦਾ ਹੁੰਦਾ ਸਾਂ। ਸਾਧੂ ਗਲਵਕੜੀ ਪਾ ਕੇ ਮਿਲਿਆ। ਬੜਾ ਗੰਭੀਰ ਤੇ ਸਾਊ ਜਿਹਾ ਬੰਦਾ ਜਾਪਿਆ। ਕਹਾਣੀਕਾਰ ਸੁਖਵੰਤ ਅਤੇ ਦਰਸ਼ਨ ਗਿੱਲ ਵੀ ਉਥੇ ਬੈਠੇ ਸਨ। ਦਰਸ਼ਨ ਗਿੱਲ ਨੇ ਅੱਜ ਹੋਰ ਸੂਟ ਪਾਇਆ ਹੋਇਆ ਸੀ। ਜਾਪਿਆ ਕਿ ਉਸ ਨੂੰ ਕਪੜੇ ਪਾਉਣ ਦਾ ਬੜਾ ਸ਼ੌਕ ਹੈ। ਸੁਖਵੰਤ ਤੇ ਸਾਧੂ ਦੀ ਬਹੁਤ ਪੱਕੀ ਆੜੀ ਹੈ ਅਤੇ ਉਹ ਰਲ ਕੇ, ਸਮਾਜਕ ਤੇ ਰਾਜਨੀਤਕ ਕੁਰੀਤੀਆਂ ਦਾ ਪਰਦਾ ਫਾਸ਼ ਕਰਨ ਵਾਲੇ, ਛੋਟੇ-ਛੋਟੇ ਨਾਟਕ ਲਿਖਦੇ ਹਨ। ਉਹਨਾਂ ਦੀ ਆਪਣੀ ਇਕ ਨਾਟਕ ਮੰਡਲੀ ਹੈ। ਸਾਧੂ ਨੇ ਮੇਰੀਆਂ ਕਹਾਣੀਆਂ ਦੀ ਬਹੁਤ ਪ੍ਰਸ਼ੰਸਾ ਕੀਤੀ, ਪਰ ਨਾਲ ਇਹ ਵੀ ਆਖਿਆ ਕਿ ਮੈਨੂੰ ਅੰਨ੍ਹੀ ਸ਼ਰਧਾ ਨਹੀਂ ਹੈ। ਸੁਖਵੰਤ ਨੇ ਮੇਰੀ ਹੰਢਣਸਾਰ ਕਹਾਣੀ ਬਾਰੇ ਇਤਰਾਜ਼ ਕਰਦਿਆਂ ਆਖਿਆ ਕਿ ਮੈਨੂੰ ਹੰਢਣਸਾਰ ਨਾਂ ਅਤੇ ਇਸ ਵਿਚ ਔਰਤ ਜਾਤੀ ਦੀ ਭੂਮਿਕਾ ਉਤੇ ਕਾਫੀ ਇਤਰਾਜ਼ ਹੈ ਤੇ ਮੈਂ "ਕਲਮ" ਪਰਚੇ ਵਿਚ ਇਸ ਸੰਬੰਧੀ ਇਕ ਲੇਖ ਵੀ ਲਿਖ ਰਿਹਾ ਹਾਂ। ਮੈਂ ਬਹੁਤ ਖੁਸ਼ ਹੋਇਆ ਕਿਉਂਕਿ ਉਹਦੀਆਂ ਗੱਲਾਂ ਵਿਚ ਸੁਹਿਰਦਤਾ ਸੀ ਅਤੇ ਉਹ ਪੂਰੀ ਈਮਾਨਦਾਰੀ ਨਾਲ ਹੀ ਇੰਜ ਸੋਚ ਰਿਹਾ ਸੀ, ਬੇਸ਼ਕ ਉਹਦੇ ਕਿੰਤੂ ਪ੍ਰਸੰਗ-ਬਾਹਰੇ ਹੀ ਕਿਉਂ ਨਾ ਹੋਣ। ਮੈਂ ਉਸ ਨੂੰ ਆਖਿਆ ਕਿ ਮੈਂ ਤਾਂ ਕੀ ਕੋਈ ਲੇਖਕ ਵੀ ਸੰਪੂਰਣ ਨਹੀਂ ਹੁੰਦਾ। ਜੇ ਤੇਰੀ ਗੱਲ ਜਚ ਗਈ ਤਾਂ ਮੈਂ ਕਹਾਣੀ ਵਿਚ ਲੋੜੀਂਦਾ ਸੁਧਾਰ ਕਰ ਲਵਾਂਗਾ। ਸ਼ੁਕਰੀਆ।

ਸਾਧੂ ਨੇ ਆਪਣਾ ਸੰਕਟ ਦਸਿਆ: "ਮੈਂ ਫੈਸਲਾ ਨਹੀਂ ਕਰ ਸਕਿਆ ਕਿ ਕੈਨੇਡਾ ਵਿਚ ਖੁਸ਼ਹਾਲ ਜੀਵਨ ਬਤੀਤ ਕਰਦਿਆਂ ਲੇਖਕ ਬਣਾਂ ਜਾਂ ਭਾਰਤ ਜਾ ਕੇ ਉਥੋਂ ਦੀ ਇਨਕਲਾਬੀ ਲਹਿਰ ਵਿਚ ਭਾਗ ਲਵਾਂ।"

ਮੈਂ ਜਵਾਬ ਦਿੱਤਾ: "ਇਹ ਸੰਕਟ ਮੇਰਾ ਵੀ ਸੀ, ਜਿਸ ਨੂੰ ਮੇਰੀ ਬੀਮਾਰੀ ਨੇ ਆਪਣੇ-ਆਪ ਹੱਲ ਕਰ ਦਿੱਤਾ। ਪਰ ਤੂੰ ਸੋਚ ਲੈ ਕਿਉਂਕਿ ਇਹ ਨਿਰੋਲ ਤੇਰਾ ਆਪਣਾ ਮਾਮਲਾ ਹੈ। ਉਂਜ ਅਮਲ ਤੇ ਅਸਲੀਅਤ ਵਿਚ ਇਹ ਹੋਵੇਗਾ ਕਿ ਭਾਰਤ ਜਾ ਕੇ ਤੂੰ ਆਪਣਾ ਨਵਾਂ ਘਰ ਬਣਾਵੇਂਗਾ। ਦੀਸ਼ੋ ਭੈਣ ਜੀ ਤੇ ਬੱਚੇ ਨਵੀਂ ਜ਼ਿੰਦਗੀ ਵਿਚ ਕਿਵੇਂ ਢਲਣਗੇ? ਇਹ ਵੀ ਹੋ ਸਕਦਾ ਹੈ ਕਿ ਇੰਜ ਸੋਚਣਾ ਤੇਰਾ ਆਦਰਸ਼ਵਾਦ ਹੀ ਹੋਵੇ, ਪੂਰਾ ਈਮਾਨਦਾਰ ਆਦਰਸ਼ਵਾਦ! ਉਂਜ ਆਦਰਸ਼ਵਾਦੀ ਚੜ੍ਹਤਲ ਤਲਖ ਹਕੀਕਤਾਂ ਨਾਲ ਟਕਰਾ ਅਕਸਰ ਪੁੱਠੀ ਛਾਲ ਮਾਰਦੀ ਹੈ ਅਤੇ ਅਤਿ ਅਗਾਂਹਵਧੂ ਬੰਦਾ ਘੋਰ ਪਿਛਾਂਹ-ਖਿਚੂ ਹੋ ਨਿਬੜਦਾ ਹੈ। ਫਿਰ ਵਾਪਸ ਆਵੇਂਗਾ। ਵੇਖ, ਟੀਸੀ ਦੇ ਕਮਿਊਨਿਸਟ ਮੈਂਬਰਾਂ ਦੇ ਲੱਖਾਂਪਤੀ ਵਾਰਸ ਭਾਰਤ ਵਿਚ ਪੱਕੇ ਤੌਰ 'ਤੇ ਵਸਣ ਗਏ ਸਨ। ਰਸੂਖ ਨਾਲ ਰਿਆਇਤਾਂ-

→

→

ਛੋਟਾਂ ਵੀ ਮਿਲ ਗਈਆਂ। ਪਰ ਮੁੜ ਨੱਸ ਆਏ। ਨਾਲੇ ਪਾਰਟੀਆਂ ਅੰਦਰੋਂ ਉਹ ਨਹੀਂ ਹੁੰਦੀਆਂ ਜਿਹੋ ਜਿਹੀਆਂ ਦੂਰ ਬੈਠਿਆਂ ਨਜ਼ਰ ਆਉਂਦੀਆਂ ਹਨ। ਅੰਦਰਲਾ ਗੰਦ ਵੇਖ ਆਦਰਸ਼ਵਾਦੀ ਪ੍ਰਗਤੀਵਾਦੀ ਨਿਰਾਸਤਾ ਦਾ ਸ਼ਿਕਾਰ ਹੋ ਪ੍ਰਤੀਕਿਰਿਆਵਾਦੀ ਬਣ ਜਾਂਦਾ ਹੈ। ਤੂੰ ਇਕ ਲੇਖਕ ਬਣਨ ਚੱਲਿਆ ਐਂ। ਉਮਰ ਭਰ ਦੀ ਸਾਧਨਾ ਕਰਕੇ ਲੇਖਕ ਹੀ ਬਣ ਕੇ ਵਿਖਾ ਫੇਰ! ਜਿਹੜੀ ਪਾਰਟੀ ਤੈਨੂੰ ਪਸੰਦ ਏ ਉਹਦੀ ਮਾਇਕ ਸਹਾਇਤਾ ਕਰ, ਲੋੜਵੰਦ ਤੇ ਬੀਮਾਰ ਲੇਖਕਾਂ ਦੀ ਮਾਇਕ ਸਹਾਇਤਾ ਕਰ। ਲੇਖਕ ਲਈ ਸੁਤੰਤਰਤਾ ਅਤਿ ਆਵਸ਼ਕ ਹੈ ਅਤੇ ਵਿਚ-ਵਿਚਾਲੇ ਵਾਲੀ ਅਵਸਥਾ ਅਤਿ ਹਾਨੀਕਾਰਕ। ਅੱਗੇ ਫੈਸਲਾ ਤੇਰਾ ਆਪਣਾ ਹੈ। ਜੇ ਪੱਥਰ ਚੱਟਣ ਦੀ ਖਾਹਿਸ਼ ਹੀ ਹੈ, ਤਾਂ ਜ਼ਰੂਰ ਚੱਟ, ਪਰ ਬੱਚਿਆਂ ਤੇ ਭੈਣ ਜੀ ਦੀਸ਼ੋ ਨੂੰ ਇਥੇ ਛੱਡ ਜਾ।"

ਗੱਲਾਂ ਕਰਦਾ-ਕਰਦਾ ਮੈਂ ਬਹੁਤ ਥੱਕ ਗਿਆ ਸਾਂ। ਸਾਧੂ ਨੇ ਚਾਹ ਬਣਾਈ ਤੇ ਉਦੋਂ ਹੀ ਉਹਦੀ ਪਤਨੀ ਦੀਸ਼ੋ ਦਾ ਫ਼ੋਨ ਆਇਆ ਕਿ ਚਾਹ ਦੇ ਨਾਲ ਲੱਡੂ ਵੀ ਰਖ ਦੇਣਾ। ਜਦੋਂ ਸਾਧੂ ਨੇ ਆ ਕੇ ਦਸਿਆ ਤਾਂ ਮੈਂ ਸੁਖਵੰਤ ਤੇ ਸਾਧੂ ਨੂੰ ਵਿਅੰਗ ਨਾਲ ਆਖਿਆ: "ਕਿਉਂ, ਭਾਰਤੀ ਨਾਰੀ ਹੰਢਣਸਾਰ ਹੈ ਕਿ ਨਹੀਂ?" ਸਾਰੇ ਹੱਸ ਪਏ। ਸਾਧੂ ਮੁਸਕਾਇਆ ਤੇ ਉਹਦੀ ਗੰਭੀਰਤਾ ਸਾਰੇ ਕਮਰੇ ਵਿਚ ਖਿਡ ਗਈ। ਉਹ ਇੰਜ ਹੀ ਹਸਦਾ ਹੈ ਤੇ ਇਸੇ ਤਰ੍ਹਾਂ ਹਸਦਾ ਹੈ ਮੇਰਾ ਛੋਟਾ ਭਰਾ ਸੋਹਣ, ਜਿਹੜਾ ਇਸ ਗੰਭੀਰ ਮੁਸਕਾਣ ਦੀ ਬੁੱਕਲ ਮਾਰ ਕਤਲਗਾਹਾਂ ਵਿਚੋਂ ਦੀ ਲੰਘ ਸਕਦਾ ਹੈ।

ਘਰ ਪਰਤੇ ਤਾਂ ਕਈ ਫੋਨ ਆਏ ਪਏ ਸਨ। ਇਕ ਫੋਨ ਮੇਰੇ ਪਿੰਡ ਦੀ ਕੁੜੀ ਅੰਮ੍ਰਿਤ ਕੌਰ ਦਾ ਵੀ ਸੀ, ਜਿਸ ਨੂੰ ਅਸੀਂ ਬਚਪਨ ਵਿਚ ਅੰਬਰਤੋ ਕਹਿੰਦੇ ਹੁੰਦੇ ਸਾਂ ਉਹਨਾਂ ਦਾ ਘਰ ਸਾਡੇ ਘਰ ਦੇ ਸਾਹਮਣੇ ਹੁੰਦਾ ਸੀ ਅਤੇ ਉਹ ਮੈਥੋਂ ਸਿਰਫ ਇਕ ਦਿਨ ਵੱਡੀ ਸੀ। ਮੈਂ ਫੋਨ ਕੀਤਾ ਤਾਂ ਉਹਦੀ ਧੀ ਰਾਜ ਨੇ ਚੁਕਿਆ ਤੇ ਬੋਲੀ: "ਮਾਮਾ ਜੀ, ਅਖਬਾਰ ਵਿਚ ਤੁਹਾਡੇ ਆਉਣ ਬਾਰੇ ਪੜ੍ਹਿਆ ਸੀ। ਉਦੋਂ ਦੇ ਹੀ ਫੋਨ ਕਰ ਰਹੇ ਹਾਂ। ਤੁਸੀਂ ਤੇ ਮਾਮੀ ਜੀ ਆਪਣਾ ਸਾਮਾਨ ਤਿਆਰ ਕਰ ਲਵੋ। ਮੈਂ ਤੁਹਾਨੂੰ ਲੈਣ ਆਵਾਂਗੀ। ਤੁਸੀਂ ਮੇਰੇ ਕੋਲ ਰਹਿਣਾ। ਲਓ, ਹੁਣ ਬੀ ਜੀ ਨਾਲ ਗੱਲ ਕਰੋ।"

— ਵੀਰ ਆਖ, ਭੈਣ ਗੱਲਾਂ ਕਰਦੀ ਰਹੀ। ਫਿਰ ਪ੍ਰਕਾਸ਼ ਭਾਬੀ ਨਾਲ ਅਤੇ ਸਾਥੋਂ ਕੱਲ੍ਹ ਨੂੰ ਆਉਣ ਦਾ ਵਾਅਦਾ ਲੈ ਟੈਲੀਫ਼ੂਨ ਰੱਖ ਦਿੱਤਾ। ਉਸ ਦਿਨ ਪਿੰਡ ਬਹੁਤ ਯਾਦ ਆਇਆ। ਅੰਬਰਤੋ ਦਾ ਪਤੀ ਸੁਰਜੀਤ ਸਿੰਘ ਆਸਨਸੋਲ (ਬੰਗਾਲ) ਵਿਚ ਟਰੱਕਾਂ 'ਤੇ ਕੰਮ ਕਰਦਾ ਹੁੰਦਾ ਸੀ ਅਤੇ ਉਹ ਆਪਣੇ ਤਿੰਨ ਬੱਚਿਆਂ ਨਾਲ ਪਿੰਡ ਹੀ ਰਹਿੰਦੀ ਹੁੰਦੀ ਸੀ। ਜਦੋਂ ਕਦੀ ਉਹਨੇ ਜਾਂ ਬੱਚਿਆਂ ਨੇ ਬੀਮਾਰ ਹੋਣਾ ਤਾਂ ਮੈਂ ਹੀ ਸਾਈਕਲ 'ਤੇ ਬਿਠਾ ਉਹਨੂੰ ਡਾਕਟਰ ਕੋਲ ਮੰਡੀ ਅਹਿਮਦਗੜ੍ਹ ਲੈ ਕੇ ਜਾਂਦਾ ਹੁੰਦਾ ਸਾਂ। ਮੈਂ ਉਸ ਨੂੰ 'ਬੀਬੀ' ਤੇ ਉਹ ਮੈਨੂੰ 'ਵੀਰ' ਕਹਿ ਕੇ ਬੁਲਾਉਂਦੀ ਹੁੰਦੀ ਸੀ। ਉਦੋਂ ਨਗਰ-ਖੇੜੇ ਦੀਆਂ ਕੁੜੀਆਂ ਨਾਲ ਇਹੀ ਰਿਸ਼ਤੇ ਹੁੰਦੇ ਸਨ। ਕੇਹੇ ਸਮੇਂ ਸਨ ਉਹ! ਹੁਣ ਤਾਂ ਕਾਂਗਰਸੀਆਂ ਤੇ ਅਕਾਲੀਆਂ ਨੇ ਸਾਰੇ ਪੰਜਾਬ ਦੇ ਨਾਲ-ਨਾਲ ਮੇਰੇ ਪਿੰਡ ਦਾ ਵੀ ਸਤਿਆਨਾਸ ਕਰ ਦਿੱਤਾ ਹੈ। ਕਿਵੇਂ ਡਰ-ਡਰ ਵਿਚਰਦੇ ਹਨ ਮੇਰੇ ਪਿੰਡ ਦੇ ਲੋਕ ਅਤੇ ਫਾਈਵ-ਸਟਾਰ ਹੋਟਲਾਂ ਵਿਚ ਸਮਗਲਰਾਂ ਦੀ ਭੀੜ ਨਹੀਂ ਟੁੱਟ ਰਹੀ।

ਮੈਂ ਬਹੁਤ ਥੱਕ ਗਿਆ ਸਾਂ। ਪਰ ਘਰ ਜਾ ਕੇ ਲੰਮੇ ਪੈਣ ਦੀ ਥਾਂ ਅਸੀਂ ਸੈਰ ਕਰਨ ਚਲੇ ਗਏ, ਆਉਣ-ਜਾਣ ਮੀਲ ਕੁ ਦੀ ਸੈਰ! ਸਾਹ ਚੜ੍ਹ ਜਾਂਦਾ ਤਾਂ ਖਲੋ ਜਾਂਦਾ ਅਤੇ ਗੁਰਨਾਮ ਮੇਰੇ ਹੱਥ ਹੇਠਾਂ ਆਪਣਾ ਮੋਢਾ ਦੇ ਦਿੰਦਾ। ਮੈਂ ਸੋਚਦਾ ਜਾਂਦਾ ਕਿ ਕੇਡਾ ਮਸ਼ਹੂਰ ਹੈ ਇਹ ਸ਼ਖਸ ਤੇ ਕੇਡੀ ਦਰਸ਼ਣੀ ਹੈ ਇਸ ਦੀ ਡੀਲ-ਡੌਲ! ਪਰ ਮੇਰਾ ਇਸ ਨੇ ਜ਼ਰੂਰ ਪਿਛਲੇ ਜਨਮ ਦਾ ਕੋਈ ਕਰਜ਼ਾ ਦੇਣਾ ਹੈ। ਇਹ ਵੀ ਚਾਹਿਆ ਕਿ ਉਹਦੀ ਤੇ ਆਪਣੀ ਜਨਮ-ਪੱਤਰੀ ਮੇਲਣ ਲਈ ਨਾਗਮਣੀ ਨੂੰ ਭੇਜਾਂ। ਪਰ ਫਿਰ ਇਹ ਸੋਚ ਇਹ ਵਿਚਾਰ ਛਿਣਕ ਦਿੱਤਾ ਕਿ ਇਕ ਤਾਂ ਸਾਡੀਆਂ ਜਨਮ-ਪੱਤਰੀਆਂ ਹੀ ਨਹੀਂ ਸਨ। ਸਾਡੇ ਅਨਪੜ੍ਹ ਮਾਪਿਆਂ ਨੇ ਤਾਂ ਸ਼ਾਇਦ ਜਨਮ-ਤਰੀਕਾਂ ਵੀ ਅੰਦਾਜ਼ੇ ਨਾਲ ਹੀ ਲਿਖਵਾਈਆਂ ਹੋਣ। ਦੂਜੇ ਇਹ ਵੀ ਕਿ ਜੇ ਉਹਨਾਂ ਦਾ ਕੋਈ ਬੇ-ਸਿਰ ਪੈਰ ਜਵਾਬ ਆ ਵੀ ਗਿਆ ਤਾਂ ਉਹ ਅਜਿਹੀ ਜੋਤਿਸ਼ ਭਾਸ਼ਾ ਵਿਚ ਹੋਵੇਗਾ ਕਿ ਮੀਮਾਂਸਾਕਾਰਾਂ ਨੂੰ ਵੀ ਸਮਝ ਨਹੀਂ ਪੈਣੀ

ਭੈਣ ਜੀ ਹਰਮਿੰਦਰ ਰਾਤ ਦੇ ਸਾਢੇ ਨੌਂ ਵਜੇ ਆਏ। ਰੋਟੀ ਖਾਧੀ। ਮੀਟ ਵਿਚ ਮਿਰਚਾਂ ਬਹੁਤ ਸਨ।

ਪੰਜਾਬੀ ਲੇਖਕ ਮੰਚ ਵੈਨਕੂਵਰ ਦੀ ਮਾਸਿਕ ਸਾਹਿਤਕ ਮੀਟਿੰਗ

ਅਗਲੀ ਮੀਟਿੰਗ 1 ਅਕਤੂਬਰ — 4 ਵਜੇ

10 ਸਤੰਬਰ 88 — ਅੱਜ ਪੰਜਾਬੀ ਲੇਖਕ ਮੰਚ ਦੀ ਮਾਸਿਕ ਮੀਟਿੰਗ ਹੋਈ। ਗੁਰਚਰਨ ਰਾਮਪੁਰੀ ਨੇ ਗ਼ਜ਼ਲ ਪੜ੍ਹੀ:

ਹਰ ਫੁੱਲ ਵਿੱਚ ਇੱਕ ਬੀਜ ਪਿਆ ਹੈ
ਆਦਿ ਅੰਤ ਇੱਕੋ ਹੀ ਥਾਂ ਹੈ।
ਜੋ ਚਿਤਵੇ ਓਹੀ ਰੱਬ ਹੋਵੇ
ਮਾਨਵ ਹੀ ਸਿਰਜਣਹਾਰਾ ਹੈ।

ਮੰਗਾ ਸਿੰਘ ਬਾਸੀ ਨੇ ਆਪਣੇ ਪਿੰਡ ਦੇ ਮੋਹ ਵਿਚ ਸਿਰਜੀ ਕਵਿਤਾ ਸੁਣਾਈ:

ਝੂਮਦੀਆਂ ਫਸਲਾਂ ਦੀ ਧਰਤੀ
ਕੁਦਰਤ ਨਾਲ ਕਲੋਲ ਸੀ ਕਰਦੀ
ਹਰ ਵੇਹੜੇ ਸੀ ਠੰਡੀ ਛਾਂ
ਬੀੜ ਬਾਸੀਆਂ ਪਿੰਡ ਦਾ ਨਾਂ।

ਅਜਮੇਰ ਰੋਡੇ ਨੇ ਆਪਣੀ ਇਕ ਰਚਨਾ ਪੜ੍ਹੀ 'ਚਿੱਟਾ ਉੱਲੂ ਅਤੇ ਕਾਂ'। ਇਸ ਰਚਨਾ ਵਿਚ ਲੇਖਕ ਨੇ ਜੀਵਨ ਦੇ ਅਜੋਕੇ ਸੱਚ ਨੂੰ 'ਪੰਜ ਤੰਤਰ' ਦੀ ਸ਼ੈਲੀ ਵਿਚ ਪੰਛੀਆਂ ਦੇ ਵਾਰਤਾਲਾਪ ਵਿਚ ਪੇਸ਼ ਕੀਤਾ ਸੀ।

ਹਰਜਿੰਦਰ ਸਿੱਧੂ ਨੇ ਦੋ ਕਵਿਤਾਵਾਂ: 'ਮੇਰੇ ਵੇਹੜੇ ਦੇ ਲੋਕ' ਅਤੇ 'ਨੀਵੀਆਂ ਛੱਤਾਂ ਤੋਂ ਵੱਡਾ ਹੁੰਦਾ ਆਕਾਰ' ਪੜ੍ਹੀਆਂ।

ਨਰਿੰਦਰ ਬਾਹੀਆ ਨੇ ਆਪਣੇ ਕੁਝ ਸ਼ੇਅਰ ਸੁਣਾਏ। ਉਨ੍ਹਾਂ 'ਚੋਂ ਇਕ ਸੀ:

ਅੱਜ ਦੇ ਰੁੱਖੇ ਜਹੇ ਸੰਸਾਰ ਨੂੰ ਇਉਂ ਸਮਝੀਏ
ਖਿੜ ਰਿਹਾ ਹੈ ਧਰਤ ਉਤੇ ਚਮਨ ਇਕ ਖੁਸ਼ਬੂ ਬਿਨਾ।

ਰਚਨਾਵਾਂ ਉਤੇ ਟੀਕਾ ਟਿਪਣੀ ਵਿਚ ਹੋਰਾਂ ਦੇ ਨਾਲ ਦਰਸ਼ਨ ਗਿੱਲ, ਮੁਹਿੰਦਰ ਸੂਮਲ, ਬਲਦੇਵ ਦੂਹੜੇ, ਸਾਧੂ ਤੇ ਗੁਰਚਰਨ ਟੱਲੇਵਾਲੀਆ ਨੇ ਵੀ ਹਿੱਸਾ ਲਿਆ।

ਕਵੀ ਸੁਰਿੰਦਰ ਧੰਜਲ ਦੀ ਮਾਤਾ ਜੀ ਦੇ ਸੁਰਗਵਾਸ ਹੋਣ ਬਾਰੇ ਇਕ ਸ਼ੋਕ ਮਤਾ ਪਾਸ ਕੀਤਾ ਗਿਆ।

ਗੁਰਚਰਨ ਰਾਮਪੁਰੀ ਨੇ ਪ੍ਰੋ: ਮੇਹਰ ਚੰਦ ਭਾਰਦਵਾਜ ਦੇ ਵੈਨਕੂਵਰ ਦੌਰੇ ਸਮੇਂ ਹੋਈਆਂ ਮਿਲਣੀਆਂ ਬਾਰੇ ਰੀਪੋਰਟ ਦਿੱਤੀ ਅਤੇ ਮੰਚ ਨੇ ਫੈਸਲਾ ਕੀਤਾ ਕਿ ਉਘੇ ਪੰਜਾਬੀ ਕਵੀ ਸੰਤੋਖ ਸਿੰਘ 'ਧੀਰ' ਹੋਰਾਂ ਦੀ ਸਹਾਇਤਾ ਲਈ ਉਪਰਾਲਾ ਕੀਤਾ ਜਾਵੇ।

ਮੰਚ ਦੀ ਅਗਲੀ ਮੀਟਿੰਗ 1 ਅਕਤੂਬਰ 88 ਦਿਨ ਸ਼ਨਿਚਰਵਾਰ ਸ਼ਾਮ ਦੇ 4 ਵਜੇ ਹੋਵੇਗੀ।

ਗੁਰਚਰਨ ਰਾਮਪੁਰੀ, ਕੋਆਰਡੀਨੇਟਰ।

ਪੰਨਾ 13 ਦੀ ਬਾਕੀ

1952 ਵਿਚ ਕਮਿਊਨਿਸਟ ਪਾਰਟੀ ਦਾ ਮੈਂਬਰ ਬਣ ਗਿਆ। 1964 ਵਿਚ ਕਮਿਊਨਿਸਟ ਪਾਰਟੀ ਦੋਫਾੜ ਹੋਣ 'ਤੇ ਮਾਰਕਸੀ ਪਾਰਟੀ 'ਚ ਚਲਾ ਗਿਆ

1965 ਤੋਂ 1972 ਤਕ ਉਹ ਪੰਚਾਇਤ ਸਕੱਤਰ ਰਿਹਾ ਅਤੇ ਇਸ ਦੌਰਾਨ ਪਿੰਡ ਤੇ ਇਲਾਕੇ ਵਿਚ ਕਈ ਵਿਕਾਸ ਕਾਰਜ ਕਰਵਾਏ। 1972 ਵਿਚ ਤਾਮਰ-ਪੱਤਰ ਮਿਲਿਆ ਅਤੇ ਸੁਤੰਤਰਾ ਸੰਗਰਾਮੀ ਵਜੋਂ ਪੈਨਸ਼ਨ। ਮਹਿਮਾ ਸਿੰਘ ਦੀ ਪਤਨੀ ਸ੍ਰੀਮਤੀ ਗੁਰਦਿਆਲ ਕੌਰ ਨੇ ਆਪਣੇ ਪਤੀ ਦੇ ਸੰਗਰਾਮੀ ਦਿਨਾਂ ਵਿਚ ਹੌਸਲੇ ਤੋਂ ਕੰਮ ਲੈਂਦਿਆਂ ਪੂਰਾ ਸਾਥ ਦਿੱਤਾ। ਉਨ੍ਹਾਂ ਦੇ ਦੋ ਲੜਕੇ ਤੇ ਇਕ ਲੜਕੀ ਹੈ ਜੋ ਵਿਨੀਪੈਗ (ਕੈਨੇਡਾ) ਵਿਚ ਵਸੇ ਹੋਏ ਹਨ।

ਅਪਰੈਲ 1983 ਵਿਚ ਉਸ ਨੇ ਆਪਣੇ ਪਿੰਡ ਵਿਚ ਮਾਤਾ ਗੁਜਰੀ ਲਾਇਬਰੇਰੀ ਦੀ ਸਥਾਪਨਾ ਕੀਤੀ ਅਤੇ ਇਸ ਖਾਤਰ ਸ੍ਰੀਮਤੀ ਸ਼ਕੁੰਤਲਾ ਭਾਟੀਆ, ਡੀ. ਐਮ ਐਸ ਰੰਧਾਵਾ ਤੇ ਕੁਝ ਹੋਰ ਲੇਖਕਾਂ ਨੇ ਸਹਿਯੋਗ ਦਿੱਤਾ। ਇਸ ਦਾ ਮੰਤਵ ਨੌਜਵਾਨਾਂ ਵਿਚ ਗਿਆਨ ਦੇ ਵਾਧੇ ਦੀ ਚੇਟਕ ਲਾਉਣਾ ਸੀ।



ਸਾਹਿਤ ਤੇ ਕਲਾ



ਕਹਾਣੀ

ਮਾਂ ਦਾ ਮੋਹ

ਯੁਵਰਾਜ ਰਤਨ

ਤੀਆਂ ਦਾ ਤਿਉਹਾਰ ਜੋਬਨ ਤੇ ਸੀ । ਸ਼ਰਨੀ ਨੇ ਜਗਮੀਤ ਦੇ ਘਰ ਆਉਂਦੇ ਹੀ ਹਾਲ ਦੁਹਾਈ ਪਾ ਦਿੱਤੀ ਸੀ ।

"ਨੀ ਜਗਮੀਤ ! ਉਥੇ ਤੈਨੂੰ ਤੀਆਂ ਕਿੱਥੇ ਮਿਲਣੀਆਂ, ਰੱਜਕੇ ਮਾਣ ਲੈ ਇਨ੍ਹਾਂ ਦਾ ਰੰਗ ਸਕੀਆਂ ਸਹੇਲੀਆਂ ਨਾਲ, ਇਹ ਦਿਨ ਮੁੜ ਨਹੀਂ ਆਉਣੇ। ਐਵੇਂ ਨਾ ਉਂਗਲਾਂ ਭੰਨ ਦਿਨ ਗਿਣ ਗਿਣ ਕੇ, ਕੈਨੇਡਾ ਪਹੁੰਚਣ ਲਈ। ਬਾਬਲ ਦਾ ਵਿਹੜਾ, ਬੇੜੀ ਪੂਰ ਤ੍ਰਿੰਵਣੀ ਕੁੜੀਆਂ ਦੀ ਯਾਦ ਰਹਿ ਰਹਿ ਕੇ ਆਇਆ ਕਰੇਗੀ । ਪੰਜਾਬੀਅਤ ਦਾ ਖੁਲ੍ਹਾ ਡੁਲ੍ਹਾ ਪਿਆਰ ਤੂੰ ਉਥੇ ਦੀਵਾ ਲੈ ਕੇ ਵੀ ਜੇ ਲੱਭੇਂ ਤਾਂ ਵੀ ਨਜ਼ਰੀਂ ਨਹੀਂ ਪੈਣਾ। ਉਠ ਚੁੱਕ ਚੁੰਨੀ ਵੇਖ ਬਾਹਰ ਤਾਂ ਸਹੇਲੀਆਂ ਵੱਗ ਤੇਰੀ ਉਡੀਕ ਕਰ ਰਿਹਾ ਹੈ ।

ਪਿੰਡ ਦੇ ਬੁੱਢੇ ਬੋਹੜ ਥੱਲੇ ਜਗਮੀਤ ਦੀਆਂ ਸਭੇ ਸਹੇਲੀਆਂ ਇਸ ਵਾਰ ਫਿਰ ਇਕੱਠੀਆਂ ਹੋਈਆਂ ਸਨ। ਲੋਕ ਗੀਤਾਂ ਦੀਆਂ ਅਵਾਜ਼ਾਂ ਪੀਘਾਂ ਦੇ ਨਾਲ ਨਾਲ ਅਸਮਾਨ ਨੂੰ ਛੋਹ ਰਹੀਆਂ ਸਨ । ਬੁੱਢੇ ਬੋਹੜ ਨੇ ਹਰ ਸਾਲ ਦੀ ਤਰ੍ਹਾਂ ਤ੍ਰਿੰਵਣ ਆਲੀਆਂ ਕੁੜੀਆਂ ਨੂੰ ਆਪਣੀ ਬੁੱਕਲ ਦਾ ਨਿੱਘ ਦਿੱਤਾ ਸੀ ।

ਖੇਤਾਂ ਤੋਂ ਕੰਮ ਕਰਕੇ ਮੁੜੇ ਹਾਲੀ ਪਾਲੀ ਵੀ ਰਤਾ ਪੈਰ ਮਲ ਕੇ ਤੁਰ ਰਹੇ ਸੀ ਸਾਰੇ ਦਿਨ ਦੀ ਹੱਢ ਭੰਨਵੀਂ ਮਿਹਨਤ ਦਾ ਥਕੇਵਾਂ ਬੁੱਢੇ ਬੋਹੜ ਕੋਲ ਦੀ ਲੰਘਣ ਸਦਕਾ ਜਿਵੇਂ ਉੱਡ ਪੁੱਡ ਜਾਂਦਾ ਹੋਵੇ। ਇਸ ਸਾਲ ਬਹੁਤੇ ਮੀਂਹ ਪੈਣ ਕਰਕੇ ਢਾਬ ਦਾ ਪਾਣੀ ਵੀ ਨੱਕੋ ਨੱਕ ਭਰਿਆ ਹੋਇਆ ਸੀ। ਢਲਦੇ ਸੂਰਜ ਦੀ ਲਾਲੀ ਬਾਬੇ ਬੋਹੜ ਦੇ ਪੱਤਿਆਂ ਨੂੰ ਛੋਂਹਦੀ, ਕਲੋਲਾਂ ਕਰਦੀ ਢਾਬ ਦੇ ਪਾਣੀ ਨੂੰ ਸਰੂਰੀ ਸੂਹਾ ਕਰੀ ਜਾ ਰਹੀ ਸੀ । ਵਿਚੋਂ ਹੀ ਕਿਸੇ ਨੇ ਉਚੀ ਹੇਕ ਚੁੱਕ ਦਿੱਤੀ,

ਬੇੜੀ ਪੂਰ ਤ੍ਰਿੰਵਣੀ ਕੁੜੀਆਂ,
ਸਬੱਬ ਨਾਲ ਹੋਣ 'ਕੱਠੀਆਂ ।

ਜਗਮੀਤ ਲਈ ਇਹ ਆਖਰੀ ਸਬੱਬ ਸੀ । ਉਹ ਅੱਜ ਦੇ ਦਿਨ ਨੂੰ ਏਡਾ ਲੰਮੇਰਾ ਕਰਨਾ ਲੋਚਦੀ ਸੀ ਕਿ ਉਹ ਸਹੇਲੀਆਂ ਵਿਚੋਂ ਨਾ ਵਿਛੜੇ। ਬੁੱਢੇ ਬੋਹੜ ਵਿਚੋਂ ਦੀ ਜਿਵੇਂ ਸੂਰਜ ਨੂੰ ਨਿਹੋਰ ਕੇ ਕਹਿ ਰਹੀ ਹੋਵੇ। ਵੇ ਸੂਰਜਾ ! ਅੱਜ ਜਰਾ ਰੁਕ ਕੇ ਛਿਪੀਂ, ਤੂੰ ਤਾਂ ਮੈਨੂੰ ਧਰਤੀ ਦੇ ਉਸ ਪਾਰ ਵੀ ਮਿਲਦਾ ਰਹਿਣਾ। ਆਹ ਬੁੱਢਾ ਬੋਹੜ ਦਾ ਨਿੱਘ, ਸਹੇਲੀਆਂ ਦਾ ਸੱਗ ਉਥੇ ਤਾਂ ਈਦ ਦਾ ਚੰਨ ਬਣਕੇ ਰਹਿ ਜਾਣਗੇ ।

ਜਗਮੀਤ ਦਾ ਵਿਆਹ ਪਿਛਲੇ ਹਫ਼ਤੇ ਗੁਰਮੇਲ ਨਾਲ ਹੋ ਗਿਆ ਸੀ। ਉਸ ਨੂੰ ਛੁੱਟੀ ਹੋਰ ਨਾ ਮਿਲਣ ਕਰਕੇ ਖੜੇ ਪੈਰ ਹੀ ਮੁੜਨਾ ਪਿਆ ਸੀ। ਨੌਕਰੀ ਟੁੱਟਣ ਦੇ ਡਰ ਨੇ ਜਗਮੀਤ ਤੇ ਗੁਰਮੇਲ ਦਾ ਹਨੀਮੂਨ ਗ੍ਰਹਿਣਿਆ ਗਿਆ ਸੀ ।

"ਇਕ ਹਫ਼ਤਾ ਥੋੜ੍ਹਾ ਹੁੰਦਾ, ਚੋਹਲ ਪੋਹਲ ਕਰਨ ਨੂੰ, ਵੇਖੋ ਨੀਂ ! ਮੂੰਹ ਕਿਵੇਂ ਸੁਜਾ ਕੇ ਬੈਠੀ ਹੈ । ਧੀਰਜ ਕਰ ਤੂੰ ਵੀ ਇਕ ਦਿਨ ਉਡਣ ਖਟੋਲੇ ਵਿਚ ਬੈਠ ਕੇ ਆਪਣੇ ਗੁਰਮੇਲ ਕੋਲ ਚਲੀ ਜਾਵੇਂਗੀ । ਕਿੰਨਾ ਹੇਰਵਾ ਕਰਨ ਲਗ ਪਈ ਹੈ। ਹਾਲੇ ਤਾਂ ਤੂੰ ਸੇਰ 'ਚੋਂ ਪੂਣੀ ਵੀ ਨਹੀਂ ਕੱਤੀ । ਅਸੀਂ ਜਿਹੜੀਆਂ ਤੇਰੇ ਸੰਗ ਜੰਮੀਆਂ ਪਲੀਆਂ, ਖੇਡੀਆਂ ਤੇ ਸਕੂਲ, ਕਾਲਜਾਂ ਵਿਚ ਇਕੱਠੀਆਂ ਜਾਂਦੀਆਂ ਰਹੀਆਂ, ਉਹ ਦਿਨ ਭੁਲ ਗਈ। ਕਿਵੇਂ ਨਿਰਮੋਹੀ ਬਣਦੀ ਜਾ ਰਹੀ ਏਂ। ਕੀ ਤੂੰ ਸਾਡਾ ਮੋਹ ਪਿਆਰ ਗੁਰਮੇਲ ਦੇ ਸੱਤਾਂ ਦਿਨਾਂ ਦੇ ਸੱਗ ਨਾਲ ਹੀ ਧੋ ਦੇਣਾ ਚਾਹੁੰਦੀ ਏਂ ।"

ਸ਼ਰਨੀ ਬਹੁਤ ਭਾਵਕ ਹੋ ਗਈ ਸੀ ।

"ਮੈਂ ਤੁਹਾਡੇ ਮਾਣ ਨੂੰ ਦਿਲੋਂ ਕਦੇ ਵੀ ਨਹੀਂ ਵਿਸਾਰਾਂਗੀ। ਮੇਰਾ ਤੁਹਾਡੇ ਸਾਰਿਆਂ ਪ੍ਰਤੀ ਸਤਿਕਾਰ ਨਾਲ ਸਿਰ ਝੁਕਦਾ ਹੈ। ਪਿਆਰ ਦੇ ਬਦਲਵੇਂ ਰੰਗ ਹਨ ਜੋ ਆਪਣਾ ਪਿਆਰ ਇਸ ਬੁੱਢੇ ਬੋਹੜ ਹੇਠਾਂ ਪਲਕੇ ਜਵਾਨ ਹੋਇਆ ਹੈ, ਮੈਂ ਇਸ ਨੂੰ ਕਦੀ ਵੀ ਨਹੀਂ ਭੁਲਾਵਾਂਗੀ। ਇਹ ਭੁਲੇਗਾ ਵੀ ਕਿਵੇਂ, ਹਾਂ ਇਹ ਪਿਆਰੇ ਪਲ ਤਾਂ ਮੇਰੇ ਖ਼ੂਨ ਵਿਚ ਘੁਲ ਮਿਲ ਚੁੱਕੇ ਹਨ ।"

ਜਗਮੀਤ ਦੀਆਂ ਅੱਖਾਂ ਵਿਚੋਂ ਹੰਝੂ ਪਰਲ ਪਰਲ ਵਹਿ ਰਹੇ ਸਨ। ਉਸ ਨੇ ਸ਼ਰਨੀ ਨੂੰ ਧਾਹ ਗਲਵੱਕੜੀ ਪਾ ਲਈ। ਵਾਰੋ ਵਾਰੀ ਸਭ ਸਹੇਲੀਆਂ ਜਗਮੀਤ ਨੂੰ ਗਲਵੱਕੜੀ ਲੈਂਦੀਆਂ ਤੇ ਲੱਪ ਲੱਪ ਹੰਝੂਆਂ ਨਾਲ ਆਪਣੇ ਪਿਆਰ ਦੀ ਪਰਪੱਕਤਾ ਦਾ ਸਬੂਤ ਦੇ ਰਹੀਆਂ ਸਨ। ਇਸ ਮਿਠੜੇ ਮਹੌਲ ਵਿਚ ਬੁੱਢੇ ਬੋਹੜ ਦੇ ਵੀ ਹੰਝੂ ਵਹਿਣੋਂ ਨਹੀਂ ਰੁਕੇ ਸਨ । ਜਿਸ ਨੇ ਹਮੇਸ਼ਾ ਦੀ ਤਰ੍ਹਾਂ ਇਸ ਸਾਲ ਵੀ ਕੁੜੀਆਂ ਚਿੜੀਆਂ ਨੂੰ ਆਪਣੀ ਬੁੱਕਲ ਦਾ ਨਿੱਘ ਦਿੱਤਾ ਸੀ। ਡੁੱਬਦੇ ਸੂਰਜ ਦੀ ਲਾਲੀ ਨੇ ਸਾਰਿਆਂ ਉਤੇ ਜਿਵੇਂ ਲਾਲ ਸੂਹੇ ਰੰਗ ਦਾ ਦੁਸ਼ਾਲਾ ਤਾਣ ਦਿੱਤਾ ਹੋਵੇ।

ਤੀਆਂ ਦੇ ਲੰਘਣ ਮਗਰੋਂ ਜਗਮੀਤ ਦਾ ਇਕ ਇਕ ਦਿਨ ਸਾਲਾਂ ਬੱਧੀ ਬੀਤਣ ਲੱਗਾ । ਉਹ ਨਿਤ ਰੋਜ਼ ਗੁਰਮੇਲ ਦੇ ਖਤ ਉਡੀਕਦੀ । ਇਹ ਮਿੱਠੀ ਉਡੀਕ ਦਿਨਾਂ ਤੋਂ ਮਹੀਨਿਆਂ ਵਿਚ ਬਦਲਣ ਲੱਗੀ। ਉਡੀਕ ਦੀ ਕਠਨਤਾ ਦੇ ਸੰਘਰਸ਼ ਵਿਚੋਂ ਲੰਘਣ ਦਾ ਯਤਨ ਕਰਦੀ, ਪਰ ਇਸ ਉਧੇੜ ਬੁਣ ਨੇ ਉਸ ਨੂੰ ਬਹੁਤ ਉਦਾਸ ਕਰ ਦਿੱਤਾ ਸੀ । ਲੰਮੇ ਸਮੇਂ ਦੀ ਉਡੀਕ ਇਕ ਦਿਨ ਖ਼ੁਸ਼ੀ ਵਿਚ ਬਦਲ ਗਈ, ਜਦੋਂ ਡਾਕੀਆ ਜਗਮੀਤ ਦਾ ਵੀਜ਼ਾ ਲੈ ਆਇਆ ਸੀ । ਜਗਮੀਤ ਅੱਜ ਅੰਤਾਂ ਦੀ ਖੁਸ਼ ਸੀ। ਉਹ ਭੱਜੀ ਭੱਜੀ ਸ਼ਰਨੀ ਦੇ ਘਰ ਗਈ ਤੇ ਉਸ ਨੂੰ ਖ਼ੁਸ਼ੀ ਵਿਚ ਕਲਾਵੇ ਲੈ ਲਿਆ ।

"ਖ਼ੈਰ ਹੋਵੇ ! ਜਗਮੀਤ ਅੱਜ ਤਾਂ ਧਰਤੀ ਤੇ ਪੈਰ ਹੀ ਨਹੀਂ ਰੱਖਦੀ ।"

"ਆਹ ਵੇਖ ! ਜਿਸਦੀ ਉਡੀਕ ਸੀ, ਆ ਗਿਆ ਹੈ ।"

"ਅੱਛਾ, ਹੁਣ ਫਿਰ ਸਹੇਲੀਆਂ ਨੂੰ ਛੱਡਣ ਦੇ ਦਿਨ ਆ ਗਏ, ਆਪਣੇ ਮੀਤ ਕੋਲ ਜਾਣ ਦੇ ਸੁਪਨੇ ਲੈ ਰਹੀ ਏਂ ।"

"ਤੇਰੀਆਂ ਇਹ ਚੋਭਾਂ ਨਾ ਗਈਆਂ ।"

"ਹੋਰ ਮੈਂ ਇਹ ਚੋਭਾਂ ਤੇਰੀ ਮਾਂ ਨੂੰ ਲਾਣੀਆਂ ਹਨ ? ਹਾਂ ਉਥੇ ਪਹੁੰਚਕੇ ਆਸਾਨੂੰ ਚਿੱਠੀ ਚੀਰਾ ਪਾਉਂਦੀ ਰਹੀ। ਇਥੋਂ ਜੋ ਵੀ ਜਾਂਦਾ ਹੈ, ਪਿਛੇ ਨੂੰ ਜਮਾਂ ਹੀ ਵਿਸਾਰ ਜਾਂਦਾ ਹੈ। ਪਰੀਆਂ ਦੇ ਦੇਸ਼ ਪਹੁੰਚਕੇ ਹੀ ਕਾਲੀ ਚਮੜੀ ਵਾਲਿਆਂ ਨੂੰ ਨਾ ਭੁੱਲ ਜਾਵੀਂ ।"

ਜਦੋਂ ਹਵਾਈ ਜਹਾਜ਼ ਕੈਨੇਡਾ ਦੀ ਧਰਤੀ ਉਤੇ ਲੱਗਾ ਤਾਂ ਜਗਮੀਤ ਨੂੰ ਚਿਹਰੇ ਮੋਹਰੇ ਇਸ ਤਰ੍ਹਾਂ ਲਗ ਰਹੇ ਸੀ, ਜਿਵੇਂ ਕਿਤੇ ਉਹ ਸੱਚ ਮੁੱਚ ਹੀ ਪਰੀਆਂ ਦੇ ਦੇਸ਼ ਪਹੁੰਚ ਗਈ ਹੋਵੇ। ਅਗੋਂ ਗੁਰਮੇਲ ਨਾਲ ਉਸ ਦੇ ਦੋਸਤ-ਮਿਤਰ ਵੀ ਪਹੁੰਚੇ ਹੋਏ ਸੀ। ਸੱਤ ਸਮੁੰਦਰਾਂ ਦੀ ਦੂਰੀ ਮਿਲਾਪ ਵਿਚ ਬਦਲ ਚੁੱਕੀ ਸੀ। ਜਗਮੀਤ ਨੇ ਸਤਿਕਾਰ ਭਰੀ ਸਤਿ ਸ੍ਰੀ ਅਕਾਲ ਗੁਰਮੇਲ ਤੇ ਉਸ ਦੇ ਮਿੱਤਰਾਂ ਨੂੰ ਆਖੀ । ਗੁਰਮੇਲ ਨੇ ਭਾਵਕ ਹੋ ਕੇ ਜਗਮੀਤ ਨੂੰ ਆਪਣੇ ਕਲਾਵੇ ਵਿਚ ਕਦੋਂ ਦਾ ਲੈ ਲਿਆ ਸੀ । ਗੁਰਮੇਲ ਦੇ ਦੋਸਤਾਂ ਸਾਹਵੇਂ ਜਗਮੀਤ ਔਰਤੀ ਸ਼ਰਮ ਵਿਚ ਸੀ ।

ਅਗਲੇ ਦੋ-ਚਾਰ ਘੰਟਿਆਂ ਵਿਚ ਗੁਰਮੇਲ ਦੇ ਘਰ ਮਹਿਫ਼ਲ ਜੁੜ ਚੁੱਕੀ ਸੀ ਜਗਮੀਤ ਦੀ ਆਮਦ ਵਿਚ ਜਸ਼ਨ ਸ਼ੁਰੂ ਹੋ ਚੁੱਕੇ ਸਨ । ਵਿਸਕੀ ਤੇ ਸਕਾਚ ਦੀਆਂ ਬੋਤਲਾਂ ਮਹਿਫ਼ਲ ਦਾ ਸ਼ਿੰਗਾਰ ਬਣੀਆਂ ਹੋਈਆਂ ਸਨ। ਨਸ਼ੇ ਦੀ ਲੋਰ ਵਿਚ ਗਲਬਾਤ ਅੰਗਰੇਜ਼ੀ ਪੰਜਾਬੀ ਦੇ ਮਿਸੇਪਣ ਵਿਚ ਕਦੋਂ ਦੀ ਬਦਲ ਚੁੱਕੀ ਸੀ । ਨਵੀਂ ਆਈ ਜਗਮੀਤ ਨੂੰ ਜਨਾਨੀਆਂ ਅੰਗਰੇਜ਼ੀ ਬੋਲ ਕੇ ਆਪਣਾ ਪ੍ਰਭਾਵ ਛੱਡ ਰਹੀਆਂ ਸਨ । ਜਿਥੇ ਕਿਤੇ ਅੰਗਰੇਜ਼ੀ ਦਾ ਸ਼ਬਦ ਅੜਦਾ ਉਥੇ ਮਾਂ-ਬੋਲੀ ਦੀ ਮੱਦਦ ਨਾਲ ਗੱਲਾਂ ਦੀ ਲੜੀ ਜੋੜੀ ਜਾਂਦੀ। ਵੱਡੀ ਰਾਤ ਤੱਕ ਜਸ਼ਨ ਚਲਦੇ ਰਹੇ ਸੀ ।

ਗੁਰਮੇਲ ਨੇ ਪਹਿਲਾਂ ਹੀ ਤਿੰਨ ਹਫ਼ਤੇ ਦੀਆਂ ਛੁੱਟੀਆਂ ਲੈ ਲਈਆਂ ਸਨ । ਪਹਿਲਾ ਸਪਤਾਹ ਤਾਂ ਦੋਸਤਾਂ-ਮਿਤਰਾਂ ਦੀਆਂ ਦਾਅਵਤਾਂ ਵਿਚ ਲੰਘ ਗਿਆ । ਬਚਦੇ ਦੋ ਹਫ਼ਤੇ ਉਨ੍ਹਾਂ ਝੀਲ ਦੇ ਕਿਨਾਰੇ ਇਕਾਂਤ ਵਿਚ ਬਿਤਾਏ ਸਨ। ਗੁਰਮੇਲ ਨੇ ਰੱਜਕੇ ਖਰਚ ਕੀਤਾ, ਉਸ ਨੇ ਡਾਲਰਾਂ ਦੀ ਪਰਵਾਹ ਨਹੀਂ ਕੀਤੀ। ਗੁਰਮੇਲ ਦੇ ਜਗੀਰੂ ਸੁਭਾਅ ਦੇ ਖਰਚ ਨੇ ਜਗਮੀਤ ਉਤੇ ਬਹੁਤ ਪ੍ਰਭਾਵ ਪਾਇਆ। ਹੁਣੇ ਹੁਣੇ ਖਰੀਦਿਆ ਘਰ ਤੇ ਉਸ ਵਿਚ ਨਵਾਂ ਨਕੋਰ ਰਖਾਇਆ ਫਰਨੀਚਰ ਆਪਣੀ ਹੀ ਦਿੱਖ ਦੇ ਰਿਹਾ ਸੀ। ਚੌਂਕ ਵਿਚ ਚੀਕਦੀ ਕਾਰ ਹਵਾ ਨਾਲ ਗੱਲਾਂ ਕਰਦੀ ਸੀ। ਗੱਲ ਕੀ ਨਵੀਂ ਆਈ ਜਗਮੀਤ ਨੂੰ ਗੁਰਮੇਲ ਦੀ ਮੌਸਮੀ ਅਮੀਰੀ ਨੇ ਮੋਹ ਲਿਆ ਸੀ ।

ਦਿਨ ਬੀਤਦੇ ਗਏ । ਇਕੱਲ ਜਗਮੀਤ ਦਾ ਪਹਿਲਾ ਵੈਰੀ ਸੀ । ਉਹ ਗੁਰਮੇਲ ਲਈ ਚੰਗਾ ਪਕਵਾਨ ਪਕਾਉਂਦੀ ਤੇ ਫਿਰ ਉਸਦੀ ਉਡੀਕ ਕਰਨ ਲੱਗ ਪੈਂਦੀ। ਪਰ ਫਿਰ ਵੀ ਦਿਨ ਲੰਘਣ ਵਿਚ ਨਹੀਂ ਆਉਂਦਾ ਸੀ। ਗੁਰਮੇਲ ਘਰ ਪੈਰ ਪਾਉਂਦਾ ਪੁਰਾਣੀ ਆਦਤ ਅਨੁਸਾਰ ਦੋ-ਚਾਰ ਦਰਾਮ ਅੰਦਰ ਲੰਘਾਉਂਦਾ, ਫਿਰ ਕਿਤੇ ਜਾ ਕੇ ਰੋਟੀ ਵੱਲ ਝਾਕਦਾ ਸੀ ।

"ਗੁਰਮੇਲ ਪਹਿਲੇ ਤਿੰਨ ਹਫ਼ਤੇ ਤਾਂ ਤੁਸੀਂ ਮੇਰੇ ਲਈ ਛੁੱਟੀਆਂ ਲੈ ਰੱਖੀਆਂ ਸਨ । ਤੁਸੀਂ ਇਹੋ ਕਹਿੰਦੇ ਜਗਮੀਤੀ ! ਤੇਰੇ ਆਉਣ ਦੀ ਖੁਸ਼ੀ ਵਿਚ ਜ਼ਸ਼ਨ ਮਨਾਏ ਜਾ ਰਹੇ ਹਨ । ਪਰ ਹੁਣ ਤਾਂ ਆਪਣੀ ਜ਼ਿੰਦਗੀ ਅਸਲੀ ਗਾਡੀ ਰਾਹ ਪੈ ਚੁੱਕੀ ਹੈ । ਇਸ ਤਰ੍ਹਾਂ ਹਰ ਰੋਜ਼ ਪੀਣਾ ਤਾਂ ਸ਼ੋਭਾ ਨਹੀਂ ਦਿੰਦਾ। ਜੋ ਪੈਸੇ ਸ਼ਰਾਬ ਉਤੇ ਖਰਚ ਕਰਦੇ ਹੋ, ਉਨ੍ਹਾਂ ਪੈਸਿਆਂ ਨਾਲ ਹੀ ਦੋਸੋਂ ਉਸਾਰੂ ਸਾਹਿਤਕ ਪੇਪਰ ਮੰਗਵਾਏ ਜਾ ਸਕਦੇ ਹਨ। ਇਖਲਾਕੀ ਮੱਦਦ ਦੇ ਨਾਲ ਨਾਲ ਆਪਾਂ ਸਾਹਿਤਕ ਅਨੰਦ ਵੀ ਮਾਣ ਸਕਦੇ ਹਾਂ। ਇਹ ਮੇਰਾ ਆਪਣਾ ਵਿਚਾਰ ਹੈ ਨਾ ਹੀ ਮੈਂ ਤੁਹਾਡੀ ਸ਼ਾਨ ਵਿਰੁੱਧ ਕੁਝ ਰਿਹਾ ਹੈ । ਇਸ ਨੂੰ ਗਲਤ ਸਮਝਕੇ ਮਨ ਤੇ ਨਾ ਲਾਉਣਾ । ਦੂਸਰਾ ਮੈਨੂੰ ਇਕੱਲੀ ਨੂੰ ਘਰ ਵੱਢ ਵੱਢ ਖਾਂਦਾ ਹੈ। ਕਿੰਨਾ ਚੰਗਾ ਹੋਵੇ ਜੇ ਤੁਸੀਂ ਮੇਰੇ ਲਈ ਵੀ ਕੋਈ ਨੌਕਰੀ ਲੱਭ ਦੇਵੋਂ ਤਾਂ ਇਸ ਨਾਲ ਦੋ ਕਾਰਜ ਸ਼ੁੱਧ ਹੁੰਦੇ ਹਨ। ਇਕੱਲ ਤੋਂ ਖਹਿੜਾ ਛੁੱਟ ਜਾਵੇਗਾ । ਆਰਥਕ ਪੱਖੋਂ ਮੈਂ ਤੁਹਾਨੂੰ ਮੋਢਾ ਵੀ ਦਿਆਂਗੀ ।

ਰਵਾਇਤਣ ਜਗਮੀਤ ਨੂੰ ਕਪੜਿਆਂ ਦੀ ਫੈਕਟਰੀ ਵਿਚ ਸਿਉਣ ਦਾ ਕੰਮ ਮਿਲ ਗਿਆ ਸੀ। ਭਾਵੇਂ ਜਗਮੀਤ ਨੇ ਪਹਿਲਾਂ ਕਦੇ ਮਸ਼ੀਨ ਨਹੀਂ ਚਲਾਈ ਪਰ ਫਿਰ ਵੀ ਹਫ਼ਤੇ ਖੰਡ ਵਿਚ ਉਸ ਨੂੰ ਮਸ਼ੀਨ ਚਲਾਉਣ ਦਾ ਚੱਜ ਜ਼ਰੂਰ ਆ ਗਿਆ ਸੀ। ਉਹ ਅੰਤਾਂ ਦੀ ਖੁਸ਼ ਸੀ। ਉਹ ਕਦੋਂ ਦੀ ਇਕੱਲ ਨੂੰ ਕਤਲ ਕਰ ਚੁੱਕੀ ਸੀ । ਗੁਰਮੇਲ ਦੀਆਂ ਕਿਸ਼ਤਾਂ ਆਸਾਨੀ ਨਾਲ ਮੁੜਨ ਲੱਗੀਆਂ ।

ਸਮਾਂ ਆਪਦੀ ਤੋਰ ਤੁਰਦਾ ਰਿਹਾ। ਗੁਰਮੇਲ ਨੇ ਹਰ ਰੋਜ਼ ਛੱਡ ਕੇ ਛੁੱਟੀ ਵਾਲੇ ਦਿਨ ਦਰਾਮ ਲਾਉਣ ਦੀ ਮਿੱਠੀ ਇਜ਼ਾਜਤ ਜਗਮੀਤ ਤੋਂ ਲੈ ਲਈ ਸੀ। ਗੁਰਮੇਲ ਜਾਣ ਗਿਆ ਸੀ ਕਿ ਜਗਮੀਤ ਨਿਰਾ ਪੁਰਾ ਘਰ ਦਾ ਸ਼ਿੰਗਾਰ ਹੀ ਨਹੀਂ ਉਸ ਵਿਚ ਸੰਜਮਤਾ ਤੇ ਸਿਆਣਪ ਦੇ ਗੁਣ ਵੀ ਸਨ। ਇਸੇ ਕਰਕੇ ਉਹ ਕੀਲਿਆ ਗਿਆ ਸੀ। ਦੂਸਰਾ ਉਸ ਨੇ ਜਗਮੀਤ ਦੇ ਕਹੇ ਦੋ ਉਸਾਰੂ ਸਾਹਿਤਕ ਪੇਪਰਾਂ ਨੂੰ ਚੰਦਾ ਵੀ ਭੇਜ ਦਿੱਤਾ ਸੀ ।

ਗੁਰਮੇਲ ਦੇ ਘਰ ਦੂਸਰੀ ਮਹਿਫ਼ਲ ਜੁੜੀ ਸੀ। ਇਸ ਦਾ ਅਨੋਖਾ ਰੰਗ ਸੀ। ਜਗਮੀਤ ਨੇ ਇਕ ਲੜਕੇ ਨੂੰ ਜਨਮ ਦਿੱਤਾ ਸੀ । ਉਹ ਬੱਚੇ ਸਮੇਤ ਹਾਲੇ ਹਸਪਤਾਲ ਵਿਚ ਹੀ ਸੀ। ਪਰ ਗੁਰਮੇਲ ਨੂੰ ਦੋਸਤਾਂ ਨਾਲ ਬੈਠ ਕੇ ਪੀਣ ਦਾ ਇਕ ਹੋਰ ਵਧੀਆ ਸਬੱਬ ਮਿਲਿਆ ਸੀ। ਹੁਣ ਜਗਮੀਤ ਭਾਵੇਂ ਘਰ ਰਹਿੰਦੀ ਸੀ ਪਰ ਇਕੱਲ ਨੂੰ ਉਸ ਨੇ ਫਿਰ ਕਤਲ ਕਰ ਦਿੱਤਾ ਸੀ। ਸਮਾਂ ਲੰਘਾਉਣ ਲਈ ਉਸ ਕੋਲ ਗੁਰਮੇਲ ਦੀ ਇਮਾਨਤ ਸੀ। ਦੂਜੇ ਬੰਨ੍ਹੇ ਗੁਰਮੇਲ ਦੀਆਂ ਕਿਸ਼ਤਾਂ ਦੇ ਹੜ੍ਹ ਨੂੰ ਬੰਨ੍ਹ ਮਾਰਨਾ ਔਖਾ ਹੋ ਗਿਆ ਸੀ । ਕਦੇ ਕਦਾਈਂ ਛੋਟੀ ਛੋਟੀ ਗੱਲ ਤੇ ਆਪਸ ਵਿਚ ਕੁੜੱਤਣ ਵਧਣ ਲੱਗੀ। ਗੁਰਮੇਲ ਦੀਆਂ ਫੋਕੀਆਂ ਫਾਡੀਆਂ ਦਾ ਪੋਲ ਜਗਮੀਤ ਕੋਲ ਕਦੋਂ ਦਾ ਖੁਲ੍ਹ ਚੁੱਕਾ ਸੀ। ਅੰਦਰੇ ਅੰਦਰ ਜਗਮੀਤ ਨੂੰ ਗੁਰਮੇਲ ਦੀਆਂ ਕਿਸ਼ਤਾਂ ਦਾ ਫਿਕਰ ਵੱਢ ਵੱਢ ਖਾਣ ਲੱਗਾ, ਦੀਪ ਸਾਲ ਭਰ ਦਾ ਹੋ ਗਿਆ ਸੀ ਤੇ ਉਸ ਨੂੰ ਬੇਬੀ ਸਿਟਰ ਦੇ ਛੱਡਣਾ ਸ਼ੁਰੂ ਕਰ ਦਿੱਤਾ ਸੀ ।

ਜਗਮੀਤ ਪਹਿਲੇ ਦਿਨ ਕੰਮ ਕਰਕੇ ਸਿੱਧੀ ਬੇਬੀ-ਸਿਟਰ ਦੇ ਘਰ ਪਹੁੰਚੀ ਅਤੇ ਆਪਣੇ ਦੀਪ ਨੂੰ ਚੁੱਕ ਕੇ ਹਿੱਕ ਨਾਲ ਲਾਇਆ। ਪਿਆਰ ਦਿੱਤਾ। ਮੁੰਡਾ ਰੋ ਰੋ ਕੇ ਹਾਲੋਂ ਬੇਹਾਲ ਹੋਇਆ ਪਿਆ ਸੀ । ਮੁੰਡੇ ਦੀ ਤਰਸਯੋਗ ਹਾਲਤ ਵੇਖਕੇ ਜਗਮੀਤ ਨੇ ਲੰਮਾ ਹੌਕਾ ਲਿਆ। ਜਦੋਂ ਘਰ ਜਾ ਕੇ ਮੁੰਡੇ ਨੂੰ ਨਹਾਉਣ ਲੱਗੀ ਤਾਂ ਉਸ ਨੇ ਕੀ ਵੇਖਿਆ, ਦੀਪ ਦੀ ਟੱਟੀ-ਪੇਸ਼ਾਬ ਵਾਲੀ ਥਾਂ ਵੀ ਠੀਕ ਤਰ੍ਹਾਂ ਸਾਫ ਨਹੀਂ ਸੀ। ਬਹੁਤ ਬਦਬੂ ਆ ਰਹੀ ਸੀ। ਉਸ ਨੂੰ ਬੇਬੀ ਸਿਟਰ ਤੇ ਰਹਿ ਰਹਿ ਗੁੱਸਾ ਆ ਰਿਹਾ ਸੀ। ਉਹ ਮੂੰਹ ਵਿਚ ਹੀ ਬੁੜ ਬੁੜਾ ਰਹੀ ਸੀ। ਜਗਮੀਤ ਨੇ ਆਨੀ ਬਹਾਨੀ ਹਫਤੇ ਵਿਚ ਇਕ ਅੱਧ ਦਿਨ ਭੰਨ੍ਹਣਾ ਸ਼ੁਰੂ ਕਰ ਦਿੱਤਾ। ਮਾਲਕਾਂ ਨੇ ਦੋ-ਚਾਰ ਹਫ਼ਤੇ ਵੇਖ ਕੇ ਜਗਮੀਤ ਨੂੰ ਨੌਕਰੀ ਤੋਂ ਹਟਾ ਦਿੱਤਾ ।

"ਵੇਖੋ ਜਗਮੀਤ ! ਇੱਥੇ ਸਾਰੇ ਹੀ ਬੱਚਿਆਂ ਨੂੰ ਛੱਡਦੇ ਹਨ, ਫਿਰ ਹੀ ਉਨ੍ਹਾਂ ਦਾ ਤੋਰੀ ਫੁਲਕਾ ਤੁਰਦਾ ਹੈ ।"

ਬੇਬੀ-ਸਿਟਰ ਬਦਲਕੇ ਜਗਮੀਤ ਨੇ ਦੂਸਰੀ ਥਾਂ ਨੌਕਰੀ ਲੱਭ ਲਈ ਸੀ। ਛੇ ਮਹੀਨਿਆਂ ਦੇ ਵਿਚ ਵਿਚ ਜਗਮੀਤ ਨੂੰ ਤਿੰਨ ਥਾਵਾਂ ਤੋਂ ਨੌਕਰੀ ਤੋਂ ਜਵਾਬ ਮਿਲੇ। ਕੁੜੱਤਣ ਤਕਰਾਰ ਵਿਚ ਬਦਲਣ ਲੱਗੀ। ਇਕ ਦਿਨ ਦੋਵੇਂ ਏਨਾ ਝਗੜੇ ਕਿ ਗੱਲ ਤਲਾਕ ਤੱਕ ਪਹੁੰਚ ਗਈ। ਗੁਰਮੇਲ ਹਰ ਰੋਜ਼ ਨਹੀਂ ਚਾਹੁੰਦਾ ਸੀ ਜਗਮੀਤ ਨੌਕਰੀ ਛੱਡੇ। ਪਰ ਜਗਮੀਤ ਆਪਣੇ ਬੱਚੇ ਦੀ ਪਾਲਣ ਪੋਸਣ ਆਪਣੇ ਢੰਗ ਨਾਲ ਕਰਨ ਤੇ ਬਜਿਦ ਸੀ ।

ਲੰਮੀ ਸੋਚ ਕੇ ਜਗਮੀਤ ਨੇ ਇਕ ਸੁਝਾਅ ਗੁਰਮੇਲ ਮੂਹਰੇ ਰਖਿਆ । "ਗੁਰਮੇਲ ਆਪਾਂ ਘਰ ਵੇਚਕੇ ਅਪਾਰਟਮੈਂਟ ਵਿਚ ਰਹਿਣਾ ਸ਼ੁਰੂ ਕਰ ਦੇਈਏ। ਜਦੋਂ ਹਿੰਮਤ ਹੋਈ ਘਰ ਫਿਰ ਵੀ ਖਰੀਦਿਆ ਜਾ ਸਕਦਾ ਹੈ। ਅੱਡੀਆਂ ਚੁੱਕ ਕੇ ਫਾਹਾ ਲੈਣ ਦਾ ਕੀ ਲਾਭ। ਆਰਥਕਤਾ ਆਪਣੇ ਵਿਚਾਲੇ ਝਗੜੇ ਦੀ ਜੜ੍ਹ ਹੈ। ਏਨੇ ਵਿਚ ਮੇਰਾ ਡੇ-ਕੇਅਰ ਦਾ ਕੋਰਸ ਵੀ ਪੂਰਾ ਹੋ ਜਾਵੇਗਾ। ਮੈਂ ਵਿਤੋਂ ਵੱਧ ਬੱਚੇ ਸੰਭਾਲਣ ਦੀ ਕੋਸ਼ਿਸ਼ ਕਰਾਂਗੀ। ਉਨ੍ਹਾਂ ਬੱਚਿਆਂ ਨਾਲ ਹੀ ਆਪਣਾ ਦੀਪ ਵੀ ਪਲ ਜਾਵੇਗਾ। ਜਿਹੜੀ ਆਮਦਨ ਉਹ ਵੱਖਰੀ। ਮੈਂ ਤਾਂ ਇਹੋ ਕਹਾਂਗੀ ਦੂਸਰਿਆਂ ਨੂੰ ਵੇਖ ਕੇ ਆਪਣੇ ਢਾਰੇ ਢਾਹੁਣ ਦਾ ਕੀ ਲਾਭ ? ਮੈਂ ਤਾਂ ਇਹੋ ਚਾਹੁੰਦੀ ਹਾਂ ਤੁਹਾਡੇ ਮੋਢੇ ਨਾਲ ਮੇਰਾ ਮੋਢਾ ਲੱਗਿਆ ਰਹੇ, ਫਿਰ ਹੀ ਇਥੋਂ ਦੀ ਜ਼ਿੰਦਗੀ ਬੇਰੋਕ ਤੁਰਦੀ ਹੈ। ਪਰ ਦੀਪ ਨੂੰ ਬੇਬੀ-ਸਿਟਰ ਦੇ ਛੱਡਣ ਵਿਚ ਮੇਰਾ ਯਕੀਨ ਨਹੀਂ ਰਿਹਾ।

ਸਿਆਪਣੀ ਖਰਚ ਤੇ ਦੂਸਰਾ ਕਰਾਏ ਤੇ ਰਹਿਣ ਕਰਕੇ ਕਿਸ਼ਤਾਂ ਦਾ ਬੋਝ ਬਹੁਤ ਹਲਕਾ ਹੋ ਗਿਆ ਸੀ । ਕੁੜੱਤਣ ਪਿਆਰ ਵਿਚ ਬਦਲਣ ਲੱਗੀ । ਜਗਮੀਤ ਨੇ ਡੇ-ਕੇਅਰ ਦਾ ਕੋਰਸ ਕਰਕੇ ਅੱਠ-ਦਸ ਬੱਚਿਆਂ ਨੂੰ ਬੇਬੀ-ਸੈਟ ਦਾ ਕੰਮ ਸੰਭਾਲ ਲਿਆ ਸੀ। ਘਰ ਵਿਚ ਦੂਹਰੀ ਆਮਦਨ ਸ਼ੁਰੂ ਹੋਣ ਨਾਲ ਮਹੌਲ ਵੀ ਮਿਲਾਪੜਾ ਹੋ ਗਿਆ ਸੀ। ਬੱਚਿਆਂ ਦੇ ਮਾਂ-ਬਾਪ ਨੂੰ ਵੀ ਕੋਈ ਸ਼ਿਕਾਇਤ ਨਹੀਂ ਸੀ, ਕਿਉਂਕਿ ਜਗਮੀਤ ਦੂਸਰੇ ਬੱਚਿਆਂ ਦਾ ਪਾਲਣ-ਪੋਸਣ ਦੀਪ ਸਮਝਕੇ ਹੀ ਕਰਦੀ ਸੀ ।

ਗੁਰਮੇਲ ਦਾ ਕੈਨੇਡਾ ਵਿਚ ਪਹੁੰਚਕੇ ਅਮੀਰੀ ਤੇ ਸਰਦਾਰੜੂ ਸੁਪਨਾ ਰੇਤ ਦਾ ਮਹਿਲ ਬਣਕੇ ਰਹਿ ਗਿਆ ਸੀ । ਉਸ ਨੇ ਜਗਮੀਤ ਦੇ ਢੰਗ ਦੀ ਜ਼ਿੰਦਗੀ ਜਿਉਣ ਦਾ ਰਾਹ ਚੁਣ ਲਿਆ ਸੀ ।

ਤਲਾਕ ਲੈਣ ਲਈ ਕੋਰਟ ਰੂਮ ਜਾਂਦੇ ਜਾਂਦੇ ਦੀਪ ਸਮੇਤ ਆਪਣਾ ਬੋਰੀਆ ਬਿਸਤਰਾ ਸਾਂਭ ਕੇ ਕਦੋਂ ਦੇ ਅਪਾਰਟਮੈਂਟ ਵਿਚ ਰਹਿਣ ਲੱਗ ਪਏ ਸਨ ।

ਪਾਕਿਸਤਾਨੀ ਏਜੰਸੀਆਂ ਨੂੰ ਅਤਿਵਾਦੀਆਂ ਦਾ ਦਾਖਲਾ ਹਰ ਹਾਲਤ 'ਚ ਰੋਕਣ ਦੇ ਹੁਕਮ

ਨਵੀਂ ਦਿੱਲੀ — ਪਾਕਿਸਤਾਨ ਨੇ ਦਾਅਵਾ ਕੀਤਾ ਹੈ ਕਿ ਉਸਨੇ ਕੁਝ ਸਿੱਖ ਦਹਿਸ਼ਤਗਰਦਾਂ ਦੇ ਪਾਕਿਸਤਾਨ ਵਿਚ ਦਾਖਲੇ ਤੇ ਪਾਬੰਦੀ ਲਗਾਉਣ ਦੀ ਕਾਰਵਾਈ ਭਾਰਤ ਸਰਕਾਰ ਦੀ ਬੇਨਤੀ ਤੇ ਕੀਤੀ। ਇਥੇ ਜਾਰੀ ਇਕ ਬਿਆਨ ਵਿਚ ਪਾਕਿਸਤਾਨੀ ਸਫਾਰਤਖਾਨੇ ਨੇ ਕਿਹਾ ਕਿ ਕੁਝ ਹਲਕਿਆਂ ਵਲੋਂ ਇਹ ਪ੍ਰਭਾਵ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਦਹਿਸ਼ਤਗਰਦਾਂ ਦੇ ਦਾਖਲੇ ਤੇ ਪਾਬੰਦੀ ਸਦਰ ਜ਼ਿਆ ਉਲ ਹੱਕ ਦੇ ਇੰਤਕਾਲ ਮਗਰੋਂ ਲਗਾਈ ਗਈ ਜਿਸ ਤੋਂ ਇਹ ਪ੍ਰਭਾਵ ਵੀ ਬਣਦਾ ਹੈ ਕਿ ਪਾਕਿਸਤਾਨ ਪਹਿਲਾਂ ਇਹਨਾਂ ਦਹਿਸ਼ਤਗਰਦਾਂ ਨੂੰ ਪਨਾਹ ਦਿੰਦਾ ਆ ਰਿਹਾ ਹੈ ।

ਕੈਨੇਡਾ ਦੇ ਨਵੇਂ ਇਮੀਗਰੇਸ਼ਨ ਨਿਯਮ

ਗੁਰਨਾਮ ਸਿੰਘ ਸੰਘੇੜਾ

ਕੈਨੇਡਾ ਦੀ ਇਮੀਗਰੇਸ਼ਨ ਮੰਤਰੀ ਬਾਰਬਰਾ ਮੈਕਡੂਗਲ ਨੇ 27 ਮਈ 1988 ਨੂੰ ਇਮੀਗਰੇਸ਼ਨ ਦੇ ਨਿਯਮਾਂ ਵਿਚ ਸੋਧ ਕੀਤੀ। ਇਸ ਨਾਲ ਪੁਆਇੰਟ (ਨੰਬਰਾਂ) ਸਿਸਟਮ ਵਿਚ ਥੋੜ੍ਹੀ ਜਿਹੀ ਸੋਧ ਹੈ। ਅਤੇ ਵੱਡੀ ਬਦਲੀ ਇਹ ਹੈ ਕਿ **ਕਦੇ ਭੀ ਨਾ ਵਿਆਹੇ ਹੋਏ**, ਕਿਸੇ ਭੀ ਉਮਰ ਦਾ ਪੁਤਰ ਅਤੇ ਧੀ ਸਪੌਂਸਰ ਕਰਕੇ ਕੈਨੇਡਾ ਮੰਗਵਾਏ ਜਾ ਸਕਦੇ ਹਨ। ਇਹ "ਫੈਮਿਲੀ ਕਲਾਸ" ਵਿਚ ਆਉਂਦੇ ਹਨ। ਕਦੇ ਭੀ ਨਾ ਵਿਆਹੇ ਹੋਏ ਕਿਸੇ ਭੀ ਉਮਰ ਦੇ ਪੁੱਤਰ-ਧੀ ਨੂੰ ਪਰਿਵਾਰ ਦਾ ਹਿੱਸਾ ਮੰਨਿਆ ਗਿਆ ਹੈ ਜੋ ਚੰਗੀ ਗੱਲ ਹੈ।

ਇਥੇ ਅਤੇ ਖਾਸ ਕਰ ਭਾਰਤ ਵਿਚ ਬਹੁਤ ਸਾਰੇ ਏਜੰਟਾਂ ਨੇ ਇਸ ਸੋਧ ਬਾਰੇ ਕਈ ਕਿਸਮ ਦੀਆਂ ਗੱਲਾਂ ਕੀਤੀਆਂ ਹਨ। ਭਾਰਤ ਵਿਚੋਂ ਤਾਂ ਅਨੇਕਾਂ ਰਿਸ਼ਤੇਦਾਰਾਂ ਦੀਆਂ ਚਿੱਠੀਆਂ ਆਈਆਂ ਹਨ ਕਿ ਹੁਣ ਤਾਂ ਰਿਸ਼ਤੇਦਾਰ ਭੀ ਮੰਗਵਾਏ ਜਾ ਸਕਦੇ ਹਨ ਅਤੇ ਨੰਬਰ ਭੀ ਵਧ ਗਏ ਹਨ। ਸੋ ਭਾਰਤ ਵਿਚ ਕਾਫੀ ਗਲਤ ਫਹਿਮੀ ਪੈਦਾ ਕੀਤੀ ਗਈ ਹੈ। ਇਹਨਾਂ ਸੋਧਾਂ ਅਤੇ ਇਮੀਗਰੇਸ਼ਨ ਲੈਣ ਲਈ ਵੱਖੋ ਵੱਖਰੀਆਂ ਧਾਰਾਵਾਂ, ਰੂਲਾਂ, ਪੁਆਇੰਟਾਂ ਅਤੇ ਇਮੀਗਰੈਂਟਾਂ ਦੀਆਂ ਕੈਟੇਗਰੀਆਂ ਬਾਰੇ ਕਿਸੇ ਨੇ ਭੀ ਨਹੀਂ ਦਸਿਆ। ਨਾਲ ਇਹ ਭੀ ਸਾਫ ਨਹੀਂ ਕੀਤਾ ਕਿ ਇਮੀਗਰੇਸ਼ਨ, ਸੈਰ, ਵਿਦਿਆਰਥੀ ਜਾਂ ਪਰਿਵਾਰਕ ਧਾਰਾ ਥੱਲੇ ਇਧਰ ਆਉਣ ਲਈ ਕਿਸੇ ਏਜੰਟ ਜਾਂ ਵਕੀਲ ਦੀ ਲੋੜ ਨਹੀਂ।

ਇਹ ਸੋਧਾਂ ਇਮੀਗਰੇਸ਼ਨ ਕਾਨੂੰਨ ਵਿਚ ਨਹੀਂ। ਇਮੀਗਰੇਸ਼ਨ ਦਾ ਕਾਨੂੰਨ ਤਾਂ 1976 ਵਾਲਾ ਹੀ ਹੈ ਜੋ 10 ਅਪਰੈਲ ਤੋਂ ਪਹਿਲਾਂ ਫੈਡਰਲ ਸਰਕਾਰ ਨੇ ਇਮੀਗਰੇਸ਼ਨ ਦੀ ਨੀਤੀ ਵਿਚ ਵੱਡੀ ਸੋਧ ਦਾ ਐਲਾਨ (ਸਤੰਬਰ 1973) ਵਿਚ ਕੀਤਾ। ਜਥੇਬੰਦੀਆਂ ਅਤੇ ਵਿਅਕਤੀਆਂ ਆਦਿ ਤੋਂ ਸੁਝਾਅ ਅਤੇ ਮੈਮੋਰੈਂਡਮ ਮੰਗੇ ਗਏ। ਬੜੀ ਜ਼ਬਰਦਸਤ ਬਹਿਸ ਹੋਈ। ਵਿਚਾਰ ਵਟਾਂਦਰੇ ਲਈ ਚਾਰ ਜਿਲਦਾਂ ਵਿਚ ਗਰੀਨ ਪੇਪਰ ਤਿਆਰ ਕੀਤੇ ਗਏ। ਇਹਨਾਂ ਵਿਚ ਵਿਤਕਰਾ ਅਤੇ ਨਸਲਵਾਦ ਉਭਰ ਕੇ ਸਾਹਮਣੇ ਆਇਆ ਅਤੇ ਭਾਰਤੀਆਂ, ਪਾਕਿਸਤਾਨੀਆਂ ਅਤੇ ਕਾਲੇ ਭੂਰੇ ਲੋਕਾਂ ਦੇ ਵਿਰੁਧ ਭੀ ਅੰਕਿਤ ਹੈ। ਪਾਰਲੀਮੈਂਟ ਦੀ ਕਮੇਟੀ ਨੇ ਸਾਰੇ ਦੇਸ਼ ਵਿਚ ਸੁਣਵਾਈ ਕੀਤੀ ਅਤੇ 24 ਨਵੰਬਰ 1976 ਨੂੰ ਪਾਰਲੀਮੈਂਟ ਦੇ ਵਿਚ ਇਮੀਗਰੇਸ਼ਨ ਬਿੱਲ ਪੇਸ਼ ਕੀਤਾ ਜੋ 5 ਅਗਸਤ 1977 ਨੂੰ ਪਾਸ ਹੋਇਆ। ਇਹਨਾਂ ਬਹਿਸਾਂ ਤੇ ਗਰੀਨ ਪੇਪਰ ਵਿਚ ਸਾਫ ਹੋਇਆ ਕਿ ਰੰਗਦਾਰ ਲੋਕਾਂ ਦੀ ਇਮੀਗਰੇਸ਼ਨ ਨੂੰ ਸੀਮਤ/ਘੱਟ ਕੀਤਾ ਜਾਏ। ਸੋ ਤੀਜੀ ਦੁਨੀਆਂ ਵਿਚ ਕੈਨੇਡੀਅਨ ਇਮੀਗਰੇਸ਼ਨ ਦੇ ਦਫਤਰ ਘਟਾਏ ਗਏ ਅਤੇ ਯੂਰਪ, ਅਮਰੀਕਾ, ਨੀਊਜ਼ੀਲੈਂਡ ਆਦਿ ਵਿਚ ਵਧਾਏ ਗਏ। ਭਾਵੇਂ ਕਿ 1966 ਦੇ ਵਾਈਟ ਪੇਪਰ ਵਿਚ ਇਮੀਗਰੇਸ਼ਨ ਵਧਾਉਣ ਬਾਰੇ ਆਖਿਆ ਸੀ ਪਰ 1976 ਵਿਚ ਘਟਾਉਣ ਬਾਰੇ ਆਖਿਆ।

ਕੈਨੇਡੀਅਨ ਇਮੀਗਰੇਸ਼ਨ ਦੀ ਨੀਤੀ ਸਦਾ ਹੀ ਅਗਾਂਹ ਵਧੂ ਲੋਕਾਂ ਅਤੇ ਫੌਜੀ ਡਿਕਟੇਟਰਾਂ ਜਾਂ ਅਤਿ ਪਿਛਾਖੜ ਤੋਂ ਆ ਜਾਂ ਭੱਜ ਰਹੇ ਲੋਕਾਂ ਦੇ ਵਿਰੁਧ ਰਹੀ ਹੈ (ਅਤੇ ਹੈ)। ਇਹ ਅਫਗਾਨਿਸਤਾਨ, ਨਿਕਾਰਗੁਆ ਅਤੇ ਪੋਲੈਂਡ ਵਿਚੋਂ ਭੱਜ ਕੇ ਆਉਣ ਨੂੰ ਹੱਲਾਸ਼ੇਰੀ ਦਿੰਦੇ ਹਨ ਪਰ ਚਿੱਲੀ, ਇਲਸਿਲਵੇਡੋਰ ਆਦਿ ਤੋਂ ਭੱਜ ਕੇ ਆਉਂਦਿਆਂ ਨੂੰ ਮੋੜਦੇ ਹਨ।

ਹੁਣ ਕੈਨੇਡਾ ਦੀ ਬੁੱਢੀ ਹੋ ਰਹੀ ਆਬਾਦੀ ਵੱਧ ਰਹੀ ਹੈ ਅਤੇ ਜਨਰਲ ਆਬਾਦੀ ਘੱਟ ਰਹੀ ਹੈ। ਇਸ ਬਾਰੇ ਭੀ ਇਹ ਚਿੰਤਾਤੁਰ ਹਨ। ਪਰ ਦਬਾਅ ਇਹ ਹੈ ਕਿ ਚਿੱਟੇ ਦੇਸ਼ਾਂ ਤੋਂ ਹੋਰ ਇਮੀਗਰੇਸ਼ਨ ਵਧਾਉ। ਪਰ ਹੁਣ ਇਮੀਗਰੇਸ਼ਨ ਤਾਂ ਦੁਨੀਆਂ ਦੇ ਪੱਧਰ ਦੀ ਗੱਲ ਹੈ। ਇਕ ਤੋਂ ਡੇਢ ਕਰੋੜ ਤਾਂ ਲੋਕ ਸ਼ਰਨਾਰਥੀ (ਰਿਫੀਊਜ਼ੀ) ਇਕ ਤੋਂ ਦੂਜੇ ਦੇਸ਼ ਵਿਚ ਆ ਜਾ ਰਹੇ ਹਨ। ਰਿਫੀਊਜ਼ੀਆਂ ਸੰਬੰਧੀ ਕੈਨੇਡਾ ਦੇ ਦੋ ਆ ਰਹੇ ਐਕਟ ਭੀ ਇਸ ਦੇ ਆਪਣੇ ਵਾਅਦਿਆਂ ਤੋਂ ਨੀਵੇਂ ਅਤੇ ਵਿਤਕਰੇ ਵਾਲੇ ਹਨ।

1976 ਦਾ ਇਮੀਗਰੇਸ਼ਨ ਕਾਨੂੰਨ ਭੀ ਪਰਿਵਾਰ ਦੀ ਏਕਤਾ ਅਤੇ ਇਕੱਠੇ ਕਰਨ ਬਾਰੇ ਆਖਦਾ ਹੈ। ਪਰ ਕੈਨੇਡੀਅਨ ਇਮੀਗਰੇਸ਼ਨ ਨੀਤੀਆਂ ਵਿਤਕਰੇ ਭਰੀਆਂ ਹਨ ਜਿਵੇਂ ਸਾਡੇ ਲੋਕਾਂ ਦੇ ਵਿਆਹਾਂ ਨੂੰ (ਕਈ ਵਾਰ) ਮੌਕਾ ਕੱਢੂ ਆਖ ਕੇ ਰੱਦ ਕੀਤਾ ਜਾਂਦਾ ਹੈ। ਜਨਵਰੀ 1987 ਦੀ ਨੀਲਸਨ ਟਾਸਕ ਫੋਰਸ ਦੀ ਰੀਪੋਰਟ ਭੀ ਸਾਫ ਹੀ ਰੰਗ ਦੇ ਵਿਤਕਰੇ ਦੇ ਪੱਖ ਤੋਂ ਆਖਦੀ ਹੈ ਕਿ ਗਿਣਤੀ ਨਾਲੋਂ "ਕਿਹੜੀ ਕਿਸਮ ਦੇ ਲੋਕ ਇਮੀਗਰੈਂਟ ਦੇ ਤੌਰ ਤੇ ਆਉਂਦੇ ਹਨ, ਜ਼ਿਆਦਾ ਮਹੱਤਤਾ ਰਖਦਾ ਹੈ।"

27 ਮਈ 1988 ਨੂੰ ਭੀ ਇਮੀਗਰੇਸ਼ਨ ਮੰਤਰੀ ਨੇ ਇਹ ਹੀ ਆਖਿਆ ਕਿ ਇਹ ਸੋਧਾਂ ਪਰਿਵਾਰਾਂ ਨੂੰ ਕੈਨੇਡਾ ਵਿਚ ਇਕੱਠਾ ਕਰਨ ਲਈ ਹੋਰ ਸਹੂਲਤਾਂ ਦੇਣ ਦੇ ਪੱਖ ਤੋਂ ਹੈ। ਇਹ 8 ਜੁਲਾਈ 1988 ਨੂੰ ਲਾਗੂ ਹੋਏ ਹਨ। ਇਸ ਵਿਚ ਦੋ ਮੁਖ ਸੋਧਾਂ ਹਨ ਜਿਹਨਾਂ ਵਿਚੋਂ **ਕਦੇ ਭੀ ਨਾ ਵਿਆਹੇ ਹੋਏ**, ਕਿਸੇ ਭੀ ਉਮਰ ਦੇ ਧੀ/ਪੁੱਤਰ ਇਧਰ ਆ ਸਕਦੇ ਹਨ। ਭਾਵ ਇਹ ਹੈ ਕਿ ਜੇ ਕਰ ਇਥੇ ਰਹਿੰਦੀ ਧੀ ਜਾਂ ਪੁੱਤਰ ਆਪਣੇ ਮਾਂ ਬਾਪ (ਜਿਹਨਾਂ ਦੀ ਉਮਰ 60 ਸਾਲ ਜਾਂ ਉਪਰ — ਅਤੇ ਵਿਧਵਾ ਮਾਂ ਕਿਸੇ ਭੀ ਉਮਰ ਦੀ ਨੂੰ ਮੰਗਵਾਇਆ ਜਾ ਸਕਦਾ)ਨੂੰ ਇਧਰ ਮੰਗਵਾਉਂਦੇ ਹਨ ਤਾਂ ਉਹਨਾਂ ਦੇ ਨਾਲ ਉਹਨਾਂ ਦੇ **ਕਦੇ ਭੀ ਨਾ ਵਿਆਹੇ ਹੋਏ ਤੇ** ਕਿਸੇ ਭੀ ਉਮਰ ਦੇ ਧੀ/ਪੁੱਤਰ (ਦੂਜੇ ਸ਼ਬਦਾਂ ਵਿਚ ਸਪੌਂਸਰ ਕਰਨ ਵਾਲੇ ਦੇ ਭੈਣ ਭਾਈ) ਮੰਗਵਾਏ ਜਾ ਸਕਦੇ ਹਨ। ਪਰ ਜੇ ਮਾਂ ਬਾਪ ਨਹੀਂ ਹਨ ਤਾਂ ਮੰਗਵਾਏ ਨਹੀਂ ਜਾ ਸਕਦੇ। ਸੋ ਮਾਂ ਬਾਪ ਦਾ ਇਧਰ ਜਾਂ ਉਧਰ ਹੋਣਾ ਜ਼ਰੂਰੀ ਹੈ। ਇਹ ਚੰਗੀ ਮੰਦ ਹੈ ਇਧਰ ਰਹਿੰਦੇ ਮਾਂ ਜਾਂ ਬਾਪ ਜਾਂ ਮਾਂ ਬਾਪ, ਆਪਣੇ ਪਿੱਛੇ ਰਹਿ ਗਏ, ਕਦੇ ਭੀ ਨਾ ਵਿਆਹੇ ਪੁੱਤਰ/ਧੀ ਨੂੰ ਸੱਦ ਸਕਦੇ ਹਨ। ਇਹ ਫੈਮਿਲੀ ਕਲਾਸ ਵਿਚ ਆਉਂਦੇ ਹਨ। ਪਰ ਸੱਦਣ ਲਈ ਬਾਕੀ ਦੀਆਂ ਇਮੀਗਰੇਸ਼ਨ ਸ਼ਰਤਾਂ ਜਿਵੇਂ ਹੈਲਥ (ਡਾਕਟਰੀ) ਪਾਸ ਹੋਣਾ ਅਤੇ ਕੈਨੇਡਾ ਵਿਚ ਯੋਗ ਆਮਦਨ ਤੇ ਰਹਿਣ ਲਈ ਯੋਗ ਥਾਂ ਦਾ ਸਬੂਤ ਦੇਣਾ ਜ਼ਰੂਰੀ ਹੈ। ਇਸ ਵਰਗ ਜਾਂ ਫੈਮਿਲੀ ਕਲਾਸ ਵਿਚ ਨੰਬਰਾਂ ਜਾਂ ਪੁਆਇੰਟਾਂ ਦੀ ਕੋਈ ਗੱਲ ਨਹੀਂ।

1976 ਦੇ ਇਮੀਗਰੇਸ਼ਨ ਕਾਨੂੰਨ ਦੀ ਧਾਰਾ 7 ਅਨੁਸਾਰ ਕੇਂਦਰੀ ਸਰਕਾਰ ਸਾਰੇ ਸੂਬਿਆਂ ਨਾਲ ਸਲਾਹ ਮਸ਼ਵਰਾ ਕਰਕੇ ਤੈਅ ਕਰਦੀ ਹੈ ਕਿ ਆਉਣ ਵਾਲੇ ਇਕ ਸਾਲ ਵਿਚ ਕਿਹੜੀ ਕਿਹੜੀ ਕੈਟੇਗਰੀ ਦੇ ਕਿੰਨੇ ਕਿੰਨੇ ਬੰਦੇ (ਇਮੀਗਰੈਂਟ) ਆਉਣ ਦੇਣੇ ਹਨ। ਜਿਵੇਂ 1988-89 ਵਿਚ 125000 ਤੋਂ 135000 ਇਮੀਗਰੈਂਟ ਆਉਣ ਦੇਣੇ ਹਨ। ਇਹਨਾਂ ਵਿਚ ਪੰਜਾਹ ਹਜ਼ਾਰ ਫੈਮਿਲੀ ਕਲਾਸ (ਭਾਵ ਮਾਂ ਬਾਪ ਤੇ ਉਹਨਾਂ ਉਪਰ ਨਿਰਭਰ ਕਰਦੇ ਭੀ ਨਾ ਵਿਆਹੇ ਹੋਏ ਕਿਸੇ ਭੀ ਉਮਰ ਦੇ ਬੱਚੇ, ਸਪੌਂਸਰ ਕਰਨ ਵਾਲੇ ਦਾ ਪਤੀ ਜਾਂ ਪਤਨੀ ਅਤੇ ਉਹਨਾਂ ਦੇ ਬੱਚੇ) ਆਉਣ ਦੇਣੇ ਹਨ। ਮਾਂ ਬਾਪ ਤੇ ਨਿਰਭਰ ਬੱਚਿਆਂ ਨੂੰ ਦਸ ਸਾਲ ਲਈ ਸਪੌਂਸਰ ਕੀਤਾ ਜਾਂਦਾ ਹੈ, ਭਾਵ ਦਸ ਸਾਲ ਲਈ ਉਹਨਾਂ ਦੀ ਰਿਹਾਇਸ਼, ਰੋਟੀ, ਕੱਪੜਾ ਤੇ ਡਾਕਟਰੀ ਆਦਿ ਦੀ ਜ਼ਿਮੇਂਵਾਰੀ ਹੈ। ਫੈਮਿਲੀ ਕਲਾਸ ਨੂੰ ਸਪੌਂਸਰ ਕਰਨ ਲਈ ਕੈਨੇਡਾ ਵਿਚ ਰਹਿੰਦੇ ਹੋਣਾ ਜ਼ਰੂਰੀ ਹੈ।

ਜੇ ਰੀਟਾਇਰ ਹੋਏ ਵਿਅਕਤੀ ਪਾਸ ਆਪਣੇ ਮਾਇਕ ਸਾਧਨ ਕਾਫੀ ਹਨ ਅਤੇ ਉਸ ਨੇ ਇਧਰ ਕੰਮ ਨਹੀਂ ਕਰਨਾ ਤਾਂ (ਘੱਟੋ ਘੱਟ ਉਮਰ 55 ਸਾਲ ਤੋਂ ਉਪਰ ਹੋਵੇ) ਉਸ ਨੂੰ ਭੀ ਇਮੀਗਰੇਸ਼ਨ ਲਈ ਪੁਆਇੰਟ ਸਿਸਟਮ ਦੀ ਲੋੜ ਨਹੀਂ। ਇਸ ਹੀ ਤਰ੍ਹਾਂ ਰਿਫੀਊਜ਼ੀ ਕਲੇਮ ਵਾਲਿਆਂ ਨੂੰ ਭੀ ਪੁਆਇੰਟ ਸਿਸਟਮ ਦੀ ਲੋੜ ਨਹੀਂ। ਇਸ ਸਿਸਟਮ ਵਿਚ ਫੈਮਿਲੀ ਕਲਾਸ ਅਤੇ ਰਿਫੀਊਜੀਆਂ ਨੂੰ ਪਹਿਲ ਦਿੱਤੀ ਜਾਂਦੀ ਹੈ।

1976 ਦੇ ਇਮੀਗਰੇਸ਼ਨ ਕਾਨੂੰਨ ਦੀ ਧਾਰਾ 6 ਅਨੁਸਾਰ ਇਮੀਗਰੈਂਟਾਂ ਨੂੰ ਤਿੰਨ ਵਰਗਾਂ ਵਿਚ ਵੰਡਿਆ ਹੋਇਆ ਹੈ। ਇਕ ਫੈਮਿਲੀ ਕਲਾਸ (ਜਿਵੇਂ ਉਪਰ ਦੱਸਿਆ), ਦੂਜੇ ਕਨਵੈਨਸ਼ਨ ਰਿਫੀਊਜ਼ੀ ਅਤੇ ਤੀਜਾ ਵਰਗ ਹੈ ਆਜ਼ਾਦ ਤੇ ਹੋਰ ਇਮੀਗਰੈਂਟ। ਦੂਜੇ ਵਰਗ ਵਾਲੇ ਕਨਵੈਨਸ਼ਨ ਰਿਫੀਊਜ਼ੀ ਉਹ ਹਨ ਜਿਹਨਾਂ ਨੂੰ ਆਪਣੀ ਕੌਮੀਅਤ ਵਾਲੇ ਆਪਣੇ ਦੇਸ਼ ਵਿਚ ਨਸਲ, ਧਰਮ, ਕੌਮੀਅਤ, ਕਿਸੇ ਖਾਸ ਸਮਾਜੀ ਗਰੁਪ ਦੀ ਮੈਂਬਰਸ਼ਿਪ ਜਾਂ ਸਿਆਸੀ ਰਾਇ ਕਾਰਨ ਆਪਣੀ ਜਾਨ ਨੂੰ ਖਤਰਾ ਹੋਵੇ। ਅਤੇ ਉਹ ਜਾਨ ਨੂੰ ਡਰ ਦੇ ਕਾਰਨ ਵਾਪਸ ਦੇਸ਼ ਨਾ ਜਾ ਸਕਦਾ ਹੋਵੇ। ਕੋਈ ਭੀ ਕੈਨੇਡੀਅਨ ਜਥੇਬੰਦੀ (ਰਜਿਸਟਰਡ) ਜਾਂ ਗਰੁਪ ਰਿਫੀਊਜ਼ੀ ਜਾਂ ਇਨਸਾਨੀਅਤ ਦੇ ਨਾਮ ਉਪਰ ਕਿਸੇ ਹੰਗਾਮੀ ਹਾਲਾਤ ਦਾ ਸ਼ਿਕਾਰ ਵਿਅਕਤੀ/ਵਿਅਕਤੀਆਂ (ਪਰ ਕੈਨੇਡੀਅਨ ਸਰਕਾਰ ਨੇ ਪਹਿਲਾਂ ਉਹਨਾਂ ਲੋਕਾਂ ਨੂੰ "ਨਿਸਚਿਤ ਕਲਾਸ" ਗਰਦਾਨਿਆ ਹੋਵੇ) ਨੂੰ ਸਪੌਂਸਰ ਕਰ ਸਕਦੇ ਹਨ। ਕਨਵੈਨਸ਼ਨ ਰਿਫੀਊਜ਼ੀ ਨੂੰ ਪੂਰੀ ਕਾਨੂੰਨੀ ਕਾਰਵਾਈ ਕੀਤੇ ਬਿਨਾਂ ਬਾਹਰ ਨਹੀਂ ਕੱਢਿਆ ਜਾ ਸਕਦਾ।

ਤੀਜੇ ਆਜ਼ਾਦ ਅਤੇ ਹੋਰ ਇਮੀਗਰੈਂਟਾਂ ਦੀ ਕੈਟੇਗਰੀ ਵਿਚ ਅਸਿਸਟਿਡ ਰਿਸ਼ਤੇਦਾਰ, ਵਪਾਰੀ, ਪੈਸਾ ਲਾਉਣ ਵਾਲੇ ਆਪਣਾ ਘਰ ਦਾ ਕਾਰੋਬਾਰ ਸਥਾਪਤ ਕਰਨ ਵਾਲੇ ਅਤੇ ਪੈਸੇ ਵਾਲੇ ਰਿਟਾਇਰ ਹੋਏ ਲੋਕ ਹਨ। ਵਪਾਰੀ ਲੋਕ ਉਹ ਹਨ ਜਿਹਨਾਂ ਨੇ ਆਪਣਾ ਵਪਾਰ ਖਰੀਦਣਾ ਜਾਂ ਸਥਾਪਤ ਕਰਨਾ ਹੋਵੇ ਅਤੇ ਘੱਟੋ ਘੱਟ ਇਕ ਕੈਨੇਡੀਅਨ ਨੂੰ ਨੌਕਰੀ ਦੇਵੇ। ਇਨਵੈਸਟਰ (ਪੈਸਾ ਲਾਉਣ ਵਾਲਾ) ਲਈ ਜ਼ਰੂਰੀ ਹੈ ਕਿ ਉਹ ਘੱਟੋ ਘੱਟ ਤਿੰਨ ਸਾਲਾਂ ਲਈ 250,000 ਲਾਵੇ ਅਤੇ ਉਹ ਪੰਜ ਲੱਖ ਡਾਲਰ ਦੀ ਕੀਮਤ ਦਾ ਜ਼ਰੂਰ ਹੋਵੇ। (ਇਹ ਸ਼ਰਤਾਂ ਸਮੇਂ ਸਮੇਂ ਬਦਲਦੀਆਂ ਰਹਿੰਦੀਆਂ ਹਨ)। ਆਪਣੇ ਘਰ ਦਾ ਕੰਮ ਵਾਲਾ ਤੋਂ ਭਾਵ ਹੈ ਉਹ ਵਿਅਕਤੀ ਜੋ ਆਰਥਕ, ਸਭਿਆਚਾਰਕ ਅਤੇ ਕਲਾ ਦੇ ਤੌਰ ਤੇ ਉਘਾ ਹਿਸਾ ਪਾ ਸਕਦਾ ਹੋਵੇ।

ਅਸਿਸਟਿਡ ਰਿਸ਼ਤੇਦਾਰ ਤੇ ਹੋਰ ਆਜ਼ਾਦ ਇਮੀਗਰੈਂਟ ਪੁਆਇੰਟ (ਨੰਬਰ) ਸਿਸਟਮ ਅਧੀਨ ਆਉਂਦੇ ਹਨ। ਕੁਲ ਇਕ ਸੌ ਵਿਚੋਂ 70 ਨੰਬਰ ਲੈਣੇ ਜ਼ਰੂਰੀ ਹਨ। ਸਹਾਇਤਾ ਯੋਗ ਰਿਸ਼ਤੇਦਾਰ ਉਹ ਹਨ ਜਿਹੜੇ ਫੈਮਿਲੀ ਕਲਾਸ ਵਿਚ ਨਹੀਂ ਅਤੇ ਆਪਣੇ ਆਪ ਪਾਸ ਹੋਣ (ਸੱਤਰ ਨੰਬਰ ਲੈਣ) ਦੇ ਯੋਗ ਨਹੀਂ। ਪਰ ਜੇ ਇਧਰੋਂ ਕਰੀਬੀ ਰਿਸ਼ਤੇਦਾਰ 5 ਸਾਲਾਂ ਲਈ ਜ਼ਿਮੇਂਵਾਰੀ ਲੈਣ ਦਾ ਪੱਤਰ ਭਾਰਤ ਜਾਂ ਹੋਰ ਥਾਂ ਰਹਿੰਦੇ ਰਿਸ਼ਤੇਦਾਰ ਨੂੰ ਅਰਜ਼ੀ ਦੇਣ ਸਮੇਂ ਲਈ ਭੇਜ ਦੇਵੇ ਤਾਂ ਉਸ ਦੇ ਵੱਧ ਤੋਂ ਵੱਧ 15 ਨੰਬਰ ਹਨ। **ਇਸ ਸੋਧ ਤੋਂ ਪਹਿਲਾਂ ਰਿਸ਼ਤੇਦਾਰ ਦੇ 10 ਨੰਬਰ ਹੁੰਦੇ ਸਨ। ਸੋ ਹੁਣ ਪੰਜ ਹੀ ਵਧਾਏ ਹਨ।** ਅਸਿਸਟਿਡ ਰਿਸ਼ਤੇਦਾਰਾਂ ਵਿਚ ਭੈਣ, ਭਾਈ; ਭਤੀਜਾ/ਭਾਣਜਾ ਜਾਂ ਭਤੀਜੀ ਭਾਣਜੀ; ਪੋਤਾ/ਦੋਹਤਾ ਜਾਂ ਪੋਤੀ/ਦੋਹਤੀ ; ਚਾਚਾ/ਤਾਇਆ/ਫੁਫੜ/ਮਾਮਾ/ਮਾਸੜ ਜਾਂ ਚਾਚੀ/ਤਾਈ/ਭੂਆ/ਮਾਮੀ ਅਤੇ ਮਾਸੀ ਆਉਂਦੇ ਹਨ। ਇਹਨਾਂ ਰਿਸ਼ਤੇਦਾਰਾਂ ਨੂੰ ਇਧਰੋਂ ਭੇਜੀ ਜ਼ਿਮੇਂਵਾਰੀ/ਕਾਗਜ਼ ਦੇ ਵਧੋ ਵੱਧ ਪੰਦਰਾਂ ਨੰਬਰ ਮਿਲ ਸਕਦੇ

→

ਸੂਚਨਾ

ਮਲੂਕਾ ਰੀਲੀਜ਼ ਸਮਾਗਮ

ਵੈਨਕੂਵਰ ਸੱਥ ਵਲੋਂ

2 ਅਕਤੂਬਰ 1988 ਨੂੰ ਕੀਤਾ ਜਾ ਰਿਹਾ ਹੈ

ਥਾਂ : ਸੈਕਸਮਿਥ ਕਮਿਊਨਿਟੀ ਸਕੂਲ
7455 ਉਨਟੇਰੀਓ ਸਟਰੀਟ, ਵੈਨਕੂਵਰ।
ਸਮਾਂ : ਬਾਅਦ ਦੁਪਹਿਰ ਢਾਈ ਵਜੇ (2.30 p.m.)

ਪ੍ਰੋਗਰਾਮ :

ਜੀ ਆਇਆਂ ਨੂੰ : — ਵਲੋਂ ਵੈਨਕੂਵਰ ਸੱਥ
ਮੁੱਖ ਬੁਲਾਰੇ : — ਨਾਵਲ ਦੇ ਲੇਖਕ ਸਾਧੂ ਸਿੰਘ ਧਾਮੀ (ਜੋ ਸਵਿਟਜ਼ਰਲੈਂਡ ਤੋਂ ਖਾਸ ਤੌਰ ਤੇ ਸਵਿਟਜ਼ਰਲੈਂਡ ਤੋਂ ਇਸ ਸਮਾਗਮ ਵਿਚ ਸ਼ਾਮਲ ਹੋਣ ਲਈ ਪਹੁੰਚ ਰਹੇ ਹਨ)

ਕਿਤਾਬ ਭੇਂਟਾ

ਨਾਵਲ ਮਲੂਕਾ ਦੇ ਕੁਝ ਹਿੱਸਿਆਂ ਤੇ ਆਧਾਰਤ ਛੋਟਾ ਨਾਟਕ : ਵੈਨਕੂਵਰ ਸੱਥ
ਭੰਗੜਾ : — ਪੰਜਾਬੀ ਆਰਟਿਸਟ ਐਸੋਸੀਏਸ਼ਨ ਰਿਚਮੰਡ ਅਤੇ ਗੀਤ ਸੰਗੀਤ
ਹੋਰ ਜਾਣਕਾਰੀ ਲਈ ਫੋਨ ਕਰੋ :

437-9014 ਜਾਂ 581-3211

ਵਧੇਰੇ ਸੌਣਾ ਜ਼ਿੰਦਗੀ ਤੋਂ ਫਰਾਰੀ



ਅਮਰੀਕਾ ਦੇ ਮਨੋਂਵਗਿਆਨਕਾਂ ਨੇ ਡੂੰਘੇ ਅਧਿਐਨ ਅਤੇ ਖੋਜ ਤੋਂ ਬਾਅਦ ਇਹ ਖੋਜ ਕੀਤੀ ਹੈ ਕਿ ਜੋ ਵਿਅਕਤੀ ਸੱਤ ਘੰਟੇ ਤੋਂ ਘੱਟ ਸੌਂਦੇ ਹਨ, ਉਹ ਸ਼ਾਂਤ-ਪ੍ਰਸੰਨ ਅਤੇ ਸਰਗਰਮ ਰਹਿੰਦੇ ਹਨ। ਘੱਟ ਸੌਣ ਵਾਲੇ ਵਿਅਕਤੀ ਜ਼ਿਆਦਾ ਰੁਝੇ ਹੋਏ ਅਤੇ ਜ਼ਿਆਦਾ ਕੰਮ ਕਰਨ ਦੀ ਸਮਰਥਾ ਰਖਦੇ ਹਨ। ਇਸ ਦੇ ਉਲਟ ਜੋ ਲੋਕ ਵਧੇਰੇ ਸੌਂਦੇ ਹਨ, ਉਹ ਵਤੀਰੇ ਤੋਂ ਇਹ ਦਸਦੇ ਹਨ ਕਿ ਉਹ ਆਪਣੇ ਜੀਵਨ ਅਤੇ ਭਵਿਖ ਬਾਰੇ ਕੁਝ ਵੀ ਤੈਹ ਨਹੀਂ ਕਰ ਸਕਦੇ। ਅਠ ਤੋਂ ਦਸ ਘੰਟੇ ਸੌਣ ਦਾ ਅਸਰ ਮਨੁੱਖ ਦੀ ਸਖਸ਼ੀਅਤ ਤੇ ਵੀ ਪੈਂਦਾ ਹੈ। ਜ਼ਿਆਦਾ ਸੌਣ ਵਾਲੇ ਲੋਕ ਆਮ ਕਰਕੇ ਸੁਸਤ ਅਤੇ ਗੰਭੀਰ ਚਿੰਤਾਵਾਂ ਵਿਚ ਉਦਾਸ ਦੇਖੇ ਜਾਂਦੇ ਹਨ। ਘਰ ਅੰਦਰ ਬਿਸਤਰੇ ਤੇ ਸੁੱਤੇ ਹੋਏ ਘੰਟੇ ਬਿਤਾ ਦੇਣਾ ਇਸ ਗੱਲ ਦਾ ਸਕੇਤ ਹੈ ਕਿ ਅਜਿਹੇ ਮਨੁੱਖ ਜੀਣ ਦੀਆਂ ਅਸਲੀਅਤਾਂ ਦਾ ਸਾਹਮਣਾ ਕਰਨ ਤੋਂ ਡਰਦੇ ਹਨ ਅਤੇ ਨੀਂਦ ਵਿਚ ਛੁਪ ਕੇ ਬਚਣਾ ਚਾਹੁੰਦੇ ਹਨ।

ਪਰ ਉਹ ਲੋਕ ਜੋ ਛੇ ਸੱਤ ਘੰਟੇ ਸੌਂਦੇ ਹਨ। ਅੰਮ੍ਰਿਤ ਵੇਲੇ ਬਿਸਤਰਾ ਛੱਡਦੇ ਹਨ, ਹਰੇਕ ਦਿਨ ਦਾ ਵਿਸ਼ਵਾਸ਼ ਅਤੇ ਸਾਹਸ ਨਾਲ ਸਾਹਮਣਾ ਕਰਨ ਦੀ ਪ੍ਰਵਿਰਤੀ ਦਾ ਸਬੂਤ ਦਿੰਦੇ ਹਨ। ਅਜਿਹੇ ਲੋਕ ਸਮੇਂ ਦਾ ਮਹਤੱਵ ਸਮਝਦੇ ਹਨ ਅਤੇ ਸਮੇਂ ਨੂੰ ਸੁੱਤੇ ਰਹਿ ਕੇ ਵਿਅਰਥ ਗੁਆਉਣਾ ਪਸੰਦ ਨਹੀਂ ਕਰਦੇ।

ਆਪਣੇ ਦੇਸ਼ ਦੀ ਪ੍ਰੰਪਰਾ ਰਹੀ ਹੈ ਕਿ ਵਿਅਕਤੀ ਨੂੰ ਅੰਮ੍ਰਿਤ ਵੇਲੇ ਨਹੀਂ ਸੌਣਾ ਚਾਹੀਦਾ। ਸੂਰਜ ਉਗਣ ਤੋਂ ਪਹਿਲਾ ਹੀ ਸਵੇਰੇ ਦੇ ਕੰਮਾਂ ਤੋਂ ਨਿਵਰਤ ਹੋ ਜਾਣਾ ਸਿਹਤ ਲਈ ਲਾਭਕਾਰੀ ਮੰਨਿਆ ਗਿਆ ਹੈ। ਅੰਮ੍ਰਿਤ ਵੇਲੇ ਵਗਣ ਵਾਲੀ ਹਵਾ ਉਮਰ ਵਧਾਉਂਦੀ ਹੈ। ਇਸ ਨੂੰ ਗੁਰਬਾਣੀ ਅਤੇ ਸਾਸ਼ਤਰਾਂ ਨੇ ਵੀ ਸਵੀਕਾਰ ਕੀਤਾ ਹੈ। ਅਮਰੀਕੀ ਵਿਗਿਆਨਕਾਂ ਨੇ ਹੁਣ ਇਸ ਭਾਰਤੀ ਵਿਚਾਰ ਦੀ ਪੁਸ਼ਟੀ ਕਰਕੇ ਮਹੱਤਵ ਵਧਾ ਦਿੱਤਾ ਹੈ।

ਇਸੇ ਤਰਾਂ ਸਾਡੇ ਦੇਸ਼ ਵਿਚ ਇਕ ਕਹਾਵਤ ਹੈ ਕਿ ਉਤਰ ਜਾਂ ਦੱਖਣ ਵਲ ਸਿਰ ਕਰਕੇ ਨਹੀਂ ਸੌਣਾ ਚਾਹੀਦਾ। ਕੀ ਇਹ ਕਹਾਵਤ ਸਿਰਫ ਅੰਧ ਵਿਸ਼ਵਾਸ ਹੈ ਜਾਂ ਇਸ ਵਿਚ ਕੁਝ ਸਚਾਈ ਵੀ ਹੈ। ਦੋ ਪ੍ਰਸਿਧ ਡਾਕਟਰਾਂ ਨੇ ਇਸ ਨੂੰ ਪ੍ਰਮਾਣਿਕ ਤੌਰ ਤੇ ਸਹੀ ਦੱਸਿਆ ਹੈ. ਉਹਨਾਂ ਨੇ ਮਨੁੱਖ ਦੀ ਮਨ ਸਥਿਤੀ ਪੈਣ ਵਾਲੇ ਪ੍ਰਿਥਵੀ ਦੇ ਚੁੰਬਕੀ ਖੇਤਰ ਦੇ ਪ੍ਰਭਾਵ ਦਾ ਵਿਸ਼ਾਲ ਅਧਿਐਨ ਕਰਨ ਬਾਅਦ ਹੀ ਇਹ ਫੈਸਲਾ ਦਿੱਤਾ ਹੈ।

ਅਧਿਐਨ ਵਿਚ ਇਹਨਾਂ ਲੋਕਾਂ ਨੇ ਕਿਹਾ ਹੈ ਕਿ ਜੇ ਤੁਸੀਂ ਉਤਰ ਦਿਸ਼ਾ ਵਿਚ ਸਿਰ ਕਰਕੇ ਸੌਂਦੇ ਹੋ ਤਾਂ ਦਿਮਾਗ ਦੀਆਂ ਕੁਝ ਵਿਸ਼ੇਸ਼ ਧਾਰਾਵਾਂ ਬੁਰੀ ਤਰਾਂ ਦਬ ਜਾਂਦੀਆ ਹਨ। ਜਿਸ ਨਾਲ ਮਾਨਸਿਕ ਭਾਵਨਾਵਾਂ ਵਿਚ ਰੁਕਾਵਟ ਪੈਂਦੀ ਹੈ। ਥਕਾਵਟ ਤੇ ਉਦਾਸੀ ਛਾਣ ਲੱਗਦੀ ਹੈ। ਦਿਮਾਗ ਵਿਚ ਭਰਮ ਪੈਦਾ ਹੋਣ ਲੱਗਦਾ ਹੈ।

ਇਸ ਅੰਧ ਵਿਸ਼ਵਾਸ ਦੀ ਪੁਸ਼ਟੀ ਕਰਨ ਵਾਲੇ ਦੋ ਡਾਕਟਰ ਡਾ. ਸ਼ਾਰਦਾ ਸੁਭਾਗਮਣੀਅਮ ਜੋ ਮਦਰਾਸ ਵਿਚ ਰਚਨਾ ਸਰੀਰ ਵਿਗਿਆਨਕ ਹਨ ਅਤੇ ਨੈਸ਼ਨਲ ਇੰਸਟੀਚਿਊਟ ਹੈਦਰਾਬਾਦ ਦੇ ਸਾਬਕਾ ਨਿਰਦੇਸ਼ਕ ਡਾ. ਪੀ. ਵੀ. ਸ਼ੰਕਰ ਨਰਾਇਣ ਇਹਨਾਂ ਡਾਕਟਰਾਂ ਨੇ ਦਾਅਵਾ ਕੀਤਾ ਹੈ ਕਿ ਪੂਰਬ ਵਲ ਸਿਰ ਕਰਕੇ ਸੌਣ ਨਾਲ ਬੇਹੱਦ ਸ਼ਾਤੀ ਮਹਿਸੂਸ ਹੁੰਦੀ ਹੈ।

ਮਦਰਾਸ ਦੇ ਸਵੈ ਇਛਕ ਸਿਹਤ ਸੇਵਾ ਚਕਿਤਸਾ ਕੇਂਦਰ ਵਿਚ ਅਧਿਐਨ ਦੇ ਦੌਰਾਨ ਯੋਗ ਤੇ ਧਿਆਨ ਸਾਧਨਾ ਕਰਨ ਵਾਲੇ ਵਿਅਕਤੀਆਂ ਤੇ ਕੀਤੇ ਗਏ ਤਜਰਬਿਆਂ ਤੋਂ ਪਤਾ ਲੱਗਿਆ ਹੈ ਕਿ ਸਿਹਤ ਮੰਦ ਅਤੇ ਆਮ ਮਨੁੱਖ ਤੇ ਨਕਲੀ ਚੁੰਬਕੀ ਤਰੰਗਿਤ ਖੇਤਰਾਂ ਦਾ ਪ੍ਰਭਾਵ ਹੋਇਆ। ਹਰ ਦਿਸ਼ਾ ਵਲ ਸਿਰ ਰੱਖ ਕੇ ਤਜਰਬਾ ਕੀਤਾ ਗਿਆ। ਦੱਸਿਆ ਗਿਆ ਕਿ ਕੁਝ ਵਿਸ਼ੇਸ਼ ਦਿਸ਼ਾਵਾਂ ਅਤੇ ਕੋਣਾਂ ਵੱਲ ਬਿਜਲੀਆਂ ਤਰੰਗਾਂ ਦਾ ਪ੍ਰਭਾਵ ਜ਼ਿਆਦਾ ਹੁੰਦਾ ਹੈ। ਡਾਕਟਰਾਂ ਨੇ ਦੱਸਿਆ ਕਿ ਜੀਵ ਮੰਡਲ ਵਿਚ ਪ੍ਰਿਥਵੀ ਦਾ ਬਿਜਕਈ ਚੁੰਬਕੀ ਪਰਿਆਵਰਨ ਪ੍ਰਭਾਵ ਪਾਉਂਦਾ ਹੈ। ਮਨੁੱਖ ਦੀ ਜ਼ਿੰਦਗੀ ਤੇ ਇਸਦਾ ਪ੍ਰਭਾਵ ਕੁਝ ਵਧੇਰੇ ਪੈਂਦਾ ਹੈ।

ਖੋਜ ਤੋਂ ਸਾਬਤ ਹੋਇਆ ਹੈ ਕਿ ਜਦੋਂ ਵਿਅਕਤੀ ਨਿਸ਼ਚਿਤ ਦਿਸ਼ਾ ਵੱਲ ਸਿਰ ਰੱਖ ਕੇ ਸੌਂਦਾ ਹੈ ਤਾਂ ਉਸਦੇ ਸਰੀਰ ਤੇ ਤਰੰਗਿਤ ਚੁੰਬਕੀ ਖੇਤਰਾਂ ਦਾ ਸੰਪੂਰਨ ਕੰਟਰੋਲ ਹੁੰਦਾ ਹੈ।

ਹਨ। ਪਰ ਬਾਕੀ ਦੇ ਪਚਵੰਜਾ ਜਾਂ ਕੁਝ ਵੱਧ ਨੰਬਰ ਉਹਨਾਂ ਰਿਸ਼ਤੇਦਾਰਾਂ ਨੂੰ ਆਪ ਲੈਣੇ ਪੈਣਗੇ। ਇਹਨਾਂ ਨੰਬਰਾਂ ਲਈ ਦਸ ਕਿਸਮਾਂ ਹਨ। ਵਿਦਿਆ ਦੇ ਵੱਧੋ ਵੱਧ 12; ਖਾਸ ਕਿੱਤੇ ਦੀ ਤਿਆਰੀ ਦੇ 15; ਤਜਰਬਾ ਦੇ 8; ਕਿੱਤਾ/ਪੇਸ਼ਾ ਦੇ 10; ਨੌਕਰੀ ਦਾ ਪਹਿਲਾਂ ਕੀਤਾ ਪ੍ਰਬੰਧ ਦੇ 10; ਉਮਰ ਦੇ ਵੱਧੋ ਵੱਧ 10 (21 ਸਾਲ ਤੋਂ 44 ਸਾਲ ਦੀ ਉਮਰ ਤਕ ਪਰ ਜੇ 21 ਸਾਲ ਤੋਂ ਘੱਟ ਹੈ ਜਾਂ 44 ਸਾਲ ਤੋਂ ਉਪਰ ਹੈ ਤਾਂ ਹਰ ਵੱਧ/ਘੱਟ ਸਾਲ ਦੇ ਹਰ ਸਾਲ ਪਿਛੇ ਦੋ ਦੋ ਨੰਬਰ ਕੱਟੇ ਜਾਣਗੇ); ਅੰਗਰੇਜ਼ੀ ਤੇ ਫਰਾਂਸੀਸੀ ਜ਼ਬਾਨ ਦੇ ਵੱਧੋ ਵੱਧ 15; ਸ਼ਖਸ਼ੀਆਂ ਦੇ 10; ਕੰਟਰੋਲ ਲੈਵਲ 10 ਅਤੇ ਰਿਸ਼ਤੇਦਾਰ ਦੇ 15। ਇਹਨਾਂ ਰਿਸ਼ਤੇਦਾਰਾਂ ਨੇ ਆਪਣੇ ਆਪ ਆਪਣੇ ਦੇਸ਼ ਵਿਚ ਕੈਨੇਡੀਅਨ ਇਮੀਗਰੇਸ਼ਨ ਦਫਤਰ ਵਿਚ ਅਰਜ਼ੀ ਦੇਣੀ ਹੋਵੇਗੀ ਜਿਸ ਨਾਲ ਕੈਨੇਡਾ ਵਿਚ ਰਹਿੰਦੇ ਰਿਸ਼ਤੇਦਾਰੀ ਵਲੋਂ ਪੰਜ ਸਾਲਾਂ ਲਈ ਜ਼ਿੰਮੇਂਵਾਰੀ ਤੇ ਰਿਸ਼ਤੇਦਾਰੀ ਵਾਲਾ ਪੱਤਰ।

ਅਸਿਸਟਿਡ ਰਿਸ਼ਤੇਦਾਰ ਅਤੇ ਨੰਬਰਾਂ ਦੇ ਸੰਬੰਧ ਵਿਚ ਕੈਨੇਡੀਅਨ ਇਮੀਗਰੇਸ਼ਨ ਵਾਲੇ ਅਰਜ਼ੀ ਹੀ ਨਹੀਂ ਲੈਣਗੇ (ਜਾਂ ਆਖੋ ਅਰਜ਼ੀ ਰੱਦ ਹੋ ਜਾਵੇਗੀ) ਜੇਕਰ ਇਮੀਗਰੇਸ਼ਨ ਲਈ ਅਰਜ਼ੀ ਦੇਣ ਵਾਲੇ ਦਾ ਕਿੱਤਾ/ਪੇਸ਼ਾ ਉਹ ਹੈ ਜਿਸ ਦੀ ਕੈਨੇਡਾ ਵਿਚ ਲੋੜ ਨਹੀਂ ਜਾਂ ਬਹੁਤ ਘੱਟ ਲੋੜ ਹੈ। ਇਹ ਕੇਂਦਰੀ ਤੇ ਬੁਨਿਆਦੀ ਨੁਕਤਾ ਹੈ। ਕਿੱਤਾ/ਪੇਸ਼ਾ ਦੇ ਸਿਫਰ ਤੋਂ ਦਸ ਨੰਬਰਾਂ ਤੱਕ ਹਨ। ਸੋ ਜੇ ਆਉਂਦਾ ਜਾਂ ਕਰਦੇ ਕਿੱਤੇ/ਕੰਮ ਕਾਰ ਦੀ ਲੋੜ ਨਹੀਂ ਤਾਂ ਸਿਫਰ ਨੰਬਰ ਮਿਲੇਗਾ। ਸੋ ਜੇਕਰ ਸਿਫਰ ਨੰਬਰ ਮਿਲਦਾ ਹੈ ਤਾਂ ਆਪਣੇ ਆਪ ਅਰਜ਼ੀ ਰੱਦ ਹੋ ਜਾਏ (ਜਾਂ ਕੀਤੀ ਜਾਏਗੀ)। ਬਾਕੀਆਂ ਵਿਚੋਂ ਭਾਵੇਂ ਸੱਤਰ ਤੋਂ ਉਪਰ ਭੀ ਨੰਬਰ ਬਣਦੇ ਹੋਣ ਪਰ ਜੇ ਇਸ ਵਿਚੋਂ ਸਿਫਰ ਹੈ ਅਰਜ਼ੀ ਰੱਦ ਹੋ ਜਾਏਗੀ। ਇਸ ਮਸਲੇ ਤੇ ਕੋਈ ਏਜੰਟ ਜਾਂ ਵਕੀਲ ਆਦਿ ਕੁਝ ਨਹੀਂ ਕਰ ਸਕਦੇ। ਇਸ ਹੀ ਕਰਕੇ ਮੈਂ ਆਰੰਭ ਵਿਚ ਹੀ ਆਖਿਆ ਸੀ ਕਿ ਏਜੰਟਾਂ ਆਦਿ ਤੋਂ ਬਚੋ। ਫਜ਼ੂਲ ਪੈਸੇ ਨਾ ਦਿਉ। ਏਜੰਟ ਆਦਿ ਆਖ ਸਕਦੇ ਹਨ ਕਿ ਉਹਨਾਂ ਨੂੰ ਪਤਾ ਹੈ ਕਿ ਕਿਹੜੇ ਕਿੱਤੇ ਦੀ ਕੈਨੇਡਾ ਵਿਚ ਲੋੜ ਹੈ ਅਤੇ ਕਿਹੜਾ ਭਰਨਾ ਹੈ ਤਾਂਕਿ ਅਰਜ਼ੀ ਰੱਦ ਨਾ ਹੋਵੇ। ਪਹਿਲੀ ਗੱਲ ਇਹ ਕਿ ਕੈਨੇਡੀਅਨ ਅਮਬੈਂਸੀ ਦੇ ਇਮੀਗਰੇਸ਼ਨ ਵਾਲੇ ਉਸ ਭਰੇ ਕਿੱਤੇ ਬਾਰੇ ਵਿਸਥਾਰ ਨਾਲ ਪੁਛਣਗੇ ਜਿਸ ਤੋਂ ਪਤਾ ਲਗ ਜਾਏਗਾ ਕਿ ਇਹ ਸੱਚ ਹੈ ਕਿ ਨਹੀਂ। ਦੂਜੇ ਕਿ ਕਿਹੜੇ ਕਿੱਤੇ/ਕੰਮ ਦੀ ਕੈਨੇਡਾ ਵਿਚ ਲੋੜ ਹੈ, ਉਸ ਬਾਰੇ ਹਰ ਤਿੰਨ ਮਹੀਨੇ ਪਿਛੋਂ ਲਿਸਟਾਂ ਛਪਦੀਆਂ ਹਨ। ਇਹਨਾਂ ਵਿਚ ਬਦਲੀ ਹੁੰਦੀ ਰਹਿੰਦੀ ਹੈ। ਇਹ ਲਿਸਟਾਂ ਕੈਨੇਡਾ ਦੇ ਰੀਜਨਲ ਇਮੀਗਰੇਸ਼ਨ ਦਫਤਰ ਤੋਂ ਮਿਲ ਸਕਦੀ ਹੈ। ਸੋ ਤੁਹਾਨੂੰ ਕਿਸੇ ਏਜੰਟ ਰਾਹੀਂ ਪਤਾ ਲਾਉਣ ਦੀ ਲੋੜ ਨਹੀਂ। ਇਮੀਗਰੇਸ਼ਨ ਵਾਲੇ ਤਾਂ ਕਈ ਵਾਰੀ ਮੁਫਤ ਹੀ ਭੇਜ ਦਿੰਦੇ ਹਨ ਜਾਂ ਤੁਸੀਂ ਉਹਨਾਂ ਤੋਂ ਵੇਖ ਸਕਦੇ ਹੋ।

ਕਿੱਤਿਆਂ ਦੀ ਸ਼ਨਾਖਤ ਜਾਂ ਨਾਮ (ਕੋਡ) ਕੈਨੇਡੀਅਨ ਕਲਾਸੀਫੀਕੇਸ਼ਨ ਐਂਡ ਡਿਕਸ਼ਨਰੀ ਔਫ ਔਕੀਊਪੇਸ਼ਨਜ਼ (ਕੈਨੇਡਾ ਦੀ ਕਿਤਿਆਂ ਬਾਰੇ ਡਿਕਸ਼ਨਰੀ ਅਤੇ ਵਰਗੀਕਰਣ) ਦੇ ਆਧਾਰ ਤੇ ਹੈ ਅਤੇ ਇਹਨਾਂ ਕਿੱਤਿਆਂ ਦੇ ਅਗੇ ਚਾਰ ਹਿੰਦਸੇ ਹੁੰਦੇ ਹਨ। ਇਹ ਕਾਫੀ ਵੱਡੀ ਕਿਤਾਬ ਹੈ। ਕੈਨੇਡੀਅਨ ਇਮੀਗਰੇਸ਼ਨ ਵਾਲੇ ਆਪਣੇ ਮੈਨੂਅਲ ਵਿਚ ਕਿੱਤਿਆਂ ਬਾਰੇ ਚਾਰ ਹਿੰਦਸਿਆਂ ਦਾ ਕੋਡ, ਉਸ ਦੇ ਅਗੇ ਕਿੱਤਿਆਂ ਦੇ ਨਾਮ ਅਤੇ ਉਸ ਅੱਗੇ ਉਸ ਕਿੱਤੇ ਨੂੰ ਦਿੱਤੇ ਹੋਏ (ਇਮੀਗਰੇਸ਼ਨ ਲਈ) ਨੰਬਰ ਹੁੰਦੇ ਹਨ। ਇਮੀਗਰੇਸ਼ਨ ਲਈ ਦਿਤੇ ਨੰਬਰਾਂ ਤੋਂ ਪਤਾ ਲੱਗ ਜਾਂਦਾ ਹੈ ਕਿਸ ਕਿੱਤੇ/ਕੰਮ ਦੀ ਕੈਨੇਡਾ ਵਿਚ ਹੁਣ ਲੋੜ ਹੈ ਜਾਂ ਨਹੀਂ। ਜਿਵੇਂ ਹਾਲ ਦੀ ਘੜੀ —

2141 - ਆਰਕੀਟੈਕਟ - ਇਮੀਗਰੇਸ਼ਨ ਲਈ ਨੰਬਰ—0 (ਭਾਵ ਲੋੜ ਨਹੀਂ - ਅਰਜ਼ੀ ਰੱਦ)

2142 - ਕੈਮੀਕਲ ਇੰਜਨੀਅਰ - ਇਮੀਗਰੇਸ਼ਨ ਲਈ ਨੰਬਰ - 0 (ਭਾਵ ਲੋੜ ਨਹੀਂ - ਅਰਜ਼ੀ ਰੱਦ)

2143 - ਸਿਵਲ ਇੰਜਨੀਅਰ - ਇਮੀਗਰੇਸ਼ਨ ਲਈ ਨੰਬਰ - 1 (ਭਾਵ ਲੋੜ ਘੱਟ/ਬਹੁਤ ਘੱਟ ਚਾਨਸ)

2147 - ਮਕੈਨੀਕਲ ਇੰਜਨੀਅਰ - ਇਮੀਗਰੇਸ਼ਨ ਲਈ ਨੰਬਰ - 0 (ਭਾਵ ਲੋੜ ਨਹੀਂ ਅਰਜ਼ੀ ਰੱਦ)

2315 - ਸਾਈਕੋਲੋਜਿਸਟ - ਇਮੀਗਰੇਸ਼ਨ ਲਈ ਨੰਬਰ - 8 (ਭਾਵ ਚਾਨਸ ਹੈ ਜੇ ਬਾਕੀ ਸਭ ਠੀਕ ਹੈ)।

ਅੱਜ ਕੱਲ੍ਹ ਅੱਗ ਬੁਝਾਉਣ ਦੇ ਕਿੱਤੇ, ਪ੍ਰਿੰਟਿੰਗ ਪ੍ਰੈਸ ਦੇ ਕੰਮ, ਬਰੌਡਕਾਸਟਿੰਗ ਅਤੇ ਨੁਕਲੀਅਰ ਇੰਜਨੀਅਰ ਆਦਿ ਦੇ ਦਸ ਨੰਬਰ ਹਨ। ਦਰਜੀ ਅਤੇ ਹਵਾਈ ਪਾਈਲਟ ਦੇ ਪੰਜ ਪੰਜ ਨੰਬਰ ਹਨ। ਸੋ ਕਿੱਤਿਆਂ ਨੂੰ ਹਿੱਸਿਆਂ ਵਿਚ ਵੰਡਿਆ ਹੋਇਆ ਹੈ ਅਤੇ ਫਿਰ ਨੰਬਰ ਦਿੱਤੇ ਹੋਏ ਹਨ। ਉਹ ਲਿਸਟਾਂ ਕੈਨੇਡੀਅਨ ਇਮੀਗਰੇਸ਼ਨ ਦਫਤਰਾਂ ਜਿਵੇਂ ਦਿੱਲੀ ਵਿਚ/ਜਦੋਂ ਸਮੇਂ ਸਮੇਂ ਜਾਂ ਹਰ ਤਿੰਨ ਚਾਰ ਮਹੀਨੇ ਪਿਛੋਂ ਜੇ ਕੋਈ ਬਦਲੀ ਹੈ ਜਾਂ ਲੋੜ ਵਧੀ ਘਟੀ ਤੇ ਨੰਬਰ ਬਦਲੇ ਹਨ ਤਾਂ ਉਹ ਲਿਸਟਾਂ ਇਕ ਦਮ ਬਦੇਸ਼ੀ ਦੂਤਖਾਨਿਆਂ ਤੇ ਇਮੀਗਰੇਸ਼ਨ ਦਫਤਰਾਂ ਵਿਚ ਪੁੱਜ ਜਾਂਦੀਆਂ ਹਨ। ਕੈਨੇਡਾ ਵਿਚ ਕਿੱਤਿਆਂ ਦੀ ਲੋੜ ਅਤੇ ਦਿੱਤੇ ਨੰਬਰਾਂ ਦਾ ਉਹਨਾਂ ਕਿੱਤਿਆਂ ਵਿਚ ਬੇ ਰੁਜ਼ਗਾਰੀ ਗਿਣਤੀ (ਫੀਸਦੀ) ਦਾ ਸੰਬੰਧ ਹੈ। ਜੇ ਕਰ ਕਿਸੇ ਕਿੱਤੇ ਵਿਚ ਲੋਕਾਂ ਦੀ ਬਹੁਤਾਤ ਹੈ ਤਾਂ ਉਸ ਨੂੰ "ਚਾਹੀਦੇ ਕਿੱਤੇ ਤੇ ਨੰਬਰ" ਦੀ ਲਿਸਟ ਵਿਚੋਂ ਹੀ ਕੱਢ ਦਿੱਤਾ ਜਾਂਦਾ ਹੈ। ਭਾਵ ਲੋੜ ਹੀ ਨਹੀਂ। ਕਿੱਤਿਆਂ ਤੇ ਉਹਨਾਂ ਨੂੰ ਦਿੱਤੇ ਨੰਬਰਾਂ ਨੂੰ ਹਰ ਤਿੰਨ ਮਹੀਨੇ ਪਿਛੋਂ ਰੀਵੀਊ ਕੀਤਾ ਜਾਂਦਾ ਹੈ ਅਤੇ ਲੋੜ ਅਨੁਸਾਰ ਸੋਧਿਆ ਜਾਂਦਾ ਹੈ।

ਸੋ ਮੋਟੇ ਤੌਰ ਤੇ ਇਹ ਆਖਿਆ ਜਾ ਸਕਦਾ ਹੈ ਕਿ ਕਦੇ ਭੀ ਨਾ ਵਿਆਹੇ ਪੁੱਤਰ/ਧੀ ਦੀ ਇੱਕੀ ਸਾਲ ਦੀ ਉਮਰ ਦੀ ਹੱਦ ਖਤਮ ਕਰ ਦਿੱਤੀ ਹੈ ਅਤੇ ਦੂਜੇ ਅਸਿਸਟਿਡ ਰਿਸ਼ਤੇਦਾਰ ਲਈ ਦਸ ਨੰਬਰਾਂ ਤੋਂ ਵਧਾ ਕੇ ਪੰਦਰਾਂ ਕੀਤੇ ਹਨ। ਇਸ ਕੈਟੇਗਰੀ ਦਾ ਅਸਲੀ ਧੁਰਾ ਤਾਂ ਲੋੜੀਂਦੇ ਕਿੱਤੇ ਦੀ ਹੈ। ਇਸ ਵਿਚ ਸਾਡੇ ਲੋਕਾਂ ਦਾ ਬਹੁਤ ਘੱਟ ਚਾਨਸ ਹੈ। ਪਰ ਜੇ ਕਿਸੇ ਨੂੰ ਲਾਭ ਹੁੰਦਾ ਹੈ ਤਾਂ ਵਧੀਆ ਗੱਲ ਹੈ। ਇਸ ਹੀ ਕਰਕੇ ਮੈਂ ਵਿਸਥਾਰ ਨਾਲ ਲਿਖਿਆ ਹੈ। ਇਹ ਸਾਰੀ ਵਿਧੀ ਬਹੁਤ ਸਰਲ ਅਤੇ ਸਿੱਧੀ ਹੈ। ਐਵੇਂ ਹੋਰ ਥਾਵੀਂ ਫਜ਼ੂਲ ਪੈਸੇ ਖਰਚਣ ਦੀ ਲੋੜ ਨਹੀਂ। ਜਿਵੇਂ ਮੈਂ ਵਿਧੀ ਦੱਸੀ ਹੈ ਉਵੇਂ ਹੀ ਕਰਨ ਦੀ ਲੋੜ ਹੈ। ਜੇ ਲੋੜ ਹੋਵੇ ਤਾਂ ਇਸ ਕੁਆਰਟਰ ਲਈ ਲੋੜੀਂਦੇ ਕਿੱਤਿਆਂ ਤੇ ਉਹਨਾਂ ਦੇ ਨੰਬਰਾਂ ਦੀ ਲਿਸਟ ਸਾਡੇ ਪਾਸ ਹੈ। ਤੁਸੀਂ ਵੇਖ ਸਕਦੇ ਹੋ।

ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ

ਮੇਹਰ ਸਿੰਘ ਸੰਧੂ, ਵੈਨਕੂਵਰ

ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਿਰ ਢਕ ਕੇ ਜਾਣ ਨਾਲ ਹੀ ਗੁਰੂ ਦਾ ਸਤਿਕਾਰ ਹੈ ?

ਸਿੱਖ ਦਾ ਧਰਮ ਨਿਰੋਲ ਨਾਮ ਦੀ ਕਮਾਈ ਹੈ। ਇਹ ਕਮਾਈ ਹਰ ਇਕ ਮਨੁੱਖਾ ਜਾਤੀ ਦਾ ਅਧਿਕਾਰ ਹੈ। ਜਾਤ, ਮਜ਼ਹਬ, ਮਤ, ਦੇਸ਼, ਰੰਗ, ਢੰਗ, ਵਜ੍ਹਾ-ਕਤਾ, ਨਸਲ, ਅਮੀਰ ਗਰੀਬ, ਛੋਟੇ-ਵੱਡੇ ਨਾਲ ਕੋਈ ਫਰਕ ਨਹੀਂ ਪੈਂਦਾ।

ਗੁਰਬਾਣੀ ਦਾ ਸਤਿਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣ, ਨੀਵੇਂ ਬੈਠਣ, ਚੌਰ ਕਰਨ, ਪ੍ਰਸ਼ਾਦ ਕਰਵਾਣ ਆਦਿ ਨਾਲ ਖਤਮ ਨਹੀਂ ਹੋ ਜਾਂਦਾ। ਇਹ ਬਾਹਰਲੇ ਕਰਮ ਹਨ। ਅਸਲ ਸਤਿਕਾਰ, ਇਕ ਚਿਤ ਪੜ੍ਹਨ ਸੁਣਨ, ਵਿਚਾਰ ਕਰਨ, ਅੰਦਰ ਧਾਰਨ ਤੇ ਕਮਾਈ ਵਿਚ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸਾਂ ਪਾਤਸ਼ਾਹੀਆਂ ਦਾ ਸਰੂਪ ਹਾਜਰਾ ਹਜ਼ੂਰ ਗੁਰੂ ਕਹਿ ਕੇ ਬਾਣੀ ਵਿਚ ਦੱਸੀ ਸਿਖਿਆ ਦਾ ਪਾਲਣ ਨਾ ਕਰਨਾ, ਗੁਸਤਾਖੀ ਹੈ, ਗੁਰੂ ਦੀ ਨਿਰਾਦਰੀ ਹੈ, ਪਾਖੰਡ ਹੈ।

ਬਾਣੀ ਜਿਸ ਭਾਵ ਨਾਲ ਲਿਖੀ ਗਈ ਸੀ ਤੇ ਜਿਸ ਮਤਲਬ ਲਈ ਲਿਖੀ ਗਈ ਸੀ, ਉਸੇ ਹੀ ਭਾਵ ਨਾਲ ਤੇ ਉਸੇ ਹੀ ਮਤਲਬ ਲਈ ਹੀ ਪੜ੍ਹਨੀ ਸੁਣਨੀ ਚਾਹੀਦੀ ਹੈ। ਇਸ ਦਾ ਦੁਨਿਆਵੀ ਖਾਹਸ਼ਾਂ ਦੇ ਪੂਰੇ ਕਰਨ ਆਦਿ ਲਈ ਵਰਤਣਾ ਯੋਗ ਨਹੀਂ।

ਗੁਰਬਾਣੀ ਵਿਚ ਨੀਯਤ ਕੀਤੇ ਉਚ ਕੋਟੀ ਦੇ ਸ਼ਬਦਾਂ ਦੀ ਰੀਤ ਜਾਂ ਮਰਿਯਾਦਾ ਵਜੋਂ ਦੁਨਿਆਵੀ ਸੰਸਕਾਰ ਆਦਿ ਲਈ ਪੜ੍ਹਨਾ, ਗੁਰਬਾਣੀ ਦਾ ਭਾਵ ਬਦਲਣਾ ਹੈ। ਗੁਰਬਾਣੀ ਇਸ ਮਤਲਬ ਲਈ ਨਹੀਂ ਉਚਾਰੀ ਗਈ ਸੀ। ਜਿਸ ਮਹੌਲ ਵਿਚ ਗੁਰਬਾਣੀ ਦਾ ਪੂਰਾ ਸਤਿਕਾਰ ਨਾ ਹੋ ਸਕਦਾ ਹੋਵੇ, ਉਸ ਵਿਚ ਉਸ ਦਾ ਪੜ੍ਹਨਾ, ਗਾਇਨ ਕਰਨਾ ਯੋਗ ਨਹੀਂ।

ਸਤਿਕਾਰ ਮਨ ਕਰਕੇ ਵੀ ਹੋ ਸਕਦਾ ਹੈ, ਸਰੀਰ ਕਰਕੇ ਵੀ ਅਤੇ ਦੋਹਾਂ ਦਾ ਰਲ ਕੇ ਵੀ। ਪਰ ਅਸਲ ਤੇ ਗੁਣਕਾਰੀ ਉਹ ਸਤਿਕਾਰ ਹੈ, ਜੋ ਮਨ ਕਰਕੇ ਕੀਤਾ ਜਾਵੇ ਅਤੇ ਸਰੀਰ ਕਰਕੇ ਪ੍ਰਗਟ ਹੋ ਸਕੇ। ਜੇ ਮਨ ਆਪਣੇ ਝੂਲੇ ਲੁਟਦਾ ਰਹੇ ਤਾਂ ਖਾਲੀ ਸਰੀਰਕ ਸਤਿਕਾਰ ਕਿਸ ਅਰਥ ? ਮਨ ਦੀ ਗੈਰ ਹਾਜ਼ਰੀ ਵਿਚ ਕੀਤੇ ਕਰਮਾਂ ਧਰਮਾਂ ਨੂੰ ਗੁਰੂ ਘਰ ਵਿਚ ਪ੍ਰਵਾਨਗੀ ਨਾਂਹੀਂ। ਸਗੋਂ ਕਰਮ ਕਾਂਡ ਹਉਂ ਦਾ ਕਾਰਨ ਹੁੰਦੇ ਦਸੇ ਹਨ।

ਜੇ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਿਆ ਹੈ ਤਾਂ ਗੁਰਬਾਣੀ ਦਾ ਸਤਿਕਾਰ ਸਾਡਾ ਪਰਮ ਧਰਮ ਹੈ।

ਸਤਿਕਾਰ ਸਿਰਫ ਜੋੜੇ ਉਤਾਰ ਕੇ ਚਰਨ ਧੋ ਕੇ ਸਿਰ ਢੱਕ ਕੇ ਹਜ਼ੂਰੀ ਵਿਚ ਆਉਣ, ਨੀਵੇਂ ਬੈਠਣ, ਧੂਪ ਧੁਖਾਉਣ, ਚੌਰ ਕਰਨ ਤੇ ਪ੍ਰਸ਼ਾਦਿ ਕਰਵਾਉਣ ਆਦਿ ਨਾਲ ਖਤਮ ਨਹੀਂ ਹੋ ਜਾਂਦਾ, ਇਹ ਤਾਂ ਬਾਹਰਮੁਖੀ ਕਰਮ ਤੇ ਪੂਜਾ ਹੈ। ਅਸਲੀ ਸਤਿਕਾਰ ਗੁਰੂ ਦੀ ਸਿਖਿਆ ਨੂੰ ਮੰਨਣ ਤੇ ਉਸ ਅਨੁਸਾਰ ਜੀਵਨ ਬਤੀਤ ਕਰਨ ਵਿਚ ਹੈ।

ਮੰਨਣ ਤੇ ਪੂਜਣ ਵਿਚ ਫਰਕ ਹੈ। ਜੇ ਗੁਰ ਆਖ ਕੇ ਗੁਰਬਾਣੀ ਦਾ ਪਾਲਣ ਨਹੀਂ ਤਾਂ ਬਾਹਰਲੇ ਕਰਮ ਤੇ ਪੂਜਾ ਬੁਤ ਪ੍ਰਸਤੀ ਵਾਂਗ ਹਨ ....

ਸੀਸ ਨਿਵਾਇਐ ਕਿਆ ਥੀਐ
ਜਾ ਰਿਦੈ ਕੁਸੁਧੇ ਜਾਹਿ (ਗੁਰੂ ਗ੍ਰੰਥ ਪੰਨਾ 470)

ਪਾਖਨ ਗਢਿ ਕੈ ਮੂਰਤਿ ਕੀਨੀ,
ਦੇ ਕੇ ਛਾਤੀ ਪਾਉ।
ਜੇ ਇਹ ਮੂਰਤਿ ਸਾਚੀ ਹੈ,
ਤਉ ਗੜ੍ਹਣ ਹਾਰੇ ਖਾਉ।
ਭਾਤੁ ਪਹਿਤਿ ਅਰੁ ਲਾਪਸੀ,
ਕਰਕਰਾ ਕਾਸਾਰ।
ਭੋਗਨ ਹਾਰੇ ਭੋਗਿਆ,
ਇਸ ਮੂਰਤਿ ਕੇ ਮੁਖਿ ਛਾਰੁ।
(ਗੁਰੂ ਗ੍ਰੰਥ ਪੰਨਾ 479)

ਭਾਈ ਵੀਰ ਸਿੰਘ ਜੀ ਨੇ ਇਸ ਦਾ ਅਰਥ ਇਉਂ ਕੀਤਾ ਹੈ ....

ਪੁਜਾਰੀ ਲੋਕ ਜੋ ਮੂਰਤੀਆਂ ਨੂੰ ਰਿੱਧੇ ਚਾਵਲ, ਦਾਲ ਤੇ ਲਾਪਸੀ ਤੇ ਭੁਰਭੁਰਾ, ਚੂਰਮਾ ਜਾਂ ਪੰਜੀਰੀ ਆਦਿ ਦਾ ਭੋਗ ਲਾਆਉਂਦੇ ਹਨ, ਉਹ ਮੂਰਤੀ ਤਾਂ ਨਹੀਂ ਖਾਂਦੀ, ਉਹ ਤਾਂ ਖਾ ਸਕਣ ਵਾਲੇ (ਪੁਜਾਰੀ) ਨੇ ਖਾਧਾ, ਇਸ ਮੂਰਤੀ ਦੇ ਮੂੰਹ ਵਿਚ ਕੀ ਪਿਆ ? ਸੁਆਹ ! ਭਾਵ ਕੁਛ ਨਾ ਪਿਆ।

ਹੁਣ ਭੋਗ ਲੁਆਉਣ ਦੀ ਅਸਫਲਤਾ ਦਸਦੇ ਹਨ ਕਿ ਜੋ ਭੋਗ ਲੁਆਏ ਜਾਂਦੇ ਹਨ ਉਹ ਤਾਂ ਪੁਜਾਰੀ ਤੇ ਜਿਨ੍ਹਾਂ ਨੂੰ ਪੁਜਾਰੀ ਦੇਣ, ਉਹ ਜੀਵ, ਜੋ ਖਾ ਸਕਦੇ ਹਨ, ਖਾ ਜਾਂਦੇ ਹਨ। ਮੂਰਤੀ ਖਾਣ ਦੀ ਸਤਯਾ ਨਹੀਂ ਰੱਖਦੀ, ਉਸ ਦੇ ਮੂੰਹ ਵਿਚ ਤਾਂ ਸੁਆਹ ਪੈਂਦੀ ਹੈ। ਕੁਝ ਨਾ ਪ੍ਰਾਪਤ ਹੋਣ ਨੂੰ ਸੁਆਹ ਕਹਿਣਾ ਪੰਜਾਬ ਤੇ ਪੂਰਬ ਦਾ ਮੁਹਾਵਰਾ ਹੈ।

ਪ੍ਰੋ: ਸਾਹਿਬ ਸਿੰਘ ਜੀ ਨੇ ਵੀ ਇਸ ਦਾ ਅਰਥ ਭਾਈ ਵੀਰ ਸਿੰਘ ਜੀ ਨਾਲ ਰਲਦਾ ਮਿਲਦਾ ਹੀ ਕੀਤਾ ਹੈ, ਪਰ ਨਾਲ ਇਕ ਨੋਟ ਇਉਂ ਦਿੱਤਾ ਹੈ ...

ਕੁਝ ਸਜਨ ਅੱਜ ਕੱਲ੍ਹ ਇਹ ਨਵੀਂ ਰੀਤ ਚਲਾ ਰਹੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਰੋਟੀ ਦਾ ਥਾਲ ਲਿਆਆ ਕੇ ਰਖਦੇ ਹਨ, ਤੇ ਭੋਗ ਲਵਾਉਂਦੇ ਹਨ। ਕੀ ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੂਰਤੀ ਦਾ ਦਰਜਾ ਦੇ ਕੇ ਨਿਰਾਦਰੀ ਨਹੀਂ ਕੀਤੀ ਜਾ ਰਹੀ ?

ਜਾਂ ਕੀ ਤੁਸਾਂ ਇਸ ਨੂੰ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਰਨਾ ਕਹੋਗੇ ? ਗੁਰਸਿੱਖ ਜਿਵੇਂ ਗੁਰੂ ਕਹਿੰਦਾ ਹੈ, ਤਿਵੇਂ ਚਲਦਾ ਹੈ। ਦਿਲੋਂ ਮੰਨਣ ਵਾਲੇ ਲਈ ਪੂਜਾ ਵਿਚੇ ਹੀ ਆ ਜਾਂਦੀ ਹੈ। ਗੁਰੂ ਮੰਨ ਕੇ ਗੁਰੂ ਦੀ ਸਿਖਿਆ ਦਾ ਪਾਲਣ ਕਰਨ ਦਾ ਯਤਨ ਨਾ ਕਰਨਾ ਗੁਸਤਾਖੀ ਨਹੀਂ ?

ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਜਾਂ ਬਾਣੀ ਨੂੰ ਗੁਰੂ ਕਹਿਣ ਵਾਲੇ, ਦਰਅਸਲ ਗੁਰੂ ਨੂੰ ਮੰਨਦੇ ਨਹੀਂ। ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇ ਪੂਜਕ ਬਣੇ ਹੋਏ ਹਾਂ। ਬੀੜ ਉਤੇ ਸੋਹਣੇ ਸੁੰਦਰ ਰੁਮਾਲੇ, ਮਖਮਲੀ ਚੰਦੋਏ, ਫੁਲਾਂ ਦੇ ਹਾਰ ਜਾਂ ਗੁਲਦਸਤੇ, ਧੂਪ, ਦੀਵਾ ਬੱਤੀ ਸਾਹਮਣੇ ਮੱਥਾ ਟੇਕਣਾ, ਨੀਵੇਂ ਸਿਰ ਢਕ ਕੇ ਬੈਠਣਾ, ਜੁੱਤੀ ਬੂਟ ਉਤਾਰ ਕੇ ਹਜ਼ੂਰੀ ਵਿਚ ਆਉਣਾ ਇਤਿਆਦਿ ਗੁਰੂ ਨੂੰ ਮੰਨਣਾ ਨਹੀਂ, ਬੀੜ ਨੂੰ ਪੂਜਣਾ ਹੈ।

ਇਕ ਵਿਦਵਾਨ ਕਰਨਲ ਸਾਹਿਬ ਆਪਣੇ ਲੇਖ ਵਿਚ ਆਖਦੇ ਹਨ ਕਿ ਕੀ ਲਾਭ ਹੈ ਜੇ ਕੋਈ ਆਖੇ ਮੈਂ ਦੋ ਦਿਨ ਵਿਚ ਗੁਰੂ ਗ੍ਰੰਥ ਸਾਹਿਬ ਦਾ ਆਖੰਡ ਪਾਠ ਕਰ "ਛੱਡਿਆ" ਜਾਂ ਸੁਖਮਨੀ ਦਾ ਪਾਠ ਅੱਧੇ ਘੰਟੇ ਵਿਚ ਕਾਰ "ਛੱਡਿਆ"। ਜੇ ਪਾਠ ਕਰ ਕੇ ਉਸ ਨੂੰ ਗ੍ਰਹਿਣ ਨਹੀਂ ਕਰਨਾ ਤਾਂ ਐਵੇਂ ਵਕਤ ਹੀ ਜ਼ਾਯਾ ਕਰਨਾ ਹੈ ਹੁਕਮ ਤਾਂ ਹੈ ....

"ਗਾਵਯੇ ਸੁਣਯੇ ਮਨ ਰਖਯੇ ਭਾਉ"

ਉਹ ਇਹ ਭੀ ਆਖਦੇ ਹਨ, ਮੈਂ ਦੇਖਦਾ ਹਾਂ ਜੇ ਕੋਈ ਸਿਖ ਗਿਰਜੇ ਚਲਾ ਜਾਏ ਤਾਂ ਉਸ ਨੂੰ ਬੜੇ ਮਾਣ ਇਜ਼ਤ ਨਾਲ ਅਗੇ ਬਠਾਇਆ ਜਾਂਦਾ ਹੈ ਪਰ ਜੇ ਕੋਈ ਸਹਿਜ ਧਾਰੀ ਗੁਰਦਵਾਰੇ ਆ ਜਾਏ ਤਾਂ ਉਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠਣੇ ਤੋਂ ਭੀ ਰੋਕਿਆ ਜਾਂਦਾ ਹੈ।

ਇੰਤਜ਼ਾਮੀਆਂ ਕਮੇਟੀ ਦੀ ਮੈਂਬਰੀ ਦਾ ਤਾਂ ਕੀ ਕਹਿਣਾ, ਉਸ ਦੇ ਘਰ ਭਾਈ ਸਾਹਿਬ ਜਾ ਕੇ ਅਰਦਾਸ ਕਰਨਾ ਜਾਂ ਪਾਠ ਕਰਨਾ ਭੀ ਹਤਕ ਇਜ਼ਤ ਸਮਝਦੇ ਹਨ।

ਕੀ ਅਸੀਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਨੂੰ ਮੁੱਲ ਲੈ ਲਿਆ ਹੈ?

ਉਨ੍ਹਾਂ ਦੇ ਖਿਆਲ ਅਨੁਸਾਰ ਸਹਿਜ ਧਾਰੀ ਵੀਰਾਂ ਨੂੰ ਸੰਗਤ ਵਿਚ ਅਗੇ ਆਦਰ ਨਾਲ ਬਠਾਇਆ ਜਾਏ ਅਤੇ ਪੰਜ ਪਿਆਰਿਆਂ ਦਾ ਪ੍ਰਸ਼ਾਦ ਭੀ ਉਨ੍ਹਾਂ ਨੂੰ ਦਿੱਤਾ ਜਾਏ। ਗੁਰਦਵਾਰੇ ਵਿਚ ਕਿਸੇ ਦੇ ਜਾਤੀ ਮਾਮਲੇ, ਪੁਸ਼ਾਕ, ਫੈਸ਼ਨ, ਵਾਲਾਂ, ਬਿੰਦੀ ਤੇ ਹਮਲੇ ਕਰਕੇ ਉਸ ਦਾ ਦਿਲ ਕਿਉਂ ਦੁਖਾਇਆ ਜਾਏ।

ਕਿਸੇ ਨੇ ਖੂਬ ਕਿਹਾ ਹੈ ....

1. ਮਜ਼ਹਬ ਨਹੀਂ ਸਖਾਤਾ ਆਪਸ ਮੇਂ ਵੈਰ ਰਖਨਾ।
2. ਕੋਈ ਰੱਬ ਦਾ ਆਸਤਕ ਹਜ਼ਾਰ ਹੋਵੇ ਜਿੰਨਾ ਚਿਰ ਉਹ ਮਨੁਖਤਾ ਦਾ ਆਸਤਕ ਨਹੀਂ ਉਹ ਬਰਬਾਦ ਇਨਸਾਨ ਹੈ।
3. ਕਾਫਰ ਤੇ ਮੋਮਨ, ਨਾਸਤਕ ਤੇ ਆਸਤਕ ਸਭ ਅਲਾਹ ਦੀ ਔਲਾਦ ਹਨ।
4. ਖਿਦਮਤੇ ਖਲਕ ਅਬਾਦਤੇ ਖੁਦਾ ਅਸਤ।

ਜੇ ਰੱਬ ਨੂੰ ਖੁਸ਼ ਕਰਨਾ ਜੇ, ਤਾਂ ਉਸ ਦੀ ਬਣਾਈ ਕਾਇਨਾਤ ਦੀ ਸੇਵਾ ਕਰੋ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਬਦ, ਗੁਰੂ ਗ੍ਰੰਥ ਸਾਹਿਬ ਦੇ ਪੰਨਾ 885 ਉਤੇ ....

ਕੋਈ ਬੋਲੇ ਰਾਮ ਯਾਮ ਕੋਈ ਖੁਦਾਇ।
ਕੋਈ ਸੇਵੇ ਗੁਸਈਆ ਕੋਈ ਅਲਾਹਿ।
ਕਾਰਣ ਕਰ ਕਰੀਮ ਕਿਰਪਾ ਧਾਰ ਰਹੀਮ।
ਕੋਈ ਨਾਵੈ ਤੀਰਥਿ ਕੋਈ ਹਜ ਜਾਇ।
ਕੋਈ ਕਰੇ ਪੂਜਾ ਕੋਈ ਸਿਰੁ ਨਿਵਾਇ।
ਕੋਈ ਪੜੇ ਵੇਦ ਕੋਈ ਕਤੇਬ।
ਕੋਈ ਓਡੈ ਨਾਲ ਕੋਈ ਸੁਪੇਦ।
ਕੋਈ ਕਹੈ ਤੁਰਕ ਕੋਈ ਕਹੈ ਹਿੰਦੂ।
ਕੋਈ ਬਾਛੈ ਬਿਸਤੁ ਕੋਈ ਸੁਰਗਿੰਦੂ।
ਕਹੁ ਨਾਨਕ ਜਿਨਿ ਹੁਕਮ ਪਛਾਤਾ।
ਪ੍ਰਭ ਸਾਹਿਬ ਕਾ ਤਿਨ ਭੇਦੁ ਜਾਤਾ।

ਇਸ ਸ਼ਬਦ ਵਿਚ ਜੋ ਸੇਧ ਹੈ, ਉਸ ਅਨੁਸਾਰ ਕੋਈ ਵਾਹਿਗੁਰੂ ਜਪੇ ਭਾਵੇਂ ਅਲਹ ਅਲਹ, ਕੋਈ ਗੁਰਦਵਾਰੇ ਜਾਵੇ ਜਾਂ ਮਸੀਤ।

ਕੋਈ ਸਿਰ ਕੱਜ ਕੇ ਬੈਠੇ ਜਾਂ ਸਿਰੋਂ ਨੰਗਾ, ਕੋਈ ਥੱਲੇ ਨੀਵਾਂ ਬਹੇ ਜਾਂ ਕੁਰਸੀ ਉਤੇ, ਕੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਪੜ੍ਹੇ ਜਾਂ ਅੰਜੀਲ, ਕੋਈ ਸਿੰਘ ਅਖਵਾਏ ਜਾਂ ਈਸਾਈ, ਪ੍ਰਾਪਤੀ ਤਾਂ ਕੇਵਲ ਉਸੇ ਨੂੰ ਹੋ ਸਕਦੀ ਹੈ, ਜਿਹੜਾ ਰੱਬ ਦੇ ਭਾਣੇ ਵਿਚ ਆਵੇਗਾ।

ਸੋ ਸਿੱਖ ਸਖਾ ਬੰਧਪ ਹੈ ਭਾਈ, ਜੋ ਗੁਰੂ ਕੇ ਭਾਣੇ ਵਿਚ ਆਵੈ।
(ਗੁਰੂ ਗ੍ਰੰਥ ਪੰਨਾ 601)

ਨੋਟ: ਗੁਰਮਤਿ ਵਿਚ ਸਿਰਫ ਸੇਧਾਂ ਹਨ ਬਾਰੀਕੀਆਂ ਦੇਸ਼ ਕਾਲ ਦੀ ਲੋੜ ਅਨੁਸਾਰ ਕੀਤੀਆਂ ਜਾ ਸਕਦੀਆਂ ਹਨ, ਤੇ ਉਨ੍ਹਾਂ ਵਿਚ ਤਰਮੀਮ ਵਾਧਾ ਘਾਟਾ ਵੀ ਕੀਤਾ ਜਾ ਸਕਦਾ ਹੈ ਸਗੋਂ ਕੀਤਾ ਜਾਣਾ ਚਾਹੀਦਾ ਹੈ।

(ਚਲਦਾ)

ਦੋ ਭਾਰਤੀ ਔਰਤਾਂ ਨੂੰ ਕੁਵੈਤ 'ਚ ਫਾਂਸੀ

ਲੰਡਨ — ਕੁਵੈਤ ਵਿਚ ਦੋ ਭਾਰਤੀ ਔਰਤਾਂ ਸਮੇਤ ਚਾਰ ਵਿਅਕਤੀਆਂ ਨੂੰ ਫਾਂਸੀ ਦੇ ਦਿੱਤੀ ਗਈ। ਕੁਵੈਤ ਦੀ ਬਦੇਸ਼ ਵਜ਼ਾਰਤ ਨੇ ਕਿਹਾ ਹੈ ਕਿ ਐਲਸ ਬੋਜ਼ਬਾਨ ਪਾਰਸੀ ਔਰਤ ਅਤੇ ਫਰੀਦਾ ਤਾਹਿਰ ਸ਼ੇਖ ਨਾਮੀ ਔਰਤ ਨੇ ਨਈਮ ਖਾਂ ਨੂੰ ਕਤਲ ਕੀਤਾ ਸੀ। ਜਿਹਨਾਂ ਦੋ ਭਾਰਤੀ ਮਰਦਾਂ ਨੂੰ ਫਾਂਸੀ ਦਿੱਤੀ ਗਈ ਉਹਨਾਂ ਦੇ ਨਾਂ ਹਨ: ਫਵਾਦ ਅਤੇ ਅਬਾਸ।

'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

SUBSCRIPTION FORM

To
The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name...
Address..
City...
Province...
Postal code...
PHONE.

One Year	30 dollars
Two Year	55 dollars
Three year	80 dollars
Life membership..........	500 dollars
ASIA............................	150 dollars [a year]
U.S.A.	35 dollars [a year]
Europe	150 dollars [a year]
Africa	150 dollars [a year]

ਖਾਲਿਸਤਾਨੀ ਟੋਲੇ
ਨਾ ਧਾਰਮਿਕ, ਨਾ ਰਾਜਨੀਤਕ
ਫਿਰ ਉਹ ਕਿਸਦੇ ਮੋਹਰੇ ਹੋਏ?

ਜਿਨ੍ਹਾਂ ਕੱਟੜ ਤੇ ਖਤਰਨਾਕ ਅਤਿਵਾਦੀਆਂ ਨੂੰ ਅੱਜ ਤੱਕ ਅਤਿਵਾਦੀਆਂ ਦਾ ਬੌਸ ਸਮਝਿਆ ਜਾਂਦਾ ਸੀ, ਉਹ ਅਸਲ ਵਿਚ ਮੋਹਰੇ ਨਿਕਲੇ ਹਨ, ਜਿਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਉਨ੍ਹਾਂ ਦਾ ਬੌਸ ਹੈ ਕੌਣ ? ਇਹੋ ਜਿਹੇ ਕਈ ਭੇਤ ਉਨ੍ਹਾਂ ਅਤਿਵਾਦੀਆਂ ਨੇ ਖੋਲ੍ਹੇ ਹਨ ਜਿਨ੍ਹਾਂ ਨੂੰ ਅਪਰੇਸ਼ਨ ਬਲੈਕ ਥੰਡਰ ਦੌਰਾਨ ਗ੍ਰਿਫਤਾਰ ਕੀਤਾ ਗਿਆ। ਪੁੱਛਗਿੱਛ ਦੌਰਾਨ ਇਹ ਤੱਥ ਵੀ ਸਾਹਮਣੇ ਆਇਆ ਕਿ ਜ਼ਿਆਦਾਤਰ ਆਤੰਕਵਾਦੀ ਪੁਲੀਸ ਦੇ ਅਤਿਆਚਾਰਾਂ ਤੋਂ ਤੰਗ ਆ ਕੇ ਇਸ ਰਾਹ ਪਏ। ਇਸ ਸੰਬੰਧੀ ਅਸੀਂ ਕੁਝ ਅੰਸ਼ 'ਚੌਥੀ ਦੁਨੀਆਂ' 'ਚੋਂ ਧੰਨਵਾਦ ਸਹਿਤ ਆਪਣੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ।

ਕਾਲੀ ਗਰਜ ਕਾਰਵਾਈ ਦੌਰਾਨ ਗ੍ਰਿਫਤਾਰ ਕੀਤੇ ਗਏ ਅਤਿਵਾਦੀਆਂ ਤੋਂ ਪੁੱਛਗਿਛ ਦਾ ਕੰਮ ਪੂਰਾ ਹੋ ਚੁਕਾ ਹੈ। ਮਿਲੀ ਜਾਣਕਾਰੀ ਪੁਲੀਸ ਲਈ ਬੇਹੱਦ ਲਾਭਦਾਇਕ ਸਿਧ ਹੋਈ ਹੈ। ਪਰ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕਈ ਤੱਥ ਅਜਿਹੇ ਵੀ ਸਾਹਮਣੇ ਆਏ ਹਨ ਜਿਨ੍ਹਾਂ ਨੇ ਪੁਲੀਸ ਦੀਆਂ ਕਮੀਆਂ, ਕਮਜ਼ੋਰੀਆਂ ਅਤੇ ਜ਼ਿਆਦਤੀਆਂ ਨੂੰ ਵੀ ਨੰਗਾ ਕੀਤਾ ਹੈ। ਇਸ ਦੇ ਬਾਵਜੂਦ ਅਧਿਕਾਰੀ ਸੰਤੁਸ਼ਟ ਹਨ ਤੇ ਖੁਸ਼ ਵੀ। ਕਈ ਜਾਣਕਾਰੀਆਂ ਤਾਂ ਵਾਕਿਆ ਈ ਲੂੰਅ ਕੰਡੇ ਖੜ੍ਹੇ ਕਰਨ ਵਾਲੀਆਂ ਹਨ। ਮਿਸਾਲ ਵਜੋਂ ਆਪਣੇ ਆਪ ਨੂੰ ਕਥਿਤ ਅਤਿਵਾਦੀ ਸੰਗਠਨਾਂ ਦਾ ਜਰਨੈਲ ਦੱਸਣ ਵਾਲੇ ਚੋਟੀ ਦੇ ਅਤਿਵਾਦੀ ਵੀ ਆਪਣੇ ਅਸਲੀ ਬੌਸਾਂ ਬਾਰੇ ਕੁਝ ਨਹੀਂ ਜਾਣਦੇ। ਉਨ੍ਹਾਂ ਦੇ ਠਿਕਾਣਿਆਂ ਤੇ ਭਾਵੀ ਯੋਜਨਾਵਾਂ ਸੰਬੰਧੀ ਵੀ ਇਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਉਹ ਤਾਂ ਪਾਕਿਸਤਾਨ ਅਤੇ ਦੂਜੇ ਦੇਸ਼ਾਂ ਵਿਚ ਬੈਠ ਕੇ ਮੌਤ ਦੀਆਂ ਸੂਚੀਆਂ ਜਾਰੀ ਕਰਨ ਵਾਲੇ ਆਪਣੇ ਅਣਜਾਣ ਬੌਸਾਂ ਦੇ ਮਹਿਜ ਮੋਹਰੇ ਹਨ।

ਇਕ ਸਨਸਨੀਖੇਜ਼ ਪਹਿਲੂ ਇਹ ਵੀ ਸਾਹਮਣੇ ਆਇਆ ਹੈ ਕਿ ਵੱਖਵਾਦ ਅਤੇ ਅਤਿਵਾਦ ਦੀ ਧਾਰਾ ਵਿਚ ਨਾ ਸਿਰਫ ਮਰਦ ਹੀ ਸ਼ਾਮਲ ਹਨ, ਸਗੋਂ ਮਾਰੇ ਜਾ ਚੁੱਕੇ ਜਾਂ ਰੂਪੋਸ਼ ਅਤਿਵਾਦੀਆਂ ਦੀਆਂ ਪਤਨੀਆਂ, ਬੱਚੇ ਅਤੇ ਪਰਿਵਾਰ ਦੇ ਦੂਜੇ ਮੈਂਬਰ ਵੀ ਸ਼ਾਮਲ ਹੋ ਰਹੇ ਹਨ। ਉਹ ਅਤਿਵਾਦੀਆਂ ਲਈ ਸ਼ਰਨਗਾਹ ਦਾ ਪ੍ਰਬੰਧ ਕਰਦੇ ਹਨ। ਉਨ੍ਹਾਂ ਦੇ ਹਥਿਆਰ ਅਤੇ ਸੁਨੇਹੇ ਖੁਫੀਆ ਠਿਕਾਣਿਆਂ ਤਕ ਪਹੁੰਚਾਉਂਦੇ ਹਨ ਅਤੇ ਮੌਕਾ ਮਿਲਣ 'ਤੇ ਖੁਦ ਵੀ ਵੱਢ ਟੁੱਕ ਕਰਨ ਤੋਂ ਪਿਛੇ ਨਹੀਂ ਰਹਿੰਦੇ।

ਇਕ ਮਹੱਤਵਪੂਰਨ ਪਹਿਲੂ ਇਹ ਵੀ ਸਾਹਮਣੇ ਆਇਆ ਹੈ ਕਿ ਜ਼ਿਆਦਾਤਰ ਅਤਿਵਾਦੀ ਨਾ ਤਾਂ 'ਖਾਲਿਸਤਾਨ' ਦੀ ਧਾਰਨਾ ਸਮਝਦੇ ਹਨ ਅਤੇ ਨਾ ਹੀ ਉਨ੍ਹਾਂ ਦਾ ਰਾਜਸੀ ਜਾਂ ਕੋਈ ਧਾਰਮਿਕ ਝੁਕਾਅ ਹੈ। ਇਥੋਂ ਤੱਕ ਮਲਕੀਅਤ ਸਿੰਘ ਅਜਨਾਲਾ ਅਤੇ ਨਿਰਵੈਰ ਸਿੰਘ ਵਰਗੇ ਖਤਰਨਾਕ ਅਤਿਵਾਦੀ ਵੀ 'ਖਾਲਿਸਤਾਨ' ਦਾ ਅਰਥ ਨਹੀਂ ਸਮਝਦੇ। 'ਖਾਲਿਸਤਾਨ ਬਣਨ ਨਾਲ ਸਿੱਖਾਂ ਨੂੰ ਅਜਿਹਾ ਕੀ ਮਿਲ ਜਾਵੇਗਾ, ਜਿਹੜਾ ਹੁਣ ਨਹੀਂ ਮਿਲ ਰਿਹਾ, ਇਸ ਸਵਾਲ ਦਾ ਵੀ ਕਿਸੇ ਅਤਿਵਾਦੀ ਕੋਲ ਕੋਈ ਜਵਾਬ ਨਹੀਂ ਹੈ।

ਪਰ ਇਸੇ ਸਮੇਂ ਕੁਝ ਅਜਿਹੀਆਂ ਕੌੜੀਆਂ ਸਚਾਈਆਂ ਵੀ ਸਾਹਮਣੇ ਆਈਆਂ ਹਨ ਜਿਹੜੀਆਂ ਪੁਲੀਸ ਦੀ ਪੁੱਛਗਿਛ ਅਤੇ ਖੁਫੀਆ ਵਿਭਾਗ ਦੀ ਅਸਫਲਤਾ ਦਾ ਪਰਦਾ ਫਾਸ਼ ਕਰਦੀਆਂ ਹਨ। ਮਿਸਾਲ ਵਜੋਂ ਅਤਿਵਾਦੀ ਸੰਗਠਨਾਂ ਵਿਚ ਅਜਿਹੇ ਸਿੱਖ ਨੌਜਵਾਨਾਂ ਦੀ ਗਿਣਤੀ ਘੱਟ ਨਹੀਂ ਜਿਹੜੇ ਸਿਰਫ ਪੁਲੀਸ ਅਤਿਆਚਾਰਾਂ ਕਾਰਨ ਅਤਿਵਾਦੀ ਬਣੇ ਅਤੇ ਇਹ ਵੀ ਇਕ ਸਰਕਾਰੀ ਖੁਫੀਆ ਪ੍ਰਣਾਲੀ ਇਕ ਵਾਰ ਫੇਰ ਅਤਿਵਾਦੀ ਗਤੀਵਿਧੀਆਂ ਦਾ ਪਤਾ ਕਰਨ ਵਿਚ ਬੁਰੀ ਤਰ੍ਹਾਂ ਅਸਫਲ ਹੋਈ ਹੈ। ਇਹੋ ਕਾਰਨ ਸੀ ਕਿ ਗੁਰਚਰਨ ਸਿੰਘ ਮਾਨੋਚਾਹਲ, ਸੁਰਜੀਤ ਸਿੰਘ ਪੈਂਟਾ, ਕਾਰਜ ਸਿੰਘ ਥਾਂਦੇ, ਮਲਕੀਅਤ ਸਿੰਘ ਅਜਨਾਲਾ ਖਤਰਨਾਕ ਅਤਿਵਾਦੀ ਪੁਲੀਸ ਦੀ ਕਰੜੀ ਪੁੱਛਗਿੱਛ ਦੇ ਬਾਵਜੂਦ ਦਰਬਾਰ ਸਾਹਿਬ ਵਿਚ ਅਕਸਰ ਆਉਂਦੇ ਜਾਂਦੇ ਰਹੇ।

ਇਸ ਗੱਲ ਦਾ ਪਤਾ ਤਾਂ ਸ਼ਾਮ ਪੰਜ ਵਜੇ ਲੱਗਾ ਕਿ ਡੀ. ਆਈ. ਜੀ. ਵਿਰਕ ਦਾ ਜਬਾੜਾ ਉਡ ਗਿਆ ਹੈ। ਜਦੋਂ ਪੈਂਟਾ ਨੇ ਵਿਰਕ ਦੇ ਜ਼ਖਮੀ ਹੋਣ ਬਾਰੇ ਸੁਣਿਆ, ਉਹ ਖੁਸ਼ੀ ਨਾਲ ਕੁੱਦਿਆ। ਸਕੱਤਰ ਸਿੰਘ ਵੀ ਜ਼ੋਰ ਜ਼ੋਰ ਨਾਲ ਹੱਸਣ ਲੱਗਾ। ਪਰ ਇਹ ਹਾਸਾ ਜ਼ਿਆਦਾ ਦੇਰ ਨਾ ਰਿਹਾ। ਪੈਂਟਾ ਅਤੇ ਸਕੱਤਰ ਸਿੰਘ ਸਮੇਤ ਪਰਿਕਰਮਾ ਵਿਚ ਮੌਜੂਦ ਅਤਿਵਾਦੀਆਂ ਦੇ ਚਿਹਰੇ ਪੀਲੇ ਪੈ ਗਏ। ਜਦੋਂ ਗੁੱਸੇ ਵਿਚ ਆਏ ਬੀ. ਐਸ. ਐਫ. ਦੇ ਜਵਾਨਾਂ ਨੇ ਦਰਬਾਰ ਸਾਹਿਬ ਦੇ ਚਾਰੇ ਪਾਸਿਓਂ ਉਚੀਆਂ ਇਮਾਰਤਾਂ ਤੇ ਕਾਇਮ ਕੀਤੀਆਂ ਪੁਲੀਸ ਚੌਕੀਆਂ ਤੋਂ ਅਤਿਵਾਦੀਆਂ ਤੇ ਗੋਲੀਆਂ ਦਾ ਮੀਂਹ ਵਰ੍ਹਾਉਣਾ ਸ਼ੁਰੂ ਕਰ ਦਿੱਤਾ। ਅਤਿਵਾਦੀਆਂ ਨੂੰ ਅਹਿਸਾਸ ਹੋ ਗਿਆ ਕਿ ਉਨ੍ਹਾਂ ਨੇ ਖਾਹਮਖਾਹ ਹੀ ਮੁਸੀਬਤ ਮੁੱਲ ਲਈ ਹੈ।

ਪੁੱਛਗਿੱਛ ਕਰਨ ਵਾਲੇ ਇਕ ਵੱਡੇ ਅਫਸਰ ਅਨੁਸਾਰ 'ਪਹਿਲਾਂ ਦੋ-ਤਿੰਨ ਦਿਨ ਤਾਂ ਅਤਿਵਾਦੀ ਜੋਸ਼ ਵਿਚ ਹੀ ਰਹੇ, ਜਦੋਂ ਕੌਮੀ ਸੁਰੱਖਿਆ ਗਾਰਡਾਂ ਨੇ ਅਜੇ ਮੋਰਚੇ ਨਹੀਂ ਸੰਭਾਲੇ ਸਨ ਪਰ ਚੌਥੇ ਦਿਨ ਮੋਰਚੇ ਸੰਭਾਲਣ ਪਿਛੋਂ ਜਦੋਂ ਅਤਿਵਾਦੀ ਠਿਕਾਣਿਆਂ ਨੂੰ ਖਤਮ ਕਰਨਾ ਸ਼ੁਰੂ ਕਰ ਦਿੱਤਾ ਤਾਂ ਉਨ੍ਹਾਂ ਦੇ ਹੌਂਸਲੇ ਡਿੱਗ ਪਏ ਅਤੇ ਇਕ ਦੂਜੇ ਨੂੰ ਮੁਸੀਬਤ ਦੀ ਜੜ੍ਹ ਸਮਝ ਕੇ ਕੋਸਦੇ ਰਹੇ।

ਅਧਿਕਾਰੀਆਂ ਨੂੰ ਇਸ ਗੱਲ ਦਾ ਵੀ ਪਤਾ ਲੱਗਾ ਹੈ ਕਿ ਬਹੁਤੇ ਅਤਿਵਾਦੀ ਪਹਿਲਾਂ ਹੀ ਸਮਰਪਣ ਕਰ ਦੇਣਾ ਚਾਹੁੰਦੇ ਸਨ ਪਰ ਅਜਿਹਾ ਕਰਦੇ ਸਮੇਂ ਆਪਣੇ ਹੀ ਸਾਥੀਆਂ ਹੱਥੋਂ ਮਾਰੇ ਜਾਣ ਦੇ ਡਰ ਕਾਰਨ ਉਹ ਅਜਿਹਾ ਨਾ ਕਰ ਸਕੇ। ਇਸ ਸੰਬੰਧੀ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਏਰੀਆ ਕਮਾਂਡਰ ਨਿਸ਼ਾਨ ਸਿੰਘ ਨੇ ਦੱਸਿਆ, ਨਿਰਾਸ਼ ਹੋ ਕੇ ਅਸੀਂ 12 ਮਈ ਨੂੰ ਹਥਿਆਰ ਸੁੱਟ ਦੇਣ ਦਾ ਫੈਸਲਾ ਕਰ ਲਿਆ ਸੀ ਪਰ ਭਿੰਡਰਾਂਵਾਲਾ ਟਾਈਗਰ ਫੋਰਸ ਆਫ ਖਾਲਿਸਤਾਨ ਦੇ ਲੈਫਟੀਨੈਂਟ ਜਨਰਲ ਕਾਰਜ ਸਿੰਘ ਥਾਂਦੇ ਆਤਮ ਸਮਰਪਣ ਦੀ ਗੱਲ ਸੁਣਦੇ ਸਾਰ ਭੜਕ ਉਠਿਆ। ਉਸ ਨੇ ਹਥਿਆਰ ਸੁਟਣ ਦਾ ਕਰੜਾ ਵਿਰੋਧ ਕੀਤਾ ਅਤੇ ਧਮਕੀ ਦਿੱਤੀ ਕਿ ਉਹ ਅਜਿਹਾ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਭੁੰਨ ਦੇਵੇਗਾ।

ਨਿਸ਼ਾਨ ਸਿੰਘ ਅਨੁਸਾਰ ਕਾਰਜ ਸਿੰਘ ਥਾਂਦੇ ਆਖੀਰ ਤੱਕ ਆਤਮ ਸਮਰਪਣ ਕਰਨ ਦੇ ਪੱਖ ਵਿਚ ਨਹੀਂ ਸੀ ਹਾਲਾਂਕਿ ਭੁੱਖ, ਪਿਆਸ ਕਰ ਕੇ ਉਸ ਦਾ ਬੁਰਾ ਹਾਲ ਸੀ। ਪਰ 18 ਮਈ ਦੀ ਸ਼ਾਮ ਨੂੰ ਸੁਰੱਖਿਆ ਫੋਰਸ ਵਲੋਂ ਆਤਮ ਸਮਰਪਣ ਲਈ ਆਖਰੀ ਮੌਕਾ ਦਿੱਤਾ ਗਿਆ। ਉਸ ਸਮੇਂ ਪਤਾ ਨਹੀਂ ਕੀ ਸੋਚ ਕੇ ਉਹ ਸਾਡੇ ਮਗਰ ਮਗਰ ਹੱਥ ਖੜ੍ਹੇ ਕਰ ਕੇ ਤੁਰਨ ਲੱਗਾ ਪਰ ਅਚਾਨਕ ਪਿਆਓ ਦੇ ਨੇੜੇ ਪਹੁੰਚ ਕੇ ਉਸ ਨੇ ਜ਼ਹਿਰ ਦੀ ਗੋਲੀ ਖਾ ਲਈ। ਅਜੇ ਵੀ ਉਹ ਮਰਿਆ ਨਹੀਂ ਸੀ। ਫੇਰ ਉਸ ਨੇ ਅਚਾਨਕ ਮੇਰਾ ਰਿਵਾਲਵਰ ਖੋਹਿਆ ਤੇ ਕੰਨ ਕੋਲ ਧਰ ਕੇ ਆਪਣੇ ਆਪ ਨੂੰ ਗੋਲੀ ਮਾਰ ਲਈ। ਉਹ ਉਥੇ ਹੀ ਢੇਰੀ ਹੋ ਗਿਆ।

ਪੁੱਛਗਿੱਛ ਦੌਰਾਨ ਅਧਿਕਾਰੀਆਂ ਦੇ ਧਿਆਨ ਵਿਚ ਇਹ ਤੱਥ ਆਇਆ ਹੈ ਕਿ ਬਹੁਤ ਸਾਰੇ ਅਤਿਵਾਦੀ ਭੁਲੇਖੇ ਪਾਊ ਪ੍ਰਚਾਰ ਤੋਂ ਗੁੰਮਰਾਹ ਹੋ ਕੇ ਜਾਂ ਮੁਕਾਬਲੇ ਵਿਚ ਮਾਰੇ ਗਏ ਆਪਣੇ ਕਿਸੇ ਰਿਸ਼ਤੇਦਾਰ ਦੀ ਮੌਤ ਦਾ ਬਦਲਾ ਲੈਣ ਲਈ ਅਤਿਵਾਦ ਦੇ ਰਾਹ 'ਤੇ ਤੁਰੇ। ਟਰੱਕ ਡਰਾਈਵਰੀ ਛੱਡ ਕੇ ਅਤਿਵਾਦੀ ਬਣਿਆ ਨਿਰਵੈਰ ਸਿੰਘ ਮੰਨਦਾ ਹੈ ਕਿ ਅਤਿਵਾਦ ਵੱਲ ਉਸ ਦਾ ਰੁਝਾਨ ਭਾਵੇਂ ਉਸੇ ਵੇਲੇ ਹੋ ਗਿਆ ਸੀ ਜਦੋਂ ਉਸ ਨੇ 1979 ਵਿਚ ਸੰਤ ਭਿੰਡਰਾਂਵਾਲੇ ਦੇ ਵਿਚਾਰ ਬੰਬਈ ਵਿਚ ਇਕ ਧਾਰਮਿਕ ਦੀਵਾਨ ਸਮੇਂ ਸੁਣੇ ਸਨ। ਪਰ ਅਤਿਵਾਦ ਨੂੰ ਉਸ ਅਪਣਾਇਆ ਉਦੋਂ ਜਦੋਂ ਨਵੰਬਰ 1984 ਵਿਚ ਇੰਦਰਾ ਗਾਂਧੀ ਦੀ ਹੱਤਿਆ ਪਿਛੋਂ ਦੇਸ਼ ਪੱਧਰ 'ਤੇ ਹੋਏ ਦੰਗਿਆਂ ਵਿਚ ਹਜ਼ਾਰਾਂ ਸਿਖਾਂ ਦਾ ਕਤਲ ਕਰ ਦਿੱਤਾ ਗਿਆ।

ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਇਕ ਹੋਰ ਕਮਾਂਡਰ ਕੁਲਵੰਤ ਸਿੰਘ ਬੋਲੇਵਾਲ ਸੰਬੰਧੀ ਮਹੱਤਵਪੂਰਨ ਤੱਥ ਇਹ ਸਾਹਮਣੇ ਆਇਆ ਹੈ ਕਿ ਉਸ ਨੇ ਆਪਣੇ ਦੋ ਭਰਾਵਾਂ ਦੇ ਪੁਲਿਸ ਮੁਕਾਬਲੇ ਵਿਚ ਮਾਰੇ ਜਾਣ ਪਿਛੋਂ ਬਦਲਾ ਲਊ ਭਾਵਨਾ ਹੇਠ ਅਤਿਵਾਦ ਦੀ ਦੁਨੀਆਂ ਅਪਣਾਈ। ਉਸ ਨੇ 12 ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਲੁੱਟ-ਖਸੁੱਟ ਦੀਆਂ ਅਨੇਕਾਂ ਘਟਨਾਵਾਂ ਕੀਤੀਆਂ।

ਇਕ ਹੋਰ ਮਹੱਤਵਪੂਰਨ ਪਹਿਲੂ ਇਹ ਦਿਸਿਆ ਹੈ ਕਿ ਜ਼ਿਆਦਾਤਰ ਅਤਿਵਾਦੀ ਗਰੀਬ ਪਰਿਵਾਰਾਂ ਨਾਲ ਸੰਬੰਧ ਰੱਖਣ ਵਾਲੇ ਹਨ ਅਤੇ ਇਨ੍ਹਾਂ ਦੀ ਸਮਾਜਿਕ ਤੇ ਆਰਥਿਕ ਹਾਲਤ ਕਮਜ਼ੋਰ ਹੈ। ਇਨ੍ਹਾਂ ਵਿਚੋਂ ਬਹੁਤਿਆਂ ਨੂੰ ਮਾਂ-ਬਾਪ, ਸਕੇ-ਸਬੰਧੀਆਂ ਦਾ ਪਿਆਰ ਨਹੀਂ ਮਿਲਿਆ ਜਿਹੜਾ ਆਮ ਤੌਰ 'ਤੇ ਬਚਪਨ ਤੋਂ ਜਵਾਨੀ ਦੀ ਦਹਿਲੀਜ਼ 'ਤੇ ਪੈਰ ਰੱਖਣ ਸਮੇਂ ਮਿਲਣਾ ਚਾਹੀਦਾ ਹੈ।

ਅਜਿਹੇ ਸਬੂਤ ਵੀ ਮਿਲੇ ਹਨ ਜਿਥੇ ਬਹੁਤੇ ਨੌਜਵਾਨਾਂ ਨਾਲ ਬੇਇਨਸਾਫੀ ਹੋਈ ਹੈ, ਜਿਸ ਕਰ ਕੇ ਉਹ ਅਤਿਵਾਦੀ ਧੜਿਆਂ ਵਿਚ ਜਾ ਕੇ ਸ਼ਾਮਲ ਹੋ ਗਏ। ਕੁਝ ਅਜਿਹੇ ਵੀ ਹਨ, ਜਿਹੜੇ ਪਹਿਲਾਂ ਛੋਟੇ-ਮੋਟੇ ਅਪਰਾਧ ਕਰਦੇ ਸਨ, ਪਰ ਅਤਿਵਾਦੀ ਅੰਦੋਲਨ ਵਿਚ ਆ ਕੇ ਉਨ੍ਹਾਂ ਨੂੰ ਵਸਤਾਂ ਤੇ ਪੈਸਾ ਪ੍ਰਾਪਤ ਕਰਨ ਦਾ ਅਸਾਨ ਤਰੀਕਾ ਮਿਲ ਗਿਆ। ਬਹੁਤੇ ਨੌਜਵਾਨ ਅਜਿਹੇ ਵੀ ਹਨ ਜਿਨ੍ਹਾਂ ਦੀ ਬੇਰੁਜ਼ਗਾਰੀ ਅਤੇ ਗਰੀਬੀ ਦਾ ਫਾਇਦਾ ਉਠਾਉਂਦੇ ਹੋਏ ਸਮਗਲਰ ਕਿਸਮ ਦੇ ਲੋਕਾਂ ਨੇ ਜ਼ਬਰਦਸਤੀ ਉਨ੍ਹਾਂ ਨੂੰ ਇਸ ਰਾਹ 'ਤੇ ਖਿਚ ਲਿਆ। ਅਪਰੇਸ਼ਨ ਕਾਲੀ ਗਰਜ ਦੌਰਾਨ ਫੜਿਆ ਗਿਆ ਇਕ ਅਜਿਹਾ ਹੀ ਨੌਜਵਾਨ, ਜਿਹੜਾ ਮੈਟ੍ਰਿਕ ਪਾਸ ਸੀ, ਨੌਕਰੀ ਦੀ ਭਾਲ ਵਿਚ ਦਰ ਦਰ ਭਟਕਦਾ ਰਿਹਾ। ਪਰ ਹਰ ਥਾਂ ਉਸ ਨੂੰ ਨਿਰਾਸ਼ਾ ਹੀ ਮਿਲੀ। ਅਖੀਰ ਥੱਕ-ਟੁੱਟ ਕੇ ਉਹ ਪਿੰਡ ਵਾਪਸ ਆਇਆ, ਜਿਥੇ ਉਹ ਇਕ ਸਮਗਲਰ ਦੇ ਸੰਪਰਕ ਵਿਚ ਆ ਗਿਆ ਜਿਸ ਨੇ ਉਸ ਨੂੰ ਸਰਹੱਦ ਪਾਰੋਂ ਹਥਿਆਰ ਲਿਆਉਣ ਲਈ ਇਕ ਗੇੜੇ ਦੇ ਦੋ ਹਜ਼ਾਰ ਰੁਪਏ ਦੇਣ ਦੀ ਪੇਸ਼ਕਸ਼ ਕੀਤੀ। ਉਹ ਮੰਨ ਗਿਆ। ਉਸ ਨੇ ਫੜੇ ਜਾਣ ਤੋਂ ਪਹਿਲਾਂ ਪਾਕਿਸਤਾਨ ਦੇ ਸੱਤ ਚੱਕਰ ਲਾਏ।

ਅਜਿਹੇ ਨੌਜਵਾਨਾਂ ਦੀ ਗਿਣਤੀ ਘੱਟ ਨਹੀਂ ਜਿਹੜੇ ਪੁਲੀਸ ਵਲੋਂ ਕੁੱਟ ਮਾਰ ਜਾਂ ਸਿਰਫ ਕੁੱਟ ਦੇ ਡਰੋਂ ਹੀ ਅਤਿਵਾਦੀਆਂ ਵਿਚ ਜਾ ਸ਼ਾਮਲ ਹੋਏ। ਖਾਲਿਸਤਾਨ ਕਮਾਂਡੋ ਫੋਰਸ ਦੇ ਬਲਵਿੰਦਰ ਸਿੰਘ ਮੋਲੇਵਾਲ ਦੀ ਕਹਾਣੀ ਦੱਸਦੀ ਹੈ ਕਿ ਉਹ ਮਹਿਜ ਪੁਲੀਸ ਦੀ ਮਾਰ ਦੇ ਡਰੋਂ ਅਤਿਵਾਦੀ ਬਣਿਆ। ਅਸਲ ਵਿਚ ਉਹ ਸਟੂਡੈਂਟਸ ਫੈਡਰੇਸ਼ਨ ਦਾ ਸਮਰਥਕ ਸੀ, ਇਸ ਲਈ ਪੁਲੀਸ ਵਾਲੇ ਉਸ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦੇ ਸਨ। ਇਸ ਆਪਣੇ ਪਿੰਡ ਵਿਚ ਕਿਸੇ ਨਾਲ ਝਗੜਨ ਪਿਛੋਂ ਮੋਲੇਵਾਲ ਇਹ ਸੋਚ ਕੇ ਘਰ ਤੋਂ ਤੁਰਿਆ ਕਿ ਝਗੜੇ ਦੀ ਓਟ ਲੈ ਕੇ ਪੁਲੀਸ ਉਸ 'ਤੇ ਅਤਿਆਚਾਰ ਕਰੇਗੀ।

ਇਨ੍ਹਾਂ ਸਾਰੀਆਂ ਸੂਚਨਾਵਾਂ ਅਤੇ ਜਾਣਕਾਰੀਆਂ ਦੇ ਬਾਵਜੂਦ ਚਿੰਤਾਜਨਕ ਪਹਿਲੂ ਇਹ ਹੈ ਕਿ ਅਪਰੇਸ਼ਨ ਬਲਿਊ ਸਟਾਰ ਤੋਂ ਪਹਿਲਾਂ ਵਾਂਗ ਇਸ ਵਾਰ ਵੀ ਖੁਫ਼ੀਆ ਵਿਭਾਗ ਦਰਬਾਰ ਸਾਹਿਬ ਵਿਚ ਅਤਿਵਾਦੀਆਂ ਕੋਲ ਮੌਜੂਦ ਹਥਿਆਰਾਂ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਵਿਚ ਪੂਰੀ ਤਰ੍ਹਾਂ ਅਸਫਲ ਰਿਹਾ। ਇਸ ਦੇ ਉਲਟ ਅਤਿਵਾਦੀ ਅਖਬਾਰਾਂ ਆਦਿ ਰਾਹੀਂ ਆਪਣੇ ਹਥਿਆਰਾਂ ਤੇ ਰਣਨੀਤੀ ਸੰਬੰਧੀ ਗਲਤ ਪ੍ਰਚਾਰ ਦੀ ਮੁਹਿੰਮ ਚਲਾਉਣ ਵਿਚ ਸਫਲ ਰਹੇ।

ਲੌਂਗੋਵਾਲ ਅਕਾਲੀ ਦਲ 6 ਨੁਕਤਿਆਂ ਤੇ ਅਧਾਰਤ ਨਵਾਂ ਸੰਘਰਸ਼ ਛੇੜੇਗਾ

ਚੰਡੀਗੜ੍ਹ — ਸ਼੍ਰੋਮਣੀ ਅਕਾਲੀ ਦਲ ਲੌਂਗੋਵਾਲ ਵਲੋਂ ਪੰਜਾਬ ਵਿਚ ਰਾਜਨੀਤਕ ਚੁੱਪ ਨੂੰ ਤੋੜਨ ਅਤੇ ਸਿੱਖਾਂ ਦੇ ਗੁੰਝਲਦਾਰ ਧਾਰਮਿਕ ਮਸਲਿਆਂ ਤੇ ਗੁਰਧਾਮਾਂ ਵਿਚ ਸਰਕਾਰ ਦਖਲ ਨੂੰ ਖਤਮ ਕਰਨ ਲਈ ਛੇ ਨੁਕਤੀ ਪ੍ਰੋਗਰਾਮ ਬਣਾਇਆ ਗਿਆ ਹੈ। ਇਸ ਪ੍ਰੋਗਰਾਮ ਦਾ ਐਲਾਨ ਬਰਨਾਲਾ ਸਰਕਾਰ ਦੇ ਸਾਬਕ ਮੰਤਰੀ ਕੰਵਲਜੀਤ ਸਿੰਘ ਨੇ ਕੀਤਾ। ਉਹਨਾਂ ਕਿਹਾ ਕਿ ਦਲ ਦੀ ਵਰਕਿੰਗ ਕਮੇਟੀ ਸਮਝਦੀ ਹੈ ਕਿ ਸਰਕਾਰ ਨੇ ਪੰਜਾਬ ਦੇ ਮਸਲੇ ਨੂੰ ਲਟਕਾ ਕੇ ਹੋਰ ਉਲਝਾਇਆ ਹੈ ਜਿਸ ਕਾਰਨ ਪੰਜਾਬ ਦੇ ਲੋਕ ਅਤੇ ਰਾਜਨੀਤਕ ਹਲਕੇ ਨਾਖੁਸ਼ ਹਨ। ਦਲ ਸਮਝਦਾ ਹੈ ਕਿ ਸਿੱਖਾਂ ਦੀ ਪਹਿਲਾਂ ਵਾਲੀ ਅਮਨ ਸ਼ਾਨ ਨੂੰ ਬਹਾਲ ਕਰਨਾ ਜ਼ਰੂਰੀ ਹੈ।


ਚਰਨਪਾਲ ਗਿੱਲ ਕਮਪੇਅਨ ਲਈ ਧੜਾ ਧੜ ਪੈਸੇ ਇਕੱਠੇ ਹੋ ਰਹੇ ਹਨ

ਗੁਰਦਾਸ, ਬਾਈ ਅਤੇ ਭੋਲੇ ਨੇ ਜੋ ਵੈਨਕੂਵਰ ਆਈਲੈਂਡ ਤੋਂ ਪੈਸੇ ਇਕੱਠੇ ਕੀਤੇ ਉਸਦਾ ਵੇਰਵਾ ਇਸ ਪ੍ਰਕਾਰ ਹੈ ।

Parmjit S. Dhaliwal	$200
Kuldip S. Dhaliwal	$200
Pritam Sidhu	$200
Ranbir S. Bhangoo	$200
Parmjit S. Dhaliwal	$20
Baldev Seera	$50
Davinder Pandher	$25
Hari S. Nagra	$30
Charanjit S. Brar	$125
Sakander S. Brar	$50
Baldev S. Purewal	$25
Sewak S. Purewal	$50
Surinder S. Jhawer	$25
Gurmit S. Grewal	$50
Kirpal S. Pandher	$100
Balwinder S. Pandher	$100
Mohinder S. Sahota	$50
Harmadan S. Gadri	$26
Charan Sanghar	$25
Maghar S. Sangha	$51
Sarbjit Cheema	$51
Jang S. Bhangoo	$101
Gurcharan S. Bhangoo	$51
Gurdev S. Grewal	$125
Satbir S. Grewal	$51
Malkit S. Grewal	$25
Baldev S. Dhaliwal	$100
Mohinder S. Grewal	$50
Sukhdev S. Dhaliwal	$200
Gursewak S. Toor	$50
Gurnam S. Bhangoo	$225
Gurmeet Dhaliwal	$50
Manjit S. Braich	$50
Subhag Sidhu	$25
Balbir Tnandi	$50
Kewal Bains	$20
Harjit Saini	$20
Ajaib Sidhu	$100
Gurmit Dhaliwal	$50

(ਬਾਕੀ ਪੰਨਾ 31 'ਤੇ

ਨਾਵਲਿਸਟ ਕੇਸਰ ਸਿੰਘ : ਜੀਵਨ, ਰਚਨਾ ਤੇ ਦ੍ਰਿਸ਼ਟੀਕੋਣ



ਡਾ. ਜਸਵੀਰ ਕੇਸਰ

(ਨੋਟ : ਡਾ: ਜਸਬੀਰ ਕੇਸਰ ਚੰਡੀਗੜ੍ਹ ਦੇ ਲੜਕੀਆਂ ਦੇ ਕਾਲਜ ਵਿਚ ਪੰਜਾਬੀ ਦੀ ਪ੍ਰੋਫੈਸਰ ਹਨ ਅਤੇ ਇਹ ਲੇਖ 'ਨਾਵਲਕਾਰ ਕੇਸਰ ਸਿੰਘ ਦਾ ਜੁਝਾਰ ਮਾਨਵਵਾਦ' ਪੁਸਤਕ ਵਿਚੋਂ ਲਿਆ ਗਿਆ ਹੈ ਜਿਸ ਵਿਚ ਕੇਸਰ ਸਿੰਘ ਦੇ ਨਾਵਲਾਂ ਦੀ ਪੜਚੋਲ ਸ਼ਾਮਲ ਹੈ। ਸ੍ਰੀਮਤੀ ਜਸਬੀਰ ਕੇਸਰ ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ: ਕੇਸਰ ਸਿੰਘ ਦੀ ਪਤਨੀ ਹਨ। ਕੇਸਰ ਸਿੰਘ ਜੀ ਹੋਰਾਂ ਦੇ ਨਾਵਲਾਂ ਬਾਰੇ ਵੀ ਉਨ੍ਹਾਂ ਦੇ ਵਿਚਾਰ ਅਗਲੇ ਅੰਕਾਂ ਵਿਚ ਪ੍ਰਕਾਸ਼ਤ ਹੋਣਗੇ।)

(ਲੜੀ ਜੋੜਨ ਲਈ 'ਕੈਨੇਡਾ ਦਰਪਣ' ਦਾ 1-15 ਸਤੰਬਰ ਵਾਲਾ ਅੰਕ ਦੇਖੋ)

ਇਨ੍ਹਾਂ ਛਪ ਚੁੱਕੀਆਂ ਪੁਸਤਕਾਂ ਤੋਂ ਬਿਨਾਂ ਕੁਝ ਹੋਰ ਪੁਸਤਕਾਂ ਦੇ ਖਰੜੇ ਕੇਸਰ ਸਿੰਘ ਕੋਲ ਤਿਆਰ ਹਨ, ਜਿਨ੍ਹਾਂ ਨੂੰ ਉਹ ਅਜ ਕਲ੍ਹ ਛਪਵਾਉਣ ਦੇ ਆਹਰ ਵਿਚ ਹੈ। ਇਹ ਖਰੜੇ ਹਨ : (1) ਲੰਡਨ ਰੋਡ, (2)ਗਰੀਨ ਕਾਰਡ (3) ਗਦਰ ਲਹਿਰ ਦੀ ਮਾਈ ਭਾਗੋ (4) ਸ਼ਹੀਦ ਰਾਮ ਸਿੰਘ ਧੁਲੇਤਾ (5) ਹੀਰੋਸ਼ੀਮਾ (6) ਗਦਰ ਲਹਿਰ ਦੀ ਵਾਰਤਕ (7) ਗਦਰ ਲਹਿਰ ਦੀ ਕਵਿਤਾ (8) ਮੇਰੀ ਡਾਇਰੀ (9) ਸ੍ਵੈ-ਜੀਵਨੀ (16 ਸਾਲ ਦੀ ਉਮਰ ਤਕ)। ਇਨ੍ਹਾਂ ਤੋਂ ਬਿਨਾਂ ਦੋ ਪੁਸਤਕਾਂ ਉਹ ਹੋਰ ਤਿਆਰ ਕਰ ਰਿਹਾ ਹੈ ਗਦਰ (ਨਾਵਲ) ਤੇ ਕੈਨੇਡਾ ਦੇ ਸਿੱਖਾਂ ਦਾ ਇਤਿਹਾਸ 1897 ਤੋਂ 1942 ਤੱਕ। ਇਨ੍ਹਾਂ ਵਿਚੋਂ ਗਦਰ ਲਹਿਰ ਦੀ ਮਾਈ ਭਾਗੋ, ਬੀਬੀ ਗੁਲਾਬ ਕੌਰ ਤੇ ਸ਼ਹੀਦ ਰਾਮ ਸਿੰਘ ਧੁਲੇਤਾ, ਗਦਰੀ ਰਾਮ ਸਿੰਘ ਬਾਰੇ ਹੈ ਜਿਸ ਨੂੰ ਸਾਨਫਰਾਂਸਿਸਕੋ ਦੀ ਕਚਹਿਰੀ ਵਿਚ ਗਦਾਰ ਰਾਮ ਚੰਦ ਪਸ਼ਾਵਰੀਏ ਨੂੰ ਗੋਲੀ ਮਾਰਨ ਬਦਲੇ ਫਾਂਸੀ ਲਾ ਦਿੱਤਾ ਗਿਆ ਸੀ। ਇਨ੍ਹਾਂ ਦੋਹਾਂ ਨਾਵਲਾਂ ਨਾਲ 1914-18 ਦੇ ਗਦਰ ਦਾ ਇਤਿਹਾਸ ਸੰਪੂਰਨ ਹੋ ਜਾਂਦਾ ਹੈ।

ਕੇਸਰ ਸਿੰਘ ਇਕ ਮਿਹਨਤੀ ਤੇ ਸਿਰੜੀ ਲੇਖਕ ਹੈ। ਉਹ ਆਪਣੀਆਂ ਰਚਨਾਵਾਂ ਦੇ ਸੰਬੰਧ ਵਿਚ ਕਿਸੇ ਤਰ੍ਹਾਂ ਦਾ ਤੱਥ ਜਾਂ ਰਿਕਾਰਡ ਅਣਛੋਹਿਆ ਨਹੀਂ ਰਹਿਣ ਦਿੰਦਾ ! ਆਪਣੀਆਂ ਰਚਨਾਵਾਂ ਸੰਬੰਧੀ ਇਤਿਹਾਸਕ ਖੋਜ ਕਰਨ ਲਈ ਉਹ ਤਨ, ਮਨ, ਧਨ ਲਾ ਦਿੰਦਾ ਹੈ ਤੇ ਕਈ ਵਾਰੀ ਕਿਸੇ ਸ਼ਹੀਦ ਦੀ ਇਕ ਫੋਟੋ ਜਾਂ ਇਕ ਇਕ ਚਿੱਠੀ ਲਈ ਹਜ਼ਾਰਾਂ ਮੀਲ ਸਫਰ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦਾ ਉਹ ਇੰਗਲੈਂਡ, ਅਮਰੀਕਾ, ਕੈਨੇਡਾ ਦੇ ਸਹਿਰਾਂ, ਉਥੋਂ ਦੀਆਂ ਜ਼ੇਲ੍ਹਾਂ ਤੇ ਕਚਹਿਰੀਆਂ, ਗਲੀਆਂ ਤੇ ਬਜ਼ਾਰਾਂ ਵਿਚ ਸ਼ਹੀਦਾਂ ਦੀਆਂ ਯਾਦਾਂ ਇਕੱਠੀਆਂ ਕਰਨ ਲਈ ਬੌਰਿਆਂ ਵਾਂਗ ਘੁੰਮਦਾ ਤੇ ਹਰ ਹੀਲੇ ਉਥੋਂ ਰਿਕਾਰਡ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ। ਇਹੀ ਕਾਰਨ ਹੈ ਕਿ ਉਸ ਦੁਵਾਰਾ ਪੇਸ਼ ਕੀਤੀ ਸ਼ਹੀਦਾਂ ਤੇ ਘੁਲਾਟੀਆਂ ਦੀ ਸ਼ਖਸੀਅਤ ਸਾਡੇ ਸਾਹਮਣੇ ਇਉਂ ਸਜੀਵ ਹੋ ਉਠਦੀ ਹੈ ਕਿ ਜਾਪਦਾ ਹੈ ਜਿਵੇਂ ਕੇਸਰ ਸਿੰਘ ਨਹੀਂ, ਸਗੋਂ ਸਾਡੇ ਸ਼ਹੀਦ ਤੇ ਜੋਧੇ ਆਪ ਆਪਣੀ ਵਿਥਿਆ ਦਸ ਰਹੇ ਹੋਣ। ਅਸਲ ਵਿਚ ਲੇਖਕ ਗਦਰ ਲਹਿਰ ਨਾਲ ਵਚਨਬੱਧ ਹੈ ਤੇ ਇਸ ਲਹਿਰ ਨੂੰ ਲੋਕਾਂ ਸਾਹਮਣੇ ਲਿਆਉਣ ਲਈ ਉਸ ਨੇ ਆਪਣੀ ਪੂਰੀ ਜ਼ਿੰਦਗੀ ਸਮਰਪਤ ਕੀਤੀ ਹੋਈ ਹੈ ਤਾਂ ਕਿ 'ਲੋਕਾਂ ਨੂੰ', 'ਲੋਕਾਂ ਦੇ ਇਤਿਹਾਸ' ਤੋਂ ਜਾਣੂ ਕਰਵਾਇਆ ਜਾ ਸਕੇ। ਇਸ ਪਖੋਂ ਕੇਸਰ ਸਿੰਘ ਇਕ ਵਿਅਕਤੀ ਜਿੰਨਾ ਨਹੀਂ, ਸਗੋਂ ਇਕ ਸੰਸਥਾ ਜਿੰਨਾ ਕੰਮ ਕਰ ਰਿਹਾ ਹੈ। 'ਗਦਰ ਲਹਿਰ ਦੀ ਕਵਿਤਾ' ਤੇ 'ਗਦਰ ਲਹਿਰ ਦੀ ਵਾਰਤਕ' ਪੁਸਤਕ ਬਾਰੇ ਉਹ ਲਿਖਦਾ ਹੈ :

> "ਪੰਜ ਹਜ਼ਾਰ ਅਮਰੀਕਨ ਡਾਲਰ ਤੋਂ ਵੱਧ ਖਰਚ ਕਰ ਕੇ ਮਾਈਕਰੋ ਫਿਲਮਾਂ ਦੀਆਂ ਕਾਪੀਆਂ ਆਪ ਬਣਾਈਆਂ ਹਨ।"
>
> (20.10.1985 ਦੀ ਇਕ ਨਿੱਜੀ ਚਿੱਠੀ ਵਿਚੋਂ)
>
> "....ਇਹ ਮਸਾਲਾ ਇਕੱਠਾ ਕਰਦਿਆਂ 20 ਸਾਲ ਲੱਗ ਗਏ ਹਨ। ਖਰਚੇ ਦਾ ਤਾਂ ਕੋਈ ਹਿਸਾਬ ਹੀ ਨਹੀਂ। ਇਕ ਲੱਤ ਨਿਊਯਾਰਕ ਤੇ ਦੂਜੀ ਸਾਨਫਰਾਂਸਿਸਕੋ। ਘਰ ਘਰ ਫਿਰ ਕੇ ਕਾਗਜ਼ ਇਕੱਠੇ ਕਰਦਾ ਰਿਹਾ ਹਾਂ ...।"
>
> (10.11.1985 ਦੀ ਨਿੱਜੀ ਚਿੱਠੀ ਵਿਚੋਂ)

ਸ਼ਹੀਦ ਰਾਮ ਸਿੰਘ ਧੁਲੇਤਾ ਤੇ ਤਿੰਨ ਹਿੱਸਿਆਂ ਵਿਚ ਲਿਖੇ ਜਾ ਰਹੇ ਨਾਵਲ ਗਦਰ ਦੇ ਤੀਜੇ ਹਿੱਸੇ (1917-18) ਬਾਰੇ ਉਹ ਲਿਖਦਾ ਹੈ :

> "ਕਾਮਰੇਡ ਭਗਤ ਸਿੰਘ ਬਿਲਗਾ ਨੂੰ ਪ੍ਰਣ ਦਿੱਤਾ ਸੀ ਕਿ 'ਸ਼ਹੀਦ ਰਾਮ ਸਿੰਘ ਧੁਲੇਤਾ' ਦਾ ਨਾਵਲ ਤਿਆਰ ਕਰਕੇ ਫਰਵਰੀ ਮਾਰਚ 1984 ਵਿਚ ਉਸ ਦੇ ਪਿੰਡ ਮੇਲਾ ਲੁਆਵਾਂਗੇ .... ਇਸ ਕੇਸ ਦੇ 4800 ਪੰਨੇ ਪੜ੍ਹੇ ਹਨ ਤੇ ਇਤਨੇ ਪੜ੍ਹਨੇ ਬਾਕੀ ਹਨ।
>
> (20.10.1985 ਦੀ ਇਕ ਨਿੱਜੀ ਚਿੱਠੀ ਵਿਚੋਂ)

ਕੇਸਰ ਸਿੰਘ ਦੇ ਜੀਵਨ ਤੇ ਰਚਨਾ ਬਾਰੇ ਸਾਰੀ ਚਰਚਾ ਤੋਂ ਬਾਦ ਉਸ ਦੇ ਦ੍ਰਿਸ਼ਟੀਕੋਣ ਬਾਰੇ ਕੋਈ ਸ਼ੰਕਾ ਨਹੀਂ ਰਹਿ ਜਾਂਦਾ। ਉਹ ਅਗਾਂਹ-ਵਧੂ ਲਿਖਾਰੀ ਹੈ ਕਿਉਂਕਿ ਉਹ ਲੋਕਾਂ ਦੀ ਧਿਰ ਬਣ ਕੇ ਲਿਖਦਾ ਹੈ। ਉਹ ਮਾਨਵਵਾਦੀ ਹੈ ਕਿਉਂਕਿ 'ਮਨੁੱਖ ਉਸ ਦਾ ਸਭ ਤੋਂ ਵੱਡਾ ਇਸ਼ਟ ਹੈ। ਇਥੇ ਅਸੀਂ ਉਸ ਦੇ ਦ੍ਰਿਸ਼ਟੀਕੋਣ ਨੂੰ ਸਪਸ਼ਟ ਕਰਦੀ ਉਸ ਦੀ ਇਕ ਕਵਿਤਾ ਦਾ ਹਵਾਲਾ ਦਿੰਦੇ ਹਾਂ :

ਦੇਸ਼ ਬਿਦੇਸ਼ ਮੈਂ ਗਾਹੇ,
ਦੇਸ਼ ਬਿਦੇਸ਼ ਦੀ ਧਰਤੀ ਵਿਚੋਂ
ਮੈਨੂੰ ਖੁਸ਼ਬੂ ਆਏ।
ਚਿੱਟੀ ਧਰਤੀ,
ਕਾਲੀ ਧਰਤੀ,
ਪੀਲੀ ਧਰਤੀ,
ਭੂਰੀ ਕੋਈ ਸਦਾਏ।
ਕਾਲੇ, ਭੂਰੇ, ਗੋਰੇ, ਪੀਲੇ
ਇਕ ਦੂਜੇ ਦੇ ਜਾਣੀ
ਸਭ ਦੀ ਇਕੋ ਬਾਣੀ
'ਮੈਂ ਮਾਣਸ ਹਾਂ,
ਤੂੰ ਮਾਣਸ ਹੈਂ।'
ਫਿਰ ਗੋਲੀ ਕੌਣ ਚਲਾਏ ?
ਰੱਤ-ਨਦੀਆਂ ਕੌਣ ਵਹਾਏ
ਮਾਂ ਦੀਆਂ ਦੋਧੀਆ
ਛਾਤੀਆਂ ਉਤੋਂ
ਚੀਰੇ ਕੌਣ ਲੁਹਾਏ ?
ਦੁੱਧੀਆਂ ਨਾਲ ਪਲੱਮਦੇ ਬੱਚੇ
ਜੀਂਦੇ ਕੌਣ ਜਲਾਏ ?
....
ਫਿਰ ਮਾਂ ਧਰਤੀ ਦੀ ਛਾਤੀ ਉਤੇ
ਜੰਗਲਾਂ ਵਿਚ ਪਹਾੜਾਂ ਵਿਚ
ਖੌਰੂ ਕੌਣ ਮਚਾਏ ?
ਮੁਟਿਆਰਾਂ ਨੂੰ ਰੰਡੀਆਂ ਕਰਦਾ
ਜਣਿਆਂ ਨੂੰ ਹੱਥਕੜੀਆਂ ਜੜਦਾ
ਕੌਣ ਯਤੀਮ ਬਣਾਏ ?
ਬੀਜੇ ਫ਼ਸਲ ਯਤੀਮਾਂ ਵਾਲੀ
ਹੱਟੀ ਕੌਣ ਚਲਾਏ ?

ਕੇਸਰ ਸਿੰਘ ਦੀ ਸਾਰੀ ਲਿਖਤ ਇਸ 'ਕੌਣ' ਦੀ ਹੀ ਤਲਾਸ਼ ਹੈ ਤਾਂ ਕਿ ਕਾਲੇ, ਭੂਰੇ, ਪੀਲੇ, ਗੋਰੇ ਸਭ ਆਪਣੇ ਸਾਂਝੇ ਦੁਸ਼ਮਣ ਨੂੰ ਪਛਾਣ ਤੇ ਪਛਾੜ ਸਕਣ, ਤਾਂ ਕਿ ਉਹ ਮਨੁੱਖ ਹੋਣ ਦੇ ਨਾਤੇ ਇਕ ਹੋ ਸਕਣ, ਉਨ੍ਹਾਂ ਨੂੰ ਆਪਣੀ ਮਨੁੱਖਤਾ ਉਤੇ ਸ਼ਰਮ ਨਾ ਆਏ। ਇਸ ਲਈ ਉਸ ਦੀ ਕਲਾ ਲੋਕਾਂ ਲਈ ਹੈ ਤੇ ਉਹ ਆਪ ਵੀ ਇਸ ਗਲੋਂ ਸੁਚੇਤ ਹੈ :

> ਜਿਹੜੇ ਲੋਕ ਕਲਾ ਕਲਾ ਵਾਸਤੇ ਹੈ— ਦਾ ਨਾਹਰਾ ਲਾਉਂਦੇ ਹਨ, ਉਹਨਾਂ ਦਾ ਸਮਾਂ ਬੀਤ ਚੁਕਾ। ਉਹਨਾਂ ਦਾ ਨਾਹਰਾ ਬੋਦਾ ਹੋ ਕੇ ਲੀਰਾਂ ਲੀਰਾਂ ਹੋ ਚੁਕਾ ਹੈ। ਇਹ ਜੁਗ ਲੋਕਾਂ ਦਾ ਹੈ। ਕਲਾ ਲੋਕਾਂ ਵਾਸਤੇ ਹੈ ਨਾ ਕਿ ਲੋਕ ਕਲਾ ਵਾਸਤੇ ਦੇਸ਼ਾਂ ਦੀਆਂ ਹੱਦਾਂ, ਵੱਖੋ ਵਖਰੀਆਂ ਨਸਲਾਂ, ਬੋਲੀਆਂ, ਧਰਮ ਤੇ ਸ਼ਰੇਣੀਆਂ ਦੁਨੀਆਂ ਦੇ ਮਨੁੱਖ ਨੂੰ ਮਨੁੱਖਤਾ ਤੋਂ ਹੋੜ ਨਹੀਂ ਸਕਦੇ, ਰੋਕ ਨਹੀਂ ਸਕਦੇ। ਮਨੁੱਖਤਾ ਮਨੁੱਖ ਦਾ ਅਸਲੀ ਅਸਲਾ ਹੈ। .... ਲੇਖਕ ਮਨੁੱਖਤਾ ਦੀ ਲੀਹ ਤੇ ਤੁਰਨ ਵਾਲਾ ਇਕ ਮਨੁੱਖ ਹੈ। ਉਹ ਹੋਰਨਾਂ ਨੂੰ ਮਨੁੱਖਤਾ ਦੀ ਲੀਹ ਤੇ ਤੋਰਨ ਦੀ ਪ੍ਰੇਰਨਾ ਕਰਨ ਦੀ ਸੁੱਚੀ ਕਿਰਤ ਕਰਦਾ ਹੈ।[4]
>
> ਸਾਹਿਤ ਦੀ ਰਚਨਾ ਮੇਰਾ ਆਦਰਸ਼ ਨਹੀਂ, ਇਹ ਮੇਰਾ ਇਕ ਹਥਿਆਰ ਹੈ ਲੋਕ-ਸੇਵਾ ਲਈ। ਲੋਕ ਸੇਵਾ ਕਰਨ ਵਾਲੇ ਜੋਧਿਆਂ ਦੇ ਪਾਏ ਪੂਰਨਿਆਂ ਤੇ ਕਰਮਜੋਗੀਆਂ ਦੀਆਂ ਕਥਾਵਾਂ ਨੂੰ ਨਵੀਆਂ ਕਰਨ ਲਈ ਸਾਹਿਤ ਰਚਨਾ ਮੇਰਾ ਇਕ ਰਾਹ ਹੈ। ਕਰਮਯੋਗ ਦੇ ਬੀਜ ਪੁੰਗਰਦੇ ਰਹਿਣ, ਸਿੱਟੇ ਲਗਦੇ ਰਹਿਣ। ਲੋਕਾਂ ਦੇ ਹੱਕਾਂ ਲਈ ਸੰਘਰਸ਼ ਕਰਨ ਵਾਲੇ ਜੋਧੇ ਪੈਦਾ ਹੁੰਦੇ ਰਹਿਣ ਤਾਂ ਕਿ ਕੋਈ ਜਰਵਾਣਾ ਚਿੱਟੇ ਦਿਨ, ਸਿਖਰ ਦੁਪਹਿਰੇ ਲੋਕਾਂ ਨੂੰ ਹਫੀਮੀ ਲੋਰੀਆਂ ਦੇ ਕੇ ਸੁਆ ਨਾ ਸਕੇ ਤੇ ਲੋਕ ਜਾਗਰਤ ਅਵਸਥਾ ਵਿਚ ਆਪਣਾ ਆਪ ਪਛਾਣ ਸਕਣ।[5]
>
> ਮੇਰਾ ਮਜ਼ਹਬ, ਮੇਰਾ ਇਸ਼ਟ ਤਾਂ ਲੋਕ ਹਨ। ਦਲਿਤ ਲੋਕ, ਨਿਤਾਣੇ, ਨਿਮਾਣੇ ਲੋਕ, ਕਿਰਤੀ ਲੋਕ ਤੇ ਉਹ ਲੋਕ ਜੋ ਆਪਣੇ ਤੇ ਆਪਣੇ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਸੀਸ ਨੂੰ ਤਲੀ ਉਤੇ ਧਰੀ ਫਿਰਦੇ ਹਨ। ਅਜਿਹੇ ਜੋਧਿਆਂ ਦੀ ਪੂਜਾ ਮੇਰੀ ਕਿਰਤ ਹੈ।
>
> (6-6-1983 ਦੀ ਇਕ ਨਿੱਜੀ ਚਿੱਠੀ ਵਿਚੋਂ)

ਇਹ ਲੋਕ-ਪੱਖੀ ਦ੍ਰਿਸ਼ਟੀਕੋਣ ਉਸ ਦੀ ਹਰ ਰਚਨਾ ਵਿਚ ਸਪਸ਼ਟ ਹੈ। ਆਪਣੀ ਰਚਨਾ ਦੇ ਵਿਸ਼ੇ ਵਜੋਂ ਇਕ ਲੋਕ-ਲਹਿਰ ਨੂੰ ਚੁਣਨਾ ਹੀ ਉਸ ਦੇ ਇਸ ਦ੍ਰਿਸ਼ਟੀਕੋਣ ਦੀ ਸ਼ਾਹਦੀ ਭਰਦਾ ਹੈ। ਇਹ ਲੋਕ-ਲਹਿਰ ਜਾਂ ਗਦਰ ਲਹਿਰ ਭਾਰਤੀ ਇਤਿਹਾਸ ਦੀ ਅਜਿਹੀ ਬਲਵਾਨ ਲਹਿਰ ਸੀ ਕਿ ਜੇ ਇਹ ਫੇਲ੍ਹ ਨਾ ਹੁੰਦੀ ਤੇ ਭਾਰਤ ਦੀ ਆਜ਼ਾਦੀ ਇਸ ਲਹਿਰ ਦਵਾਰਾ ਅਰੰਭੇ ਹਥਿਆਰਬੰਦ ਘੋਲ ਰਾਹੀਂ ਆਈ ਹੁੰਦੀ ਤਾਂ ਅੱਜ ਆਜ਼ਾਦ ਭਾਰਤ ਦਾ ਮੂੰਹ ਮੱਥਾ ਕੁਝ ਹੋਰ ਹੁੰਦਾ ਕਿਉਂਕਿ ਇਹ ਲਹਿਰ ਉਸ ਸਮੇਂ ਤਕ ਚਲੀਆਂ ਸਾਰੀਆਂ ਕੌਮੀ ਲਹਿਰਾਂ ਨਾਲੋਂ ਵਧੇਰੇ ਅਗਾਂਹ-ਵਧੂ ਲਹਿਰ ਸੀ :

> ਗਦਰ ਪਾਰਟੀ ਲਹਿਰ ਹਿੰਦੀਆਂ ਦੀ ਸਭ ਤੋਂ ਪਹਿਲੀ ਗੈਰ-ਮਜ਼ਹਬੀ ਤੇ ਗੈਰ ਫਿਰਕੂ ਜਥੇਬੰਦ ਕੌਮੀ ਇਨਕਲਾਬੀ ਲਹਿਰ ਸੀ, ਜਿਸ ਨੇ ਪੰਚਾਇਤੀ ਕੌਮੀ ਰਾਜ (Republic) ਦਾ ਨਿਸ਼ਾਨਾ ਸਪਸ਼ਟ ਰੂਪ ਵਿਚ ਅਪਣਾਇਆ .... ਰੂਸ ਵਿਚ ਕਿਰਤੀ ਰਾਜ ਕਾਇਮ ਹੋਣ ਤੋਂ ਪਹਿਲੋਂ ਪੰਚਾਇਤੀ ਰਾਜ ਦੇ ਨਿਸ਼ਾਨੇ ਨੂੰ ਹੀ ਸਾਰੀ ਦੁਨੀਆਂ ਵਿਚ ਅਮਲੀ ਵਰਤੋਂ ਵਿਚ ਆਉਣ ਵਾਲਾ ਅਗੇ-ਵਧੂ ਰਾਜਸੀ ਆਦਰਸ਼ ਸਮਝਿਆ ਜਾਂਦਾ ਸੀ ...... 'ਗਦਰ ਪਾਰਟੀ ਲਹਿਰ' ਨਾ ਕੇਵਲ ਆਪਣੇ ਜ਼ਮਾਨੇ ਮੁਤਾਬਕ ਹਿੰਦ ਵਿਚਲੀਆਂ ਸਭ ਜਥੇਬੰਦ ਰਾਜਸੀ ਲਹਿਰਾਂ ਤੋਂ ਅਗੇ-ਵਧੂ ਸੀ, ਸਗੋਂ ਇਸ ਤੋਂ ਪਿਛੋਂ ਚਲੀਆਂ ਕਈ ਕੌਮੀ ਰਾਜਸੀ ਲਹਿਰਾਂ ਦੇ ਮੁਕਾਬਲੇ ਵੀ।[6]

ਨਿਸ਼ਚੇ ਹੀ ਇਸ 'ਅਗੇ ਵਧੂ ਲਹਿਰ' ਨੂੰ ਆਪਣੇ ਨਾਵਲਾਂ ਰਾਹੀਂ ਪੁਨਰ ਸੁਰਜੀਤ ਕਰਨ ਵਾਲਾ ਲੇਖਕ ਅਗਾਂਹ-ਵਧੂ ਅਖਵਾਉਣ ਦਾ ਹੱਕਦਾਰ ਹੈ। ਇਸੇ ਲਈ ਉਸ ਨੇ ਦੇਸ਼ ਦੇ ਉਸ ਇਤਿਹਾਸ ਨੂੰ ਵਿਸ਼ਾ ਬਣਾਇਆ ਹੈ; ਜੋ ਨਾ ਕੇਵਲ ਲੋਕਾਂ ਦਾ ਇਤਿਹਾਸ ਹੈ ਸਗੋਂ ਉਨ੍ਹਾਂ ਲੋਕਾਂ ਦਾ ਇਤਿਹਾਸ ਹੈ ਜੋ "ਆਪਣੇ ਤੇ ਆਪਣੇ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਸੀਸ ਨੂੰ ਤਲੀ ਉਤੇ ਧਰੀ ਫਿਰਦੇ ਹਨ।" ਇਸ ਲਈ ਕੇਸਰ ਸਿੰਘ ਨਿਰਾ ਮਾਨਵਵਾਦ ਦਾ ਹੀ ਨਹੀਂ ਸਗੋਂ 'ਜੁਝਾਰ ਮਾਨਵਵਾਦ' ਦਾ ਨਾਵਲਕਾਰ ਹੈ, ਕਿਉਂਕਿ ਉਹ ਉਨ੍ਹਾਂ ਮਾਨਵਾਂ ਦੀ ਗੱਲ ਕਰਦਾ ਹੈ ਜਿਹੜੇ ਮਨੁੱਖ ਮਾਤਰ ਦੀ ਰਖਿਆ ਲਈ ਸਿਰ ਧੜ ਦੀ ਬਾਜ਼ੀ ਲਾਉਣ ਤੋਂ ਗੁਰੇਜ਼ ਨਹੀਂ ਕਰਦੇ। ਬੇਸ਼ਕ ਉਹ 'ਦਲਿਤ ਨਿਮਾਣੇ ਤੇ ਨਿਤਾਣੇ' ਲੋਕ ਹਨ, ਪਰ ਨਾਵਲਕਾਰ ਨੇ ਉਨ੍ਹਾਂ ਦੀ ਕਮਜ਼ੋਰੀ ਨੂੰ ਨਹੀਂ ਸਗੋਂ ਉਨ੍ਹਾਂ ਦੇ ਉਸ ਜੁਝਾਰੂ ਆਪੇ ਨੂੰ ਪੇਸ਼ ਕੀਤਾ ਹੈ ਜਿਹੜਾ ਉਨ੍ਹਾਂ ਦੇ ਮਨੁੱਖ ਹੋਣ ਦਾ ਗਵਾਹ ਹੈ। ਕੇਸਰ ਸਿੰਘ ਦਾ ਮਾਨਵਵਾਦ ਗਾਂਧੀ ਜੀ ਦਾ 'ਸ਼ਾਂਤੀਵਾਦ' ਨਹੀਂ, ਜਿਹੜਾ ਅੰਗਰੇਜ਼ੀ ਸਰਕਾਰ ਦੇ ਤਸ਼ੱਦਦ ਹੇਠ ਨਪੀੜੀ ਜਾ ਰਹੀ ਭਾਰਤੀ ਵਸੋਂ ਦੇ ਇਕ ਹਿੱਸੇ ਨੂੰ ਕੁਝ ਕੁ ਰਿਆਇਤਾਂ ਲੈ ਕੇ ਦੇਣ ਬਦਲੇ ਬਰਤਾਨਵੀ ਸਾਮਰਾਜ ਦੀ ਧਿਰ ਬਣ ਕੇ, ਸ਼ਾਂਤੀਵਾਦ ਦੇ ਸਾਰੇ ਅਸੂਲ ਛਿੱਕੇ ਟੰਗ ਕੇ ਲੋਕਾਂ ਨੂੰ ਅੰਗਰੇਜ਼ੀ ਫੌਜ ਵਿਚ ਭਰਤੀ ਹੋਣ ਦੀ ਪ੍ਰੇਰਨਾ ਦੇਣ ਤੇ ਸਾਮਰਾਜੀ ਜੰਗ ਦੀ ਭੱਠੀ ਵਿਚ ਝੋਂਕਣ ਦਾ ਸ਼ਰਮਨਾਕ ਕਾਰਾ ਕਰਨੋਂ ਵੀ ਨਹੀਂ ਝਿਜਕਿਆ, ਸਗੋਂ ਕੇਸਰ ਸਿੰਘ ਲੋਕ-ਮਿਤਰ ਤੇ ਲੋਕ-ਦੁਸ਼ਮਣ ਨੂੰ ਬਖੂਬੀ ਪਛਾਣਦਾ ਹੈ ਤੇ ਉਸ ਦਾ ਸਾਰਾ ਯਤਨ ਇਸ ਲੋਕ-ਦੁਸ਼ਮਣ ਨੂੰ ਨੰਗਾ ਕਰਨ ਦਾ ਹੈ। ਇਹ ਲੋਕ ਦੁਸ਼ਮਣ ਕਿਤੇ ਬਰਤਾਨਵੀ ਸਾਮਰਾਜ ਦਾ ਕੋਈ ਹਾਪਕਿਨਸਨ, ਕਰਜ਼ਨ ਵਾਇਲੀ ਤੇ ਮਾਈਕਲ ਉਡਵਾਇਰ ਵਰਗਾ ਚਲਾਕ, ਖੁਦਗਰਜ਼ ਤੇ ਹੰਕਾਰਿਆ ਹੋਇਆ ਕੋਈ ਅਧਿਕਾਰੀ ਹੈ, ਕਿਤੇ ਅਮਰੀਕਾ ਤੇ ਕੈਨੇਡਾ ਦਾ ਕੋਈ ਸਰਮਾਏਦਾਰ, ਕਿਤੇ 'ਖੋਪੜੀ ਦੇ ਅੰਦਰਵਾਰ ਉਗੇ ਸਿੰਗਾਂ' ਵਾਲਾ ਸਾਮਰਾਜੀ ਫੌਜ ਦਾ ਕੋਈ ਲੈਫਟੀਨੈਂਟ ਤੇ ਕਿਤੇ ਜੋਧ ਸਿੰਘ, ਬੇਲਾ ਸਿੰਘ ਤੇ ਰਾਮ ਚੰਦ ਵਰਗਾ ਕੋਈ ਗਦਾਰ। ਇਸੇ ਲਈ ਕੇਸਰ ਸਿੰਘ ਨੇ ਪੰਜਾਬੀ ਦੇ ਦੂਜੇ ਇਤਿਹਾਸਕਾਰਾਂ ਵਾਂਗ ਪੰਜਾਬ ਜਾਂ ਭਾਰਤ ਦੇ ਕਿਸੇ ਧਰਮ ਜਾਂ ਫਿਰਕੇ ਦੇ ਇਤਿਹਾਸ ਨੂੰ ਆਪਣਾ ਵਿਸ਼ਾ ਨਹੀਂ ਬਣਾਇਆ, ਸਗੋਂ ਇਕ ਗੈਰ-ਫਿਰਕੂ ਕੌਮੀ ਲਹਿਰ ਦੇ ਇਤਿਹਾਸ ਨੂੰ ਪੇਸ਼ ਕਰਕੇ ਆਪਣੇ ਲੋਕ-ਪੱਖੀ ਮਾਨਵਵਾਦੀ ਲੇਖਕ ਹੋਣ ਦਾ ਸਬੂਤ ਦਿੱਤਾ ਹੈ। ਉਹ ਦਲਿਤ, ਨਿਮਾਣੇ ਤੇ ਨਿਤਾਣੇ ਲੋਕਾਂ ਦੀ ਮਹਾਨਤਾ, ਸ੍ਵੈਮਾਣ ਤੇ ਤਾਣ ਨੂੰ ਪੇਸ਼ ਕਰਨ ਵਾਲਾ ਅਜਿਹਾ ਲੇਖਕ ਹੈ ਜਿਹੜਾ 'ਲਘੂ ਮਾਨਵ' ਦੀ 'ਜੁਗ ਪਲਟਾਊ ਮਹਾਨਤਾ' ਨੂੰ ਸਾਕਾਰ ਕਰਨ ਦੇ ਸਮਰਥ ਹੈ।

ਭਾਵੇਂ ਇਹ ਵੀ ਠੀਕ ਹੈ ਕਿ ਕੇਸਰ ਸਿੰਘ ਇਤਿਹਾਸਕ ਯਥਾਰਥ ਨੂੰ ਪੇਸ਼ ਕਰਨ ਵਾਲਾ ਇਕ ਅਜਿਹਾ ਲੇਖਕ ਹੈ ਜਿਸ ਨੂੰ ਭਾਰਤੀ ਇਤਿਹਾਸ ਵਿਚੋਂ ਬਣੀਆਂ ਬਣਾਈਆਂ ਅਜਿਹੀਆਂ ਪਰਿਸਥਿਤੀਆਂ ਉਪਲਭਦ ਹੋ ਗਈਆਂ ਜੋ ਸਾਮਰਾਜੀ ਜਬਰ ਵਿਰੁਧ ਮਨੁੱਖੀ ਘੋਲ ਦੀ ਸ਼ਾਨਦਾਰ ਮਿਸਾਲ ਹਨ। ਇਹ ਪਰਿਸਥਿਤੀਆਂ ਉਸ ਨੇ ਆਪ ਨਹੀਂ ਸਿਰਜੀਆਂ ਪਰ ਕਿਸੇ ਵੀ ਇਤਿਹਾਸਕ ਲਹਿਰ ਦੀ ਇਨਕਲਾਬੀ ਸਪਿਰਟ ਨੂੰ ਸਮਝ ਕੇ ਉਸ ਨਾਲ ਨਿਆਂ ਕਰ ਸਕਣਾ ਵੀ ਵੱਡੇ ਲੇਖਕ ਦੀ ਹੀ ਪਛਾਣ ਹੁੰਦੀ ਹੈ। ਉਸ ਨੇ ਆਪਣੇ ਨਾਵਲਾਂ ਵਿਚ ਬਦੇਸ਼ੀ ਭਾਰਤੀਆਂ ਦੇ ਸਮਾਜਕ ਭਾਈਚਾਰਕ ਤੇ ਰਾਜਨੀਤਕ ਜੀਵਨ ਤੇ ਇਸ ਜੀਵਨ ਦੀ ਬਿਹਤਰੀ ਲਈ ਕੀਤੇ ਇਤਿਹਾਸਕ ਘੋਲ ਨੂੰ ਅਜਿਹੀ ਭਰਪੂਰਤਾ ਵਿਚ ਪੇਸ਼ ਕੀਤਾ ਹੈ ਕਿ ਕੇਸਰ ਸਿੰਘ ਰਚਨਾਵਲੀ ਦੀ ਅੰਤਰਰਾਸ਼ਟਰੀ ਮਹੱਤਤਾ (ਗਦਰ ਲਹਿਰ ਵਾਂਗ) ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।

ਕੇਸਰ ਸਿੰਘ ਦੀ ਇਤਿਹਾਸ-ਦ੍ਰਿਸ਼ਟੀ ਧਰਮ-ਨਿਰਪੇਖ ਹੈ ਤੇ ਇਤਿਹਾਸ ਦੀ ਪੇਸ਼ਕਾਰੀ ਦੀ ਵਿਧੀ ਵਿਗਿਆਨਕ। ਉਹ ਦੂਜੇ ਪੰਜਾਬੀ ਲੇਖਕਾਂ ਵਾਂਗ ਇਤਿਹਾਸ ਅਤੇ ਲੋਕ-ਕਥਾਵਾਂ ਤੇ ਮਿਥਕ ਘਟਨਾਵਾਂ ਨੂੰ ਰਲਗੱਡ ਨਹੀਂ ਕਰਦਾ (ਜਿਵੇਂ ਹਰਨਾਮ ਦਾਸ ਸਹਿਰਾਈ ਦੇ ਸਿੱਖ ਧਰਮ ਤੇ ਸਿੱਖ ਗੁਰੂਆਂ ਦੇ ਜੀਵਨ ਨਾਲ ਸੰਬੰਧਤ ਨਾਵਲਾਂ ਵਿਚ ਕੀਤਾ ਗਿਆ ਹੈ)। ਉਹ ਇਤਿਹਾਸ ਨੂੰ ਇਕ ਪ੍ਰਕਿਰਿਆ ਦੇ ਰੂਪ ਵਿਚ ਦੇਖਦਾ ਹੈ। ਇਤਿਹਾਸ ਉਸ ਲਈ ਇਕ ਮਾਡਲ ਨਹੀਂ

(ਬਾਕੀ ਪੰਨਾ 29 'ਤੇ)

The Manitoba Mirror

ਮੈਨੀਟੋਬਾ ਦਰਪਣ

BRAR NATURAL FLOUR MILLS

ਵਧੀਆ ਮੱਕੀ ਪੀਸਣ ਵਾਲੀਆਂ ਅਤੇ
ਵਧੀਆ ਵੇਸਣ ਪੀਸਣ ਵਾਲੀਆਂ ਚੱਕੀਆਂ
ਨਵੀਆਂ ਲੱਗ ਰਹੀਆਂ ਹਨ

— ਸ਼ੇਰੇ-ਪੰਜਾਬ ਡੂਰਮ ਕਣਕ ਦਾ ਆਟਾ —

ਚਾਹੇ ਰੋਟੀਆਂ ਪਕਾਓ ਜਾਂ ਪੂਰੀਆਂ ਬਣਾਓ

ਫ਼ੋਨ : 204-632-5360

ਗਰੌਸਰੀ ਦੀਆਂ ਸਾਰੀਆਂ ਵਸਤਾਂ ਵਾਜਬ ਭਾਅ 'ਤੇ

ਮੂਵੀਆਂ — ਟੇਪਾਂ ਵੀ ਇਥੋਂ ਮਿਲਦੀਆਂ ਹਨ

Ph. 775-6989

830 - NOTRE DAME AVE. WINNIPEG, MAN.

ਵਿੰਨੀਪੈਗ ਵਿਚ ਹਰ ਪ੍ਰਕਾਰ ਦੀ ਪ੍ਰਾਪਰਟੀ ਖ਼੍ਰੀਦਣ ਜਾਂ ਵੇਚਣ ਲਈ

ਮਿੱਤਰਤਾ ਭਰੀ, ਈਮਾਨਦਾਰ ਅਤੇ ਤਜਰਬੇਕਾਰ ਸਲਾਹ ਲਈ




ਅਵਤਾਰ ਟਿਵਾਣਾ ਨੂੰ ਮਿਲੋ ਜਾਂ ਫੋਨ ਕਰੋ :

Ph. Off: (204) 694-5000

Res: 694-3198

Pager 942-7788 #02284



Sales Representative

REMAX REALTY


10 - 2230 McPhillps St., Winnipeg, MB R2V 3C8



ਵੀਡੀਓ ਮੂਵੀਆਂ ਵੀ ਇੱਥੋਂ ਲੈ ਸਕਦੇ ਹੋ

ਵਿੰਨੀਪੈਗ ਵਿਚ ਕੱਪੜੇ ਤੇ ਗਹਿਣਿਆਂ ਦੀ ਦੁਕਾਨ

ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ




ਦਾਜ-ਵਰੀ ਦੇ ਗਹਿਣੇ ਇਕੋ ਹੀ ਥਾਂ ਤੋਂ ਬਣਵਾਓ

ਆਪਣੇ ਮਨਪਸੰਦ ਦੇ ਗਹਿਣੇ ਬਨਵਾਉਣ ਲਈ ਵੀ

ਕੋਹਿਨੂਰ ਜਿਊਲਰਜ਼ ਅਤੇ ਫੈਬਰਿਕ ਸੈਂਟਰ ਤੇ ਪਹੁੰਚੋ





ਵੰਨ ਸਵੰਨੇ ਸੂਟ ਤੇ ਸਾੜ੍ਹੀਆਂ ਦੀ ਚੋਣ ਅਤੇ ਦਾਜ-ਵਰੀ ਲਈ ਯਾਦ ਰੱਖੋ

ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ

ਵਧੀਆ ਕੁਆਲਿਟੀ, ਵਾਜਬ ਕੀਮਤਾਂ, ਦੋਸਤਾਨਾ ਵਰਤਾਓ ਅਤੇ ਤਸੱਲੀਬਖ਼ਸ਼ ਚੀਜ਼ਾਂ ਮਿਲਦੀਆਂ ਹਨ

Kohinoor Jewellers & Fabric Centre

New Location — 724 - Sargent Ave., Winnipeg, MAN.

Ph. Bus. 772-3937

Res. 633-6567


REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ



Automotive Repairs — Alignment and Wheel Balancing

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



PH. 582-7138

600 - Redwood Ave. WINNIPEG, MAN.

ਹਾਸ ਵਿਅੰਗ



ਇਕ ਚੋਰ ਨਾਲ ਮੁਲਾਕਾਤ

—ਮਨੋਜ ਸੇਖੋਂ ਚਿੱਤਰਕਾਰ

ਸਾਨੂੰ ਇੰਜ ਮਹਿਸੂਸ ਹੁੰਦਾ ਹੈ ਕਿ ਜਿਵੇਂ ਪਿਛਲੇ ਸਮਿਆਂ ਵਿਚ ਚੋਰ ਕੁਝ ਜ਼ਿਆਦਾ ਕਾਲੇ ਹੁੰਦੇ ਸਨ। ਸ਼ਾਇਦ ਇਸ ਲਈ ਇਹ ਟੂਕਾਂ ਮਸ਼ਹੂਰ ਹੋਈਆਂ ਹਨ :

ਨਾਨੀ ਤੇਰੀ ਮੋਰਨੀ ਕੋ ਮੋਰ ਲੈ ਗਏ,
ਬਾਕੀ ਕੁਛ ਬਚਾ ਤੋਂ ਕਾਲੇ ਚੋਰ ਲੈ ਗਏ।

ਉਂਜ ਹੋ ਸਕਦਾ ਹੈ ਉਹਨਾਂ ਜ਼ਮਾਨਿਆਂ ਵਿਚ ਚੋਰਾਂ ਨੂੰ ਕਮਾਈ ਘੱਟ ਹੋਵੇ—ਮਰ ਕੇ ਅੱਜ ਕਲ੍ਹ ਦੇ ਸ਼ਰੀਫਾਂ ਵਾਂਗ ਰੋਟੀ ਹੀ ਪੂਰੀ ਪੈਂਦੀ ਹੋਵੇ, ਪਰ ਹੁਣ ਜ਼ਮਾਨਾ ਬਦਲ ਗਿਆ ਹੈ। ਅੱਜ ਕਲ੍ਹ ਚੋਰਾਂ ਦੀ ਪਛਾਣ ਕਰਨੀ ਖਾਲਾ ਜੀ ਦਾ ਵਾੜਾ ਨਹੀਂ।

ਚੋਰਾਂ ਦੀਆਂ ਵੀ ਕਈ ਕਿਸਮਾਂ ਹੁੰਦੀਆਂ ਹਨ। ਜਿਵੇਂ ਦੁਕਾਨਾਂ ਤੇ ਘਰਾਂ ਦੀਆਂ ਚੀਜ਼ਾਂ ਚੁੱਕਣ ਵਾਲੇ ਧਾਰਮਿਕ ਜਾਂ ਕਿਸੇ ਇਕੱਠ ਤੋਂ ਜੁੱਤੀਆਂ ਚੁੱਕ ਕੇ ਨੱਸਣ ਵਾਲੇ। ਕਿਸੇ ਨੇ ਐਵੇਂ ਤਾਂ ਨਹੀਂ ਕਿਹਾ ਕਿ ਚੋਰ ਲੱਖ ਦਾ ਵੀ ਤੇ ਕੱਖ ਦਾ ਵੀ। ਪਰ ਕੁਝ ਚੋਰ ਸ਼ਰੀਫ ਤੇ ਈਮਾਨਦਾਰ ਵੀ ਹੁੰਦੇ ਹਨ। ਸਾਨੂੰ ਯਾਦ ਹੈ — ਜਦੋਂ ਅਸੀਂ ਰਾਜਸਥਾਨ ਟਰੱਕ ਵਿਚ ਬੈਠ ਕੇ ਸਫਰ ਕਰ ਰਹੇ ਸਾਂ ਕਿ ਅਚਾਨਕ ਰਾਤ ਨੂੰ ਟਰੱਕ ਦਾ ਟਾਇਰ ਸੁੰਨਸਾਨ ਥਾਂ ਤੇ ਪੰਕਚਰ ਹੋ ਗਿਆ। ਆਸੇ ਪਾਸੇ ਕੋਈ ਵੀ ਬੰਦਾ ਨਹੀਂ ਸੀ ਦਿਸ ਰਿਹਾ, ਜਿਸ ਕਾਰਨ ਅਸੀਂ ਚੋਰੀ ਹੋਣ ਦਾ ਡਰ ਮਹਿਸੂਸ ਨਾ ਕੀਤਾ, ਤੇ ਚੌਲਾਂ ਦੀਆਂ ਬੋਰੀਆਂ ਉਤੇ ਘੋੜੇ ਵੇਚ ਕੇ ਸੌਂ ਗਏ।

ਅੱਖਾਂ ਮਲਦੇ ਜਦੋਂ ਸਵੇਰੇ ਉਠੇ ਤਾਂ ਵੇਖਿਆ ਕਿ ਡਾਲੇ ਉਤੋਂ ਰੱਸਾ ਕੱਟਿਆ ਪਿਆ ਸੀ। ਛੇ ਬੋਰੀਆਂ ਵੀ ਘੱਟ ਸਨ। ਬਾਅਦ ਵਿਚ ਲੋਕਾਂ ਕੋਲੋਂ ਪਤਾ ਲੱਗਿਆ ਕਿ ਇਸ ਥਾਂ ਤੇ ਛੇ ਚੋਰ ਆਉਂਦੇ ਹਨ ਤੇ ਛੇ ਬੋਰੀਆਂ ਹੀ ਚੁਕ ਕੇ ਲਿਜਾਂਦੇ ਹਨ — ਬਿਲਕੁਲ ਈਮਾਨਦਾਰੀ ਨਾਲ।

ਪਰ ਕੁਝ ਚੋਰ ਅਜਿਹੇ ਵੀ ਹੁੰਦੇ ਹਨ, ਜੋ ਮੌਕਾ ਮਿਲਣ ਤੇ ਚੋਰੀ ਕਰਦੇ ਹਨ, ਜੇ ਚੱਲ ਗਿਆ ਤੀਰ, ਜੇ ਨਾ ਚਲਿਆ ਤੁਕ ਸਹੀ।

ਅਜੇ ਕੁਝ ਦਿਨ ਹੀ ਹੋਏ ਹਨ, ਮੈਂ ਤੇ ਮੇਰਾ ਲੰਗੋਟੀਆ ਯਾਰ ਤਰਨਤਾਰਨ ਤੋਂ ਅੰਮ੍ਰਿਤਸਰ ਇਕ ਪ੍ਰਾਈਵੇਟ ਬੱਸ ਵਿਚ ਜਾ ਰਹੇ ਸੀ। ਅਚਾਨਕ ਸਾਡੀ ਨਾਲ ਵਾਲੀ ਸੀਟ ਤੇ ਬੈਠੇ ਇਕ ਮੁੰਡੇ ਨਾਲ ਕੰਡਕਟਰ ਉਚਾ ਨੀਵਾਂ ਹੋ ਗਿਆ। ਮੁੰਡਾ ਕਹੇ ਕਿ ਮੈਂ ਤੈਨੂੰ ਵੀਹ ਰੁਪਏ ਦਿੱਤੇ ਹਨ ਤੇ ਕੰਡਕਟਰ ਕਹੇ ਤੂੰ ਫੜਾਏ ਈ ਨਹੀਂ। ਇੰਨੇ ਨੂੰ ਮੇਰੇ ਦੋਸਤ ਨੇ ਇਸ਼ਾਰਾ ਕੀਤਾ ਕਿ ਵੇਖੀਂ ਤਮਾਸ਼ਾ—ਮੈਂ ਅਜੇ ਸਮਝ ਵੀ ਨਾ ਸਕਿਆ ਕਿ ਕੰਡਕਟਰ ਮੇਰੇ ਦੋਸਤ ਵੱਲ ਵੇਖ ਕੇ ਬੋਲਿਆ—'ਹੈ ਹੈਰਾਨੀ ਦੀ ਗੱਲ ਮੈਂ ਆਪ ਮੋੜੇ...' ਮੇਰਾ ਦੋਸਤ ਕੰਡਕਟਰ ਦੀ ਗੱਲ ਵਿਚੋਂ ਕੱਟਦਾ ਬੋਲਿਆ, 'ਜਵਾਨਾ ਇਹਦਾ ਤਾਂ ਸਾਨੂੰ ਪਤਾ ਨਹੀਂ, ਪਰ ਜਿਹੜੇ ਸਾਨੂੰ ਦਸ ਰੁਪਏ ਮੋੜਨੇ ਈ ਉਹ ਨਾ ਭੁੱਲ ਜਾਵੀਂ।' ਕੰਡਕਟਰ ਦੁਚਿੱਤ ਵਿਚ ਪਿਆ ਬੋਲਿਆ, 'ਨਹੀਂ ਬਈ ਤੁਹਾਡਾ ਨੋਟ ਨੀ ਮੈਂ ਭੁੱਲਦਾ।' ਤੇ ਉਸ ਨੇ ਦਸਾਂ ਦਾ ਨੋਟ ਸਾਨੂੰ ਫੜਾ ਦਿੱਤਾ। ਸਾਡਾ ਹਾਸਾ ਬੰਦ ਨਹੀਂ ਸੀ ਹੋ ਰਿਹਾ। ਦੋਵਾਂ ਵਿਚ ਸੱਚਾ ਕੌਣ ਸੀ — ਇਹ ਤਾਂ ਅਸੀਂ ਜਾਣ ਨਾ ਸਕੇ, ਪਰ ਸਾਡਾ ਦੋਸਤ ਮੌਕੇ ਦਾ ਲਾਭ ਜ਼ਰੂਰ ਉਠਾ ਚੁੱਕਿਆ ਸੀ ਤੇ ਫਿਲਮ ਵੇਖਣ ਦਾ ਪ੍ਰੋਗਰਾਮ ਬਣ ਚੁਕਿਆ ਸੀ।

ਅਸੀਂ ਸਿਨੇਮਾ ਪਹੁੰਚੇ ਤਾਂ 'ਹਾਊਸ ਫੁੱਲ' ਦਾ ਬੋਰਡ ਖਿੜਕੀ ਅੱਗੇ ਟੰਗਿਆ ਪਿਆ ਸੀ, ਪਰ ਟਿਕਟਾਂ ਬਲੈਕ ਵਿਕ ਰਹੀਆਂ ਸਨ। ਹਰਾਮ ਦੇ ਪੈਸੇ ਹੋਣ ਕਰਕੇ ਟਿਕਟਾਂ ਮਹਿੰਗੀਆਂ ਵੀ ਨਾ ਦੁਖੀਆਂ। ਅਸੀਂ ਬਲੈਕੀਏ ਕੋਲੋਂ ਦੋ ਟਿਕਟਾਂ ਮੰਗੀਆਂ। ਉਹਨੇ ਪੈਸੇ ਫੜ ਲਏ ਤੇ ਬੋਲਿਆਂ, "ਮੈਂ ਹੁਣੇ ਅੰਦਰੋਂ ਲਿਆਇਆ', ਫਿਲਮ ਚਲ ਪਈ। ਅਸੀਂ ਉਡੀਕਦੇ ਰਹੇ। ਇੰਟਰਵਲ ਵੀ ਹੋ ਗਿਆ, ਪਰ ਬਲੈਕੀਏ ਬਾਬੂ ਨਾ ਨਜ਼ਰੀਂ ਪਏ। ਸੋ ਚੋਰਾਂ ਨੂੰ ਕਦੀ-ਕਦੀ ਮੋਰ ਵੀ ਪੈ ਜਾਂਦੇ ਹਨ।

ਅੱਜ ਜਿਥੇ ਵਿਗਿਆਨ ਨੇ ਐਨੀ ਤਰੱਕੀ ਕੀਤੀ ਹੈ, ਉਥੇ ਚੋਰ ਵੀ ਕਿਸੇ ਤੋਂ ਘੱਟ ਨਹੀਂ ਰਹੇ। ਪਿਛਲੇ ਜ਼ਮਾਨੇ ਵਿਚ ਚੋਰਾਂ ਦੇ ਪੈਰ ਨਾ ਜੁੱਤੀ ਹੁੰਦੀ ਸੀ ਤੇ ਨਾ ਗਲ ਵਿਚ ਕੁਰਤਾ, ਉਹ ਹਨੇਰੀ ਰਾਤ ਦੀ ਇੰਤਜ਼ਾਰ ਕਰਦੇ ਰਹਿੰਦੇ ਸਨ।

ਪਰ ਅਜੋਕੇ ਸਮੇਂ ਦੇ ਚੋਰ ਬਿਨਾਂ ਕਿਸੇ ਰਾਤ ਨੂੰ ਉਡੀਕਿਆਂ ਜਾਦੂਗਰਾਂ ਵਾਂਗ ਹੱਥਾਂ ਵਿਚ ਬੰਦੂਕਾਂ ਫੜੀ ਮਾਰੂਤੀ ਕਾਰ ਵਿਚ ਆਉਂਦੇ ਹਨ। ਕਾਰ ਪਾਰਕਿੰਗ ਕਰਦੇ ਹਨ ਤੇ ਗੇਟ ਖੁਲ੍ਹਾ ਕੇ ਵਰਦੀਆਂ ਵਾਲਿਆਂ ਨੂੰ ਠਾਹ-ਠੂਹ ਕਰਕੇ ਰੁਪਈਆਂ ਨਾਲ ਖਚਾਖਚ ਭਰੀਆਂ ਬੋਰੀਆਂ ਲੈ ਕੇ ਰਫੂ ਚੱਕਰ ਹੋ ਜਾਂਦੇ ਹਨ।

ਚੋਰਾਂ ਦੇ ਅਜਿਹੇ ਸਨਸਨੀਖੇਜ਼ ਕਾਰਨਾਮਿਆਂ ਤੋਂ ਪ੍ਰਭਾਵਿਤ ਹੋ ਕੇ ਅਸੀਂ ਵੀ ਕਿਸੇ ਚੋਰ ਦਾ ਇੰਟਰਵਿਊ ਅਖਬਾਰ ਲਈ ਪ੍ਰਕਾਸ਼ਿਤ ਕਰਨ ਬਾਰੇ ਸੋਚਿਆ। ਉਂਜ ਵੀ ਹਰ ਲੇਖਕ, ਪੱਤਰਕਾਰ, ਕਿਸੇ ਮਹਾਨ ਨੇਤਾ ਜਾਂ ਕਿਸੇ ਫਿਰਕੇ ਦੇ ਮਹਾਨ ਆਗੂ ਦੀ ਇੰਟਰਵਿਊ ਕਰਨ ਦੀ ਦੌੜ ਵਿਚ ਹੈ। ਅਸੀਂ ਸੋਚਿਆ ਜੇ ਲੋਕ ਹਾਰੇ ਹੋਏ ਬੰਸੀ ਲਾਲ ਨਾਲ ਇੰਟਰਵਿਊ ਕਰ ਸਕਦੇ ਹਨ, ਜਿੱਤੇ ਹੋਏ ਦੇਵੀ ਲਾਲ ਦੀ ਇੰਟਰਵਿਊ ਕਰ ਸਕਦੇ ਹਨ, ਫਿਲਮੀ ਹੀਰੋ ਜਾਂ ਕਿਸੇ ਫਿਲਮੀ ਵਿਲੇਨ ਨਾਲ ਇੰਟਰਵਿਊ ਕਰ ਸਕਦੇ ਹਨ ਤਾਂ ਫਿਰ ਅਸੀਂ ਕਿਉਂ ਪਿਛੇ ਰਹੀਏ? ਸੋ ਬਹੁਤ ਸੋਚ ਵਿਚਾਰ ਮਗਰੋਂ ਅਸੀਂ ਚੋਰ ਦੀ ਇੰਟਰਵਿਊ ਕਰਨੀ ਹੀ ਲਾਹੇਵੰਦ ਸਮਝੀ। ਉਂਜ ਵੀ ਕਿਸੇ ਨੇ ਇਹ ਟੌਪਿਕ ਨਹੀਂ ਸੀ ਛੋਹਿਆ। ਵੈਸੇ ਜੇ ਸਾਡੇ ਸ੍ਰੀਮਤੀ ਜੀ ਸਹਿਮਤ ਹੋ ਜਾਂਦੇ ਤਾਂ ਅਸੀਂ ਖੁਦ ਰਾਮ ਸਰੂਪ ਅਣਖੀ ਵਾਂਗ ਇੰਟਰਵਿਊ ਕਰਦੇ, ਪਰ ਸ਼ੇਰਨੀ ਦੀ ਪੂਛ ਨੂੰ ਹੱਥ ਲਾ ਕੇ ਜਾਂਦੇ ਕਿਥੇ? ਸੋ ਚੋਰ ਹੀ ਠੀਕ ਜਾਪਿਆ। ਪਰ ਮਸਲਾ ਹੁਣ ਇਹ ਅੜ ਰਿਹਾ ਸੀ ਕਿ ਚੋਰ ਨਾਲ ਇੰਟਰਵਿਊ ਕੀਤੀ ਜਾਏ। ਚੋਰ ਤਾਂ ਕਦੇ ਖੁਦ ਨੂੰ ਚੋਰ ਨਹੀਂ ਕਹੇਗਾ। ਉਂਜ ਜੇ ਰੰਗੇ ਹੱਥੀਂ ਫੜਿਆ ਜਾਏ ਤਾਂ ਤੇ ਨਹੀਂ ਮੁਕਰਿਆ ਜਾ ਸਕਦਾ, ਨਾਲੇ ਅਸੀਂ ਕਿਹੜੀ ਪੁਲਿਸ ਹਾਂ।

ਸੋ ਰਾਤ ਬਾਰਾਂ ਵਜੇ ਦਾ ਅਲਾਰਮ ਲਾ ਅਸੀਂ ਉਠ ਕੇ ਇਕ ਮੰਨੇ ਪ੍ਰਮੰਨੇ ਚੋਰ ਦੇ ਘਰ ਬਾਹਰ ਜਾ ਬੈਠੇ। ਕੋਈ ਅੱਧੇ ਘੰਟੇ ਬਾਅਦ ਅਸੀਂ ਮਕਾਨ ਅੰਦਰ ਝਾਕਿਆ ਤਾਂ ਚੋਰ ਉਠ ਚੁਕਾ ਸੀ। ਬੁਰਸ਼ ਕਰ, ਉਹ ਬੜੇ ਆਰਾਮ ਨਾਲ ਨਲਕੇ ਥੱਲੇ ਬੈਠ ਇਸ਼ਨਾਨ ਕਰਨ ਲੱਗਾ। ਧੂਫ ਧੁਖਾਈ, ਚਾਹ ਬਣਾਈ, ਕੱਪੜੇ ਇਸਤਰੀ ਕਰਕੇ ਪਾ ਲਏ। ਸੈਂਟ-ਸੂਟ ਲਾ ਉਹ ਅਮਿਤਾਬ ਬਚਨ ਦਾ ਬਦਲ ਜਾਪ ਰਿਹਾ ਸੀ। ਅਸੀਂ ਹੈਰਾਨ ਸਾਂ ਕਿ ਚੋਰੀ ਕਰਨ ਲੱਗਿਆਂ ਐਨਾ ਧੜੱਲੇਦਾਰ ਫੈਸ਼ਨ ਤੇ ਇਕ ਅਸੀਂ ਸਾਂ ਕਿ ਜਦੋਂ ਸ੍ਰੀਮਤੀ ਜੀ ਨੂੰ ਵੇਖਣ ਦਾ ਜ਼ਿੰਦਗੀ ਵਿਚ ਇਕੋ-ਇਕ ਗੋਲਡਨ ਚਾਂਸ ਮਿਲਿਆ ਸੀ ਤਾਂ ਵੀ ਐਨਾ ਫੈਸ਼ਨ ਨਾ ਕਰ ਸਕੇ, ਸ਼ਾਇਦ ਇਸੇ ਕਾਰਨ ਹੀ ਸਾਨੂੰ ਪਤਨੀ ਵੀ ਡੱਬ-ਖੜੱਬੀ ਮਿਲੀ ਹੈ।

ਸਾਡੀ ਸੋਚ ਦੀ ਲੜੀ ਇਕ ਦਮ ਥੱਲੇ ਡਿੱਗ ਕੇ ਉਦੋਂ ਚਕਨਾਚੂਰ ਹੋ ਗਈ, ਜਦੋਂ ਅਸੀਂ ਵੇਖਿਆ ਕਿ ਚੋਰ ਬਾਹਰ ਨਿਕਲ ਸੜਕ 'ਤੇ ਪਹੁੰਚ ਗਿਆ ਸੀ ਅਸੀਂ ਪਿੱਛਾ ਕਰਨ ਲੱਗੇ। ਉਹ ਇਕ ਸ਼ਾਨਦਾਰ ਕੋਠੀ ਅਗੇ ਜਾ ਰੁਕਿਆ। ਸੀਟੀ ਮਾਰੀ। ਅਸੀਂ ਕਿਸੇ ਸਨਸਨੀਖੇਜ਼ ਫਿਲਮ ਵਾਂਗ ਅੱਖਾਂ ਟੱਡੀ ਵੇਖੀ ਜਾ ਰਹੇ ਸਾਂ, ਕਿ ਇਕ ਖੂਬਸੂਰਤ ਲੜਕੀ ਬਾਹਰ ਆ ਉਸ ਨਾਲ ਲਿਪਟ ਗਈ। ਚੋਰ ਕੁਝ ਬੋਲਿਆ ਜੋ ਦੂਰ ਹੋਣ ਕਰਕੇ ਅਸੀਂ ਸੁਣ ਨਾ ਸਕੇ। ਪਰ ਹਾਂ, ਕੁਝ ਮਿੰਟਾਂ ਬਾਅਦ ਹੀ ਲੜਕੀ ਅੰਦਰੋਂ ਨੋਟ ਲਿਆਈ ਜੋ ਸਾਡੇ ਵੇਂਹਦਿਆਂ-ਵੇਂਹਦਿਆਂ ਹੀ ਚੋਰ ਦੀ ਜੇਬ ਵਿਚ ਸਮਾ ਗਏ, ਬਿਲਕੁਲ ਸਹਿਮਤੀ ਨਾਲ। ਵਿਛੜਦਿਆਂ ਲੜਕੀ ਉਸ ਨਾਲ ਇੰਜ ਚਿੰਬੜ ਗਈ, ਜਿਵੇਂ ਉਹ ਉਹਨੂੰ ਹਮੇਸ਼ਾਂ-ਹਮੇਸ਼ਾਂ ਲਈ ਛੱਡ ਕੇ ਦੂਰ ਜਾ ਰਿਹਾ ਹੋਵੇ। ਅਸੀਂ ਚੋਰ ਦੀ ਅਜਿਹੀ ਚਾਲ ਤੋਂ ਪ੍ਰਭਾਵਿਤ ਹੋਣੋਂ ਨਾ ਬਚ ਸਕੇ। ਬਚਪਨ ਦੀ ਇਕ ਕਹਾਵਤ ਸਾਡੇ ਕੰਨੀ ਗੂੰਜ ਉਠੀ।

ਜੇ ਦੁਸ਼ਮਣ ਗੁੜ ਖਾਧਿਆਂ ਮਰ ਜਾਏ ਤਾਂ ਜ਼ਹਿਰ ਦੇਣ ਦੀ ਕੀ ਜ਼ਰੂਰਤ ਹੈ ਜਾਂ ਫਿਰ 'ਸੱਪ ਵੀ ਮਰ ਗਿਆ ਤੇ ਸੋਟੀ ਵੀ ਸਹੀ ਸਲਾਮਤ ਰਹੀ।'

ਅਸੀਂ ਚੋਰ ਨੂੰ ਬਾਹਰ ਨਿਕਲਦਿਆਂ ਹੀ ਘੇਰ ਲਿਆ — 'ਹੂੰ, ਹੋ ਆਏ ਹੋ ਜਨਾਬ?' ਉਹ ਆਪਣੀ ਚੋਰੀ ਫੜੀ ਸਮਝ ਗਿਆ ਪਰ ਉਪਰੋਂ ਮੰਨ ਨਹੀਂ ਸੀ ਰਿਹਾ ਅਸੀਂ ਕਿਹਾ :—

ਜਨਾਬ, ਅਸੀਂ ਤਾਂ ਆਪ ਜੀ ਦੇ ਦੀਵਾਨੇ ਹਾਂ, ਪ੍ਰਸ਼ੰਸਕ ਹਾਂ। ਸਾਡੇ ਲਈ ਕੁਝ ਵਕਤ ਕੱਢੋ, ਅਸੀਂ ਆਪ ਜੀ ਦਾ ਇੰਟਰਵਿਊ ਅਖਬਾਰ ਦੇ ਮੁੱਖ ਪੰਨੇ ਤੇ ਛਪਵਾਉਣਾ ਚਾਹੁੰਦੇ ਹਾਂ।'

ਉਹ ਇੰਟਰਵਿਊ ਦੇ ਨਾਂ ਤੇ ਥੋੜ੍ਹਾ ਘਬਰਾਇਆ, ਪਰ ਅਖਬਾਰ ਦੇ ਮੁਖ ਪੰਨੇ ਤੇ ਛਪਣ ਦੀ ਖੁਸ਼ੀ ਜਿਵੇਂ ਉਹ ਛੁਪਾ ਨਾ ਸਕਿਆ, ਹੋ ਸਕਦਾ ਹੈ ਇਹ ਵੀ ਕਿਸੇ ਜ਼ਮਾਨੇ ਵਿਚ ਲੇਖਕ ਹੋਵੇ। ਉਪਰ ਥੱਲੇ ਰਚਨਾਵਾਂ ਵਾਪਸ ਵਾਪਸ ਆਉਣ ਤੇ ਇਹ ਖੇਤਰ ਛੱਡ ਗਿਆ ਹੋਵੇ। ਸੋ ਅਸੀਂ ਪਹਿਲੇ ਸਵਾਲ ਦੀ ਚੰਗਿਆੜੀ ਉਹਨਾਂ ਵੱਲ ਸੁੱਟੀ :—

ਸਵਾਲ — ਤੁਸੀਂ ਚੋਰੀ ਲਈ ਇਹੀ ਢੰਗ ਕਿਉਂ ਅਪਣਾਇਆ? ਮੇਰਾ ਮਤਲਬ ਉਸ ਲੜਕੀ ਤੋਂ ਸੀ।

ਜਵਾਬ — ਜੇ ਖੋਜੀ ਦੁਨੀਆਂ ਚੰਦ-ਤਾਰਿਆਂ ਤੀਕ ਪਹੁੰਚ ਸਕਦੀ ਹੈ ਤਾਂ ਅਸੀਂ ਖੂਬਸੂਰਤ ਲੜਕੀ ਜ਼ਰੀਏ, ਕੋਠੀ ਵਿਚ ਪਈ ਬੇਸ਼ੁਮਾਰ ਦੌਲਤ ਤੀਕ ਨਹੀਂ ਪਹੁੰਚ ਸਕਦੇ, ਨਾਲੇ ਇੰਜ ਪੁੰਨ-ਫਲੀਆਂ ਦੋਵੇਂ ਮਿਲਦੀਆਂ ਹਨ ਜੀ।

ਸਵਾਲ — ਲੋਕ ਕਹਾਵਤ ਹੈ ਕਿ 'ਚੋਰਾਂ ਦੇ ਕੱਪੜੇ ਡਾਂਗਾਂ ਦੇ ਗਜ਼' ਇਸ ਬਾਰੇ ਚਾਨਣਾ ਪਾਉਗੇ?

ਜਵਾਬ — ਸੇਖੋਂ ਸਾਬ, ਪਹਿਲੀ ਗੱਲ ਤਾਂ ਇਹ ਹੈ ਕਿ ਅਸੀਂ ਕੱਪੜੇ ਚੋਰੀ ਦੇ ਅੱਜ ਕਲ੍ਹ ਵੇਚਦੇ ਹੀ ਨਹੀਂ। ਅੱਜ ਜ਼ਮਾਨਾ ਫੈਸ਼ਨਪ੍ਰਸਤ ਹੈ। ਬਿਨਾਂ ਲੈਟ-ਸ਼ੈਟ ਮਾਰਿਆਂ ਕੋਈ ਚੋਰੀ ਕਰਨ ਹੀ ਨਹੀਂ ਦੇਂਦਾ ਸੀ...ਲਾ।

ਸਵਾਲ — ਚੋਰੀ ਕਰਨ ਦਾ ਤੁਹਾਡਾ ਵਕਤ?

ਜਵਾਬ — ਚੋਰੀ ਤਾਂ ਅਸੀਂ ਜ਼ਿਆਦਾਤਰ ਰਾਤ ਨੂੰ ਹੀ ਕਰਦੇ ਹਾਂ ਪਰ ਮਹਿੰਗਾਈ ਕਾਰਨ ਕੁਝ ਓਵਰਟਾਈਮ ਵੀ ਲਾਉਣਾ ਪੈਂਦਾ ਹੈ।

ਸਵਾਲ — ਪੰਜਾਬ ਦੀ ਅਜੋਕੀ ਸਥਿਤੀ ਨੂੰ ਨਜ਼ਰਾਂ ਵਿਚ ਰਖਦਿਆਂ ਤੁਹਾਡੇ ਧੰਦੇ ਤੇ ਕੋਈ ਅਸਰ ਪਿਆ ਜਾਂ ਨਹੀਂ?

ਜਵਾਬ — ਅਸਰ ਪਿਆ ਵੀ ਤੇ ਨਹੀਂ ਵੀ ਪਿਆ ਇੰਜ ਕਿ ਚੌਵੀ ਘੰਟੇ ਪੁਲਸ ਥਾਂ - ਥਾਂ ਹਰਲ-ਹਰਲ ਕਰਦੀ ਫਿਰਦੀ ਐ, ਜਿਸ ਨਾਲ 'ਦਾਣਿਆਂ ਨਾਲ ਘੁਣ ਵੀ ਪੀਸਿਆ ਜਾਂਦਾ ਹੈ।' ਤੇ ਨਾ ਅਸਰ ਇਸ ਲਈ ਪਿਆ ਕਿ ਕਦੇ ਸਾਡਾ ਦਾਅ ਉਹਨਾਂ ਦੇ ਨਾਂ ਤੇ ਚੱਲ ਜਾਂਦਾ ਹੈ। ਕੁਝ ਲੋਕ ਉਹਨਾਂ ਨੂੰ ਸਮਝ ਕੇ ਸਾਡੇ ਨਕਲੀ ਪਸਤੌਲ ਤੋਂ ਡਰ ਜਾਂਦੇ ਹਨ।

ਸਵਾਲ — ਆਖਰ ਵਿਚ ਤੁਹਾਡੀ ਕੋਈ ਇੱਛਾ?

ਜਵਾਬ — ਇੱਛਾ ਤਾਂ ਸਾਡੀ ਤਾਜ ਮਹੱਲ ਖਰੀਦਣ ਦੀ ਹੈ, ਪਰ ਉਹ ਹੈ ਕਿ ਕੋਈ ਵੇਚਦਾ ਹੀ ਨਹੀਂ।

(ਪੰਨਾ 27 ਦੀ ਬਾਕੀ)

ਜਿਵੇਂ ਭਾਈ ਵੀਰ ਸਿੰਘ ਲਈ) ਸਗੋਂ ਕਰਮ-ਪ੍ਰਤੀਕਰਮ ਦਾ ਇਕ ਅਜਿਹਾ ਸਿਲਸਿਲਾ ਹੈ, ਜੋ ਕਿਸੇ ਵਿਸ਼ੇਸ਼ ਸਮੇਂ, ਵਿਸ਼ੇਸ਼ ਸਥਾਨ ਤੇ ਵਿਸ਼ੇਸ਼ ਵਿਅਕਤੀਆਂ ਤੇ ਅਸਰਦਾਇਕ ਢੰਗ ਨਾਲ ਪ੍ਰਭਾਵ ਪਾਉਂਦਾ ਤੇ ਸਮਾਜ ਦੀ ਤੋਰ ਨੂੰ ਨਿਰਧਾਰਿਤ ਕਰਦਾ ਤੁਰਿਆ ਜਾਂਦਾ ਹੈ, ਭਾਵੇਂ ਇਹ ਵੀ ਠੀਕ ਹੈ ਕਿ ਬਹੁਤੀ ਥਾਈਂ ਉਹ ਇਤਿਹਾਸ ਦੀ ਪੇਸ਼ਕਾਰੀ ਕਿਸੇ ਵਿਅਕਤੀ ਵਿਸ਼ੇਸ਼ ਰਾਹੀਂ ਹੀ ਕਰਦਾ ਹੈ ਤੇ ਇਸੇ ਲਈ ਉਸ ਦੇ ਬਹੁਤੇ ਨਾਵਲ ਨਾਇਕ ਪ੍ਰਧਾਨ ਹਨ ਪਰ ਉਹ ਨਾਇਕ ਜਾਂ ਕੇਂਦਰੀ ਪਾਤਰ ਤੇ ਇਤਿਹਾਸ ਦੇ ਦਵੰਦਮਈ ਰਿਸ਼ਤੇ ਨੂੰ ਵੀ ਅੱਖੋਂ ਪਰੋਖੇ ਨਹੀਂ ਕਰਦਾ। ਉਸ ਦਾ ਦ੍ਰਿਸ਼ਟੀਕੋਣ ਮਾਨਵਵਾਦੀ ਹੈ, ਸੁਚੇਤ ਰੂਪ ਵਿਚ ਅਤੇ ਸਹੀ ਤੇ ਆਧੁਨਿਕ ਅਰਥਾਂ ਵਿਚ ਪ੍ਰਗਤੀਵਾਦੀ (ਮਾਰਕਸਵਾਦੀ) ਨਹੀਂ।

(ਭਾਵੇਂ ਕਹਾਣੀਕਾਰ ਸੁਜਾਨ ਸਿੰਘ ਨੇ ਉਸ ਨੂੰ "ਮਨੁੱਖਤਾ-ਪ੍ਰੇਮੀ ਤੇ ਪ੍ਰਗਤੀਵਾਦੀ" ਮੰਨਿਆ ਹੈ।) ਸਹੀ ਤੇ ਆਧੁਨਿਕ ਅਰਥਾਂ ਵਿਚ ਪ੍ਰਗਤੀਵਾਦੀ ਇਸ ਲਈ ਨਹੀਂ ਕਿ ਭਾਵੇਂ ਉਹ ਇਤਿਹਾਸ ਦੀ ਪੇਸ਼ਕਾਰੀ ਬੜੇ ਵਿਗਿਆਨਕ ਤੇ ਤੱਥ-ਆਧਾਰਤ ਢੰਗਾਂ ਨਾਲ ਕਰਦਾ ਹੈ ਤਾਂ ਵੀ ਉਸ ਦੇ ਨਾਵਲ ਸ਼੍ਰੇਣੀ ਸਮਾਜ ਦੇ ਉਨ੍ਹਾਂ ਸਾਰੇ ਨਿੱਕੇ ਨਿੱਕੇ ਪਸਾਰਾਂ ਦੀਆਂ ਗੁੰਝਲਾਂ ਖੋਲ੍ਹਣ ਤੋਂ ਅਸਮਰਥ ਰਹਿ ਜਾਂਦੇ ਹਨ, ਜੋ ਕਿਸੇ ਸਮਾਜ ਦੇ ਇਤਿਹਾਸ ਨੂੰ ਅਜਿਹੀ ਪੇਚੀਦਾ ਕਿਰਿਆ ਬਣਾ ਧਰਦੀਆਂ ਹਨ ਕਿ ਸਮਾਜਕ, ਸੰਸਕ੍ਰਿਤਕ ਤੇ ਰਾਜਨੀਤਕ ਢਾਂਚੇ ਤੇ ਇਨ੍ਹਾਂ ਦੇ ਆਧਾਰ ਵਿਚ ਕੰਮ ਕਰਦੀਆਂ ਆਰਥਕ ਸ਼ਕਤੀਆਂ ਦੇ ਸਰਬਗ੍ਰਾਹੀ ਗਿਆਨ ਤੋਂ ਬਿਨਾਂ ਇਸ ਨੂੰ ਸਮਝਣਾ ਤੇ ਸਮਝਾਉਣਾ ਔਖਾ ਹੋ ਜਾਂਦਾ ਹੈ। ਉਸ ਦੇ ਨਾਵਲਾਂ ਵਿਚ ਸਮਾਜ ਵਿਚਲੇ ਦੋ ਧੜਿਆਂ (ਅਮੀਰ ਅਤੇ ਗਰੀਬ, ਹਾਕਮ ਤੇ ਮਹਿਕੂਮ ਜ਼ਾਲਮ ਤੇ ਮਜ਼ਲੂਮ, ਵਿਹਲੜ ਤੇ ਕਿਰਤੀ) ਦੀ ਗੱਲ ਤਾਂ ਥਾਂ ਥਾਂ ਤੇ ਆਉਂਦੀ ਹੈ ਪਰ ਉਸ ਵਰਗ ਸੰਘਰਸ਼ ਨੂੰ ਸਮਝਣ ਸਮਝਾਉਣ ਦੀ ਚੇਤੰਨ ਕੋਸ਼ਿਸ਼ ਕਿਧਰੇ ਨਜ਼ਰ ਨਹੀਂ ਆਉਂਦੀ ਜੋ ਕਿਸੇ ਵੀ ਇਨਕਲਾਬੀ ਅਮਲ ਦੀ ਬੜੀ ਵੱਡੀ ਫੈਸਲਾਕੁਨ ਤਾਕਤ ਹੋ ਨਿਬੜਦਾ ਹੈ। ਇਸੇ ਲਈ ਉਹ ਮਜ਼ਹਬੀ, ਫਿਰਕੂ ਨਸਲਵਾਦੀ ਸੋਚਣੀ ਤੋਂ ਉਤੇ ਹੁੰਦਾ ਹੋਇਆ ਵੀ ਇਸ ਗੱਲ ਨੂੰ ਸਮਝਣੋਂ ਅਸਮਰਥ ਹੈ ਕਿ ਆਜ਼ਾਦੀ ਦੇ ਸਾਂਝੇ ਘੋਲ ਵਿਚ ਸ਼ਹੀਦ ਹੋਏ ਸ਼ਹੀਦਾਂ ਦੀਆਂ ਆਜ਼ਾਦ ਭਾਰਤ ਵਿਚ ਵੰਡੀਆਂ ਕਿਉਂ ਪੈ ਗਈਆਂ ਹਨ? ਇਸੇ ਲਈ ਉਹ ਖਿਝਦਾ ਹੈ :

> "ਪਤਾ ਨਹੀਂ ਲੋਕ ਸ਼ਹੀਦਾਂ ਨੂੰ ਸ਼ਹੀਦ ਕਿਉਂ ਨਹੀਂ ਰਹਿਣ ਦੇਂਦੇ? ਸੋਹਣ ਲਾਲ ਪਾਠਕ ਸ਼ਹੀਦ ਹੈ, ਉਸਨੂੰ ਲੋਕਾਂ ਆਰੀਆ ਸਮਾਜੀ ਬਣਾ ਕੇ ਰੱਖ ਦਿੱਤਾ। ਊਧਮ ਸਿੰਘ ਸ਼ਹੀਦ ਹੈ, ਉਸ ਨੂੰ ਕੰਬੋਜ ਬਣਾ ਕੇ ਰੱਖ ਦਿੱਤਾ। ਭਗਤ ਸਿੰਘ ਨੂੰ ਕੋਈ ਸਿੱਖੀ ਵੱਲ ਖਿਚਦਾ ਹੈ, ਕੋਈ ਆਰੀਆ ਸਮਾਜੀ ਦੱਸਦਾ ਹੈ, ਕੋਈ ਕਹਿੰਦਾ ਹੈ ਉਹ ਪੂਰਾ ਸੋਸ਼ਲਿਸਟ ਬਣ ਚੁਕਾ ਸੀ। ਹਰ ਕੋਈ ਸ਼ਹੀਦ ਉਤੇ ਆਪਣਾ ਕਬਜ਼ਾ ਜਮਾਉਣਾ ਚਾਹੁੰਦਾ ਹੈ।
>
> .... ਸ਼ਹੀਦਾ ਦਾ ਫਲਸਫ਼ਾ ਜ਼ੁਲਮ ਦਾ ਟਾਕਰਾ ਕਰਨਾ ਹੁੰਦਾ ਹੈ। ਸ਼ਹੀਦ ਨੂੰ ਇਨਸਾਨ ਕਿਉਂ ਨਹੀਂ ਰਹਿਣ ਦੇਂਦੇ ਦੁਨੀਆਂ ਦੇ ਭੁੱਲੜ ਤੇ ਖੁਦਗਰਜ਼ ਲੋਕ?
>
> (11.6.86 ਦੀ ਇਕ ਨਿੱਜੀ ਚਿੱਠੀ ਵਿਚੋਂ)

ਪਰ ਇਥੇ ਕੇਸਰ ਸਿੰਘ ਇਹ ਭੁੱਲ ਜਾਂਦਾ ਹੈ ਕਿ ਮੌਜੂਦਾ ਸਮਾਜ-ਪ੍ਰਬੰਧ ਵਿਚ ਸ਼ਹੀਦ ਨਾ ਸ਼ਹੀਦ ਰਹਿ ਸਕਦਾ ਹੈ ਤੇ ਨਾ ਇਨਸਾਨ ਕਿਉਂਕਿ ਜਿਸ ਸਮਾਜ ਵਿਚ ਜਿਉਂਦੇ ਇਨਸਾਨ ਨੂੰ ਇਨਸਾਨ ਨਹੀਂ ਰਹਿਣ ਦਿੱਤਾ ਜਾਂਦਾ, ਉਸ ਸਮਾਜ ਵਿਚ ਸ਼ਹੀਦ ਨੂੰ ਸ਼ਹੀਦ ਜਾਂ ਇਨਸਾਨ ਕਿਵੇਂ ਰਹਿਣ ਦਿੱਤਾ ਜਾ ਸਕਦਾ ਹੈ? ਉਹ ਇਸ ਗੱਲ ਨੂੰ ਵੀ ਅਣਡਿੱਠ ਕਰ ਜਾਂਦਾ ਹੈ ਕਿ ਵਰਗ ਸਮਾਜ ਵਿਚ ਹਰ ਵਰਗ ਦਾ ਆਪਣਾ ਸ਼ਹੀਦ ਹੁੰਦਾ ਹੈ ਅਤੇ ਧਰਮਾਂ, ਨਸਲਾਂ, ਜਾਤਾਂ, ਗੋਤਾਂ, ਵਿਚ ਵੰਡਿਆ ਅਜਿਹਾ ਸਮਾਜ ਲੋਕਾਂ ਦੇ ਸ਼ਹੀਦ ਨੂੰ ਅਵਲ ਤਾਂ ਸ਼ਹੀਦ ਮੰਨਣੋਂ ਹੀ ਮੁਨਕਰ ਹੋ ਜਾਂਦਾ ਹੈ ਤੇ ਜੇ ਮੰਨ ਵੀ ਲਵੇ ਤਾਂ ਉਸ ਨੂੰ ਜਾਣ ਬੁਝ ਕੇ ਵਖੋ ਵਖਰੇ ਧਰਮਾਂ ਵਲ ਘਸੀਟ ਕੇ ਕਿਸੇ ਇਕ ਧਰਮ ਜਾਂ ਜਾਤੀ ਦੇ ਹੱਕ ਵਿਚ ਭੁਗਤਾਇਆ ਜਾਂਦਾ ਹੈ ਤਾਂ ਕਿ ਉਸ ਦੀ ਸ਼ਹੀਦੀ ਦਾ ਮੁੱਲ ਵਟਿਆ ਜਾਏ ਤੇ ਉਸ ਨੂੰ ਕਿਸੇ ਇਕ 'ਖਾਸ ਸ਼੍ਰੇਣੀ' ਦੇ ਹਿੱਤਾਂ ਲਈ ਵਰਤਿਆ ਜਾ ਸਕੇ, ਜਿਸ ਸ਼੍ਰੇਣੀ ਦਾ ਕੋਈ ਧਰਮ ਨਹੀਂ ਹੁੰਦਾ। ਲੋਕ 'ਭੁਲੜ' ਜ਼ਰੂਰ ਹੁੰਦੇ ਹਨ, ਖੁਦਗਰਜ਼ ਨਹੀਂ। ਖੁਦਗਰਜ਼ੀ ਤਾਂ ਸੱਤਾ ਤੇ ਕਾਬਜ਼ ਜਮਾਤ ਦਾ ਉਹ ਆਵਸ਼ਕ ਖਾਸਾ ਹੈ, ਜਿਸ ਨੂੰ ਢਕਣ ਲਈ ਉਹ ਧਰਮਾਂ, ਫਿਰਕਿਆਂ ਤੇ ਜਾਤੀਆਂ ਦੇ ਪਰਸਪਰ ਵਿਰੋਧ ਨੂੰ ਹਵਾ ਦੇ ਕੇ ਆਪਣੇ ਪੈਰ ਪੱਕੇ ਕਰਨ ਦਾ ਯਤਨ ਕਰਦੀ ਹੈ ਤੇ ਲੋਕਾਂ ਨੂੰ 'ਭੁੱਲੜ' ਬਣਾਉਂਦੀ ਹੈ। ਖੁਦਗਰਜ਼ੀ ਦਾ ਇਹ ਅਮਲ ਹਰ ਸ਼੍ਰੇਣੀ ਸਮਾਜ ਦਾ ਖਾਸਾ ਹੈ। ਮਾਨਵਵਾਦੀ ਕੇਸਰ ਸਿੰਘ ਆਪਣੇ ਨਾਵਲਾਂ ਵਿਚ ਭਾਵੇਂ ਲੋਕਾਂ ਨੂੰ ਨਿਖੇੜਨ ਦੀਆਂ ਬਰਤਾਨਵੀ ਸਾਮਰਾਜ ਦੀਆਂ ਲੂੰਬੜ-ਚਾਲਾਂ ਦਾ ਪਾਜ ਤਾਂ ਉਘੇੜਦਾ ਹੈ। (ਜਿਵੇਂ ਸ਼ਹੀਦ ਊਧਮ ਸਿੰਘ ਤੇ 'ਲਹਿਰ ਵਧਦੀ ਗਈ' ਨਾਵਲਾਂ ਵਿਚ) ਪਰ ਉਹ ਸ਼੍ਰੇਣੀ ਸਮਾਜ ਦੇ ਲੋਕ-ਵਿਰੋਧੀ ਅਮਲ ਦਾ ਵਿਸ਼ਲੇਸ਼ਣ ਕਰਨ ਸਮੇਂ ਉਸ ਆਰਥਕ-ਘੋਲ ਨੂੰ ਅਖੋਂ ਓਹਲੇ ਕਰ ਜਾਂਦਾ ਹੈ, ਜੋ ਕਿਸੇ ਤਥਾਕਥਿਤ 'ਆਜ਼ਾਦ' ਸਮਾਜ ਨੂੰ ਲੁਕਵੀਂ ਸਾਮਰਾਜੀ ਗੁਲਾਮੀ ਦੇ ਜੂਲੇ ਹੇਠੋਂ ਕਢਣ ਲਈ ਆਵਸ਼ਕ ਹੈ, ਭਾਵੇਂ ਉਹ ਬਰਤਾਨਵੀ ਸਮਾਜ ਵਿਚਲੀਆਂ ਹੇਠਲੀਆਂ ਸ਼੍ਰੇਣੀਆਂ ਦੇ ਜੀਵਨ ਦਾ ਚਿਤਰ ਖਿਚ ਕੇ ਇਹ ਵੀ ਸਪਸ਼ਟ ਕਰ ਦਿੰਦਾ ਹੈ ਕਿ ਉਹ ਵਰਗ ਸਮਾਜ ਦੀ ਬਣਤਰ ਨੂੰ ਚੰਗੀ ਤਰ੍ਹਾਂ ਸਮਝਦਾ ਹੈ (ਜਿਵੇਂ 'ਅਮਰ ਸ਼ਹੀਦ ਮਦਨ ਲਾਲ ਢੀਂਗਰਾ' ਨਾਵਲ ਵਿਚ)। ਇਸੇ ਲਈ ਕੇਸਰ ਸਿੰਘ ਜੁਝਾਰੂ ਮਾਨਵਵਾਦ ਦਾ ਲੇਖਕ ਹੈ ਕਿਉਂਕਿ ਉਹ ਰੂੜੀਗਤ ਤੇ ਸੰਕੀਰਣ ਨਜ਼ਰੀਏ ਨੂੰ ਤਿਆਗ ਕੇ, ਮਨੁੱਖਤਾ ਨੂੰ ਚੰਗੇਰੇ ਭਵਿਖ ਲਈ ਰਾਜਨੀਤਕ ਪੱਧਰ ਤੇ ਲਾਮਬੰਦ ਹੋਣ ਦੀ ਪ੍ਰੇਰਨਾ ਦਿੰਦਾ ਹੈ।

ਪੰਜਾਬੀ ਫਿਲਮਾਂ ਦੀ ਡਾਇਰੀ

—ਸਵੀਟੀ

ਮਾਮਲਾ ਗੜਬੜ ਹੈ—ਟੀਨਾ ਘਈ

ਟੀਨਾ ਘਈ ਹੁਣ ਕਿਸੇ ਜਾਣ ਪਛਾਣ ਦੀ ਮੁਥਾਜ ਨਹੀਂ ਹੈ। ਪੰਜਾਬੀ ਦੀ ਫਿਲਮ 'ਮਾਮਲਾ ਗੜਬੜ ਹੈ' 'ਚ ਛੋਟੀ ਜਿਹੀ ਡਿਸਕੋ ਡਾਂਸਰ ਦੀ ਭੂਮਿਕਾ ਨਿਭਾਉਣ ਵਾਲੀ ਇਹ ਤੇਜ਼ਤਰਾਰ ਮੁਟਿਆਰ 'ਜਾਕੋ ਰਾਖੇ ਸਾਈਆਂ' 'ਚ ਜਿਥੇ ਹੀਰੋਇਨ ਆ ਚੁੱਕੀ ਹੈ ਉਥੇ 'ਹਮ ਹਿੰਦੋਸਤਾਨੀ' ਤੇ 'ਬਹਾਦਰ ਸ਼ਾਹ ਜ਼ਫਰ' ਆਦਿ ਟੀ. ਵੀ. ਸੀਰੀਅਲਾਂ ਵਿਚ ਵੀ ਆ ਚੁੱਕੀ ਹੈ। ਜਲੰਧਰ ਦੀ ਇਹ ਸਾਂਵਲੀ ਸਲੋਨੀ ਸੂਰਤ ਕਰਾਟੇ ਬਾਜ ਤੇ ਕੁਸ਼ਲ ਨ੍ਰਤਕੀ ਵੀ ਹੈ। ਮੋਟਰ ਸਾਇਕਲ ਸਟੰਟ ਵੀ ਉਹ ਚੰਗੀ ਤਰ੍ਹਾਂ ਕਰ ਲੈਂਦੀ ਹੈ। ਇਸ ਵੇਲੇ ਉਹ ਪੰਜਾਬੀ ਦੀ 'ਤੁਨਕਾ ਪਿਆਰ ਦਾ' ਤੇ 'ਅੱਜ ਦੀ ਹੀਰ' ਆਦਿ ਪੰਜਾਬੀ ਫਿਲਮਾਂ ਦੇ ਨਾਲ-ਨਾਲ ਦਰਜਨਾਂ ਹਿੰਦੀ ਫਿਲਮਾਂ ਵੀ ਕਰ ਰਹੀ ਹੈ। ਉਹਦਾ ਪਿਤਾ ਪੰਨਾ ਲਾਲ ਘਈ ਬੈਂਕ 'ਚ ਮੈਨੇਜਰ ਤੇ ਭਰਾ ਉਚ ਅਹੁਦੇ ਤੇ ਬਿਰਾਜਮਾਨ ਹੈ। ਰੁਮਾਂਟਿਕ ਸੁਭਾਅ ਦੀ ਟੀਨਾ ਘਈ ਫਰਾਟੇਫਾਰ ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਬੋਲਦੀ ਹੈ। ਕੁਝ ਲੋਕ ਉਹਨੂੰ 'ਲੱਡੂ ਵਰਗੀ ਮਿੱਠੀ ਤੇ ਮਿਰਚ ਵਰਗੀ ਤਿੱਖੀ' ਕੁੜੀ ਵੀ ਕਹਿੰਦੇ ਹਨ। ਰਵਿੰਦਰਾ ਬਾਕਸ ਫੈਕਟਰੀ, ਬਸਤੀ ਸ਼ੇਖ, ਜਲੰਧਰ ਉਹਦਾ ਘਰ ਦਾ ਪਤਾ ਹੈ।

ਪਟੋਲੇ ਦਾ ਵਾਰਿਸ—ਜਗਿੰਦਰ ਪ੍ਰਦੇਸੀ

ਪੰਜਾਬੀ ਦੀ ਰਿਲੀਜ਼ ਹੋ ਚੁੱਕੀ 'ਫਿਲਮ ਪਟੋਲਾ' ਦਾ ਨਿਰਮਾਤਾ ਜਗਿੰਦਰ ਪ੍ਰਦੇਸੀ ਉਚਾ ਲੰਮਾ ਤੇ ਸੋਹਣਾ ਸੁਨੱਖਾ ਨੌਜਵਾਨ ਹੈ, ਨੇਵੀ 'ਚ ਕੰਮ ਕਰ ਰਿਹਾ ਪ੍ਰਦੇਸੀ ਸੁਭਾਅ ਦਾ ਹਸਮੁਖ ਤੇ ਮਿਲਣਸਾਰ ਹੈ। ਉਹ ਪੰਜਾਬ ਖੇਤਰ 'ਚ ਕਾਫੀ ਫਿਲਮਾਂ ਬਣਾ ਕੇ ਨਾਮਵਰ ਪੰਜਾਬੀ ਫਿਲਮ ਨਿਰਮਾਤਾ ਬਣਨਾ ਚਾਹੁੰਦਾ ਹੈ। ਪ੍ਰਦੇਸੀ ਐਕਟਰ ਬਣਨ ਦਾ ਸ਼ੌਕ ਨਹੀਂ ਰੱਖਦਾ ਸਗੋਂ ਆਉਣ ਵਾਲੇ ਸਮੇਂ 'ਚ ਪੰਜਾਬੀ ਫਿਲਮਾਂ ਨੂੰ ਡਾਇਰੈਕਟ ਕਰਨ ਦੀ ਇੱਛਾ ਵੀ ਰੱਖਦਾ ਹੈ। ਇਸ ਵੇਲੇ ਉਹ ਫਿਲਮ ਵਿਤਰਕ ਵੀ ਬਣ ਚੁਕਾ ਹੈ। ਉਹ ਪੰਜਾਬੀ ਦੇ ਨਾਲ-ਨਾਲ ਹਿੰਦੀ 'ਚ 'ਪੰਜਾਬ-47' ਨਾਂ ਦੀ ਫਿਲਮ ਵੀ ਬਣਾ ਰਿਹਾ ਹੈ ਜਿਹਦੇ ਸਾਰੇ ਗੀਤ ਰਿਕਾਰਡ ਹੋ ਚੁਕੇ ਹਨ। ਉਹਦਾ ਪਤਾ ਜਗਿੰਦਰ ਪ੍ਰਦੇਸੀ, ਪ੍ਰਦੇਸੀ ਐਂਟਰਪ੍ਰਾਇਜ਼ਜ਼, 18 ਇੰਦਰਾ ਮਾਰਕੀਟ ਰੇਲਵੇ ਰੋਡ ਜਲੰਧਰ ਹੈ।

ਮੈਂ ਹਾਂ ਨੇਕ ਮਟਰਾਂ ਵਾਲਾ

ਨੇਕ ਮਟਰਾਂ ਵਾਲਾ ਨੇ ਅਜੇ ਤੀਕਰ ਭਾਵੇਂ ਅਭਿਨੇਤਾ ਵਜੋਂ ਆਪਣੀ ਪਛਾਣ ਨਹੀਂ ਬਣਾਈ ਪਰ ਉਹ ਨਾਮਵਰ ਪੰਜਾਬੀ ਗੀਤਕਾਰ ਹੈ। 'ਤੇਰੀ ਫੀਏਟ ਤੇ ਜੇਠ ਨਜ਼ਾਰੇ ਲੈਂਦਾ' ਉਹਦਾ ਲਿਖਿਆ ਗੀਤ ਹੀ ਸੀ। ਪੂਰਾ ਜੱਟ ਲੱਗਦਾ ਨੇਕ ਮਟਰਾਂ ਵਾਲਾ 'ਜਾਕੋ ਰਾਖੇ ਸਾਈਆਂ' 'ਚ ਅਭਿਨੇਤਾ ਵਜੋਂ ਕੰਮ ਕਰ ਚੁਕਾ ਹੈ ਤੇ ਹੁਣ ਖੁਦ ਪੰਜਾਬੀ 'ਚ 'ਝਾਂਜਰ ਦਾ ਛਣਕਾਟਾ' ਫਿਲਮ ਬਨਾਉਣ ਜਾ ਰਿਹਾ ਹੈ। ਗੀਤਕਾਰ ਬਣਨ ਲਈ ਉਹਨੂੰ ਰਜਿੰਦਰ ਰਾਜਨ ਨੇ ਪ੍ਰੇਰਿਤ ਕੀਤਾ। ਨੇਕ ਮਟਰਾਂ ਵਾਲਾ ਅਭਿਨੇਤਾ ਦੇ ਨਾਲ-ਨਾਲ ਬਾਬੂ ਸਿੰਘ ਮਾਨ ਵਾਂਗ ਪੰਜਾਬੀ ਫਿਲਮਾਂ ਦਾ ਪ੍ਰਸਿੱਧ ਗੀਤਕਾਰ ਬਣਨ ਦੀ ਇੱਛਾ ਵੀ ਰਖਦਾ ਹੈ। ਥਰਮਲ ਪਲਾਂਟ ਬਠਿੰਡਾ 'ਚ ਉਹ ਨੌਕਰੀ ਵੀ ਕਰਦਾ ਹੈ ਤੇ ਉਥੇ ਉਹ ਤੁਹਾਨੂੰ ਮਿਲ ਸਕਦਾ ਹੈ।

ਪਛਾਣਿਆ—ਮੁਹੰਮਦ ਸਦੀਕ ਹਾਂ

ਮੁਹੰਮਦ ਸਦੀਕ ਨੂੰ ਭਲਾ ਕੌਣ ਨਹੀਂ ਜਾਣਦਾ ? ਪੰਜਾਬੀ ਗਾਇਕੀ 'ਚ ਉਹਨੇ ਧੁੰਮਾਂ ਪਾ ਛੱਡੀਆਂ ਹਨ। ਮੈਂ ਨਿੱਕੀ ਜਿਹੀ ਸਾਂ ਜਦੋਂ ਤੋਂ ਉਹਦੇ ਗੀਤ ਸੁਣਦੀ ਸਾਂ ਜਿਵੇਂ 'ਲਿਆ ਮੈਂ ਤੇਰੇ ਕੇਸ ਬੰਨ੍ਹ ਦਿਆਂ' ਮੁਹੰਮਦ ਸਦੀਕ ਨੇ 'ਕੁੱਲੀ ਯਾਰ ਦੀ' ਤੋਂ ਲੈ ਕੇ 'ਪਟੋਲਾ' ਤਕ ਫਿਲਮੀ ਗਾਇਨ ਤੇ 'ਅਭਿਨੇਤਾ ਦਾ ਸਫਰ ਵੀ ਤੈਅ ਕੀਤਾ ਹੈ। 'ਸੈਦਾਂ ਜੋਗਣ' ਤੇ 'ਰਾਣੋ' ਦਾ ਸੰਗੀਤ ਵੀ ਉਹਨੇ ਤਿਆਰ ਕੀਤਾ ਹੈ। ਠੇਠ ਪੰਜਾਬੀ ਲਹਿਜ਼ੇ ਵਾਲਾ ਮੁਹੰਮਦ ਸਦੀਕ ਦਿਨ-ਬ-ਦਿਨ ਤਰੱਕੀਆਂ ਤੇ ਹੈ ਤੇ ਆਉਂਦੇ ਸਮੇਂ 'ਚ ਹਾਲੇ ਉਸ ਤੋਂ ਬਹੁਤ ਆਸਾਂ ਹਨ। 'ਗੁੱਡੋ' 'ਚ ਉਹ ਦੋਹਰੀ ਭੂਮਿਕਾ ਵੀ ਨਿਭਾ ਚੁਕਾ ਹੈ। ਸੁਭਾਅ ਦਾ ਮਿਲਣਸਾਰ ਸਦੀਕ ਆਪਣੇ ਕੌਮ ਪ੍ਰਤੀ ਬਹੁਤ ਗੰਭੀਰ ਰਹਿੰਦਾ ਹੈ। ਉਹ ਲੁਧਿਆਣੇ ਵਿਖੇ ਰਣਜੀਤ ਕੌਰ ਦੇ ਘਰੇ ਵੀ ਤੁਹਾਨੂੰ ਮਿਲ ਸਕਦਾ ਹੈ।

ਹਿੰਮਤ ਨਾ ਹਾਰ—ਹਰਮੇਸ਼ ਸ਼ਾਰਦਾ

ਹਰਮੇਸ਼ ਸ਼ਾਰਦਾ ਪੰਜਾਬੀ ਫਿਲਮ 'ਜਾਕੋ ਰਖੇ ਸਾਈਆਂ' ਦਾ ਨਿਰਮਾਤਾ ਹੈ। ਭਾਵੇਂ ਮਾੜੀ ਕਿਸਮਤ ਨੂੰ ਉਹਦੀ ਇਹ ਫਿਲਮ ਨਹੀਂ ਚੱਲੀ ਪਰ ਉਹ ਭਵਿੱਖ 'ਚ ਵੀ ਪੰਜਾਬੀ ਫਿਲਮਾਂ ਬਨਾਉਣ ਲਈ ਯਤਨਸ਼ੀਲ ਹੈ। ਠੇਕੇਦਾਰੀ ਉਹਦਾ ਮੁਖ ਕਿੱਤਾ ਹੈ। ਹਰਦੇਵ ਰਿਸ਼ੀ ਨੂੰ ਡਾਇਰੈਕਟਰ ਬਨਾਉਣ ਤੇ ਟੀਨਾ ਘਈ ਨੂੰ ਹੀਰੋਇਨ ਬਨਾਉਣ ਦਾ ਸੇਹਰਾ ਵੀ ਉਸ ਦੇ ਸਿਰ ਹੈ। ਹੇਮ ਰਾਹੀ ਨੂੰ ਗੀਤਕਾਰ ਬਣਨ ਦਾ ਮੌਕਾ ਵੀ ਉਹਨੇ ਦਿੱਤਾ ਹੈ। ਸ਼ਰੀਫ ਜਿਹਾ ਸ਼ਾਰਦਾ ਆਪਣੀ ਸ਼ਰਾਫਤ ਕਾਰਨ ਭਾਵੇਂ ਸ਼ੁਰੂ 'ਚ ਮਾਰ ਖਾ ਚੁਕਾ ਹੈ ਪਰ ਆਉਣ ਵਾਲੇ ਸਮੇਂ ਲਈ ਉਹਨੇ ਸਬਕ ਸਿੱਖ ਲਿਆ ਹੈ। 817, ਜੱਸੀਆਂ ਰੋਡ, ਹੈਬੋਵਾਲ ਲੁਧਿਆਣਾ ਵਿਖੇ ਉਹ ਰਹਿ ਰਿਹਾ ਹੈ।

ਮੈਂ ਸ਼ਾਇਰ ਤੋਂ ਨਹੀਂ—ਕੇ. ਐਲ. ਸਾਗਰ

ਕੇ. ਐਲ. ਸਾਗਰ ਮੁਹੱਬਤ ਦੀਆਂ ਘਾਟੀਆਂ ਨੂੰ ਤੈਅ ਕਰਕੇ ਪੰਜਾਬੀ ਫਿਲਮਾਂ 'ਚ ਗੀਤਕਾਰ ਬਣ ਚੁਕਾ ਹੈ। ਦਿੱਖ 'ਚ ਉਹ ਤੁਹਾਨੂੰ ਕਲਰਕ ਲੱਗੇਗਾ ਪਰ ਉਹਦੇ ਅੰਦਰ ਗੀਤਾਂ ਦਾ ਸਮੁੰਦਰ ਹੈ। ਪਾਕਿਸਤਾਨ ਤੋਂ ਗੀਤ ਲਿਖਦਾ ਉਹ ਵੰਡ ਪਿਛੋਂ ਭਾਰਤ ਆ ਗਿਆ। ਅੰਬਾਲੇ ਤੋਂ ਅੰਮ੍ਰਿਤਸਰ ਆ ਕੇ ਉਹ ਰਿਹਾ ਤੇ ਪੰਜਾਬੀ 'ਚ ਬਣੀ ਫਿਲਮ ਸੋਹਣੀ ਮਹੀਂਵਾਲ ਦੇ ਗੀਤ ਉਸ ਨੇ ਲਿਖੇ। ਹੁਣ ਉਹਦੇ



ਦਿਲਜੀਤ ਕੌਰ ਜੋ ਅੱਜ ਕੱਲ੍ਹ ਇੰਗਲੈਂਡ ਪਹੁੰਚ ਗਈ ਹੈ

ਗੀਤ ਪੰਜਾਬੀ ਤੋਂ ਇਲਾਵਾ ਲਖਬੀਰ ਆਰਟ, ਪ੍ਰੋਡਕਸ਼ਨ ਦੀ ਹਿੰਦੀ ਫਿਲਮ 'ਡਾਕੂ ਔਰ ਫਰਿਸ਼ਤਾ' ਵਿਚ ਸੁਣਾਈ ਦੇਣਗੇ। ਉਹ ਦਿਲਜੀਤ ਕੌਰ ਤੋਂ ਬਹੁਤ ਪ੍ਰਭਾਵਿਤ ਹੈ ਤੇ ਕੰਵਲ ਬਿਆਲਾ, ਲਖਬੀਰ ਸਿੰਘ ਨੂੰ ਆਪਣੇ ਆਦਰਸ਼ ਨਿਰਮਾਤਾ ਨਿਰਦੇਸ਼ਕ ਮੰਨਦਾ ਹੈ। ਅੱਜ ਕਲ੍ਹ ਉਹ 22, ਨਵਯੁੱਗ ਮਾਰਕੀਟ, ਗਾਜ਼ੀਆਬਾਦ ਵਿਖੇ ਰਹਿ ਰਿਹਾ ਹੈ।

ਬੰਦਿਨੀ ਵੀ ਪੰਜਾਬੀ ਫ਼ਿਲਮਾਂ 'ਚ



ਹਿੰਦੀ ਫ਼ਿਲਮਾਂ ਦਾ ਜਾਣਿਆ ਪਛਾਣਿਆ ਚੇਹਰਾ ਬੰਦਿਨੀ ਮਿਸ਼ਰਾ ਹੁਣ ਤੁਹਾਨੂੰ ਪੰਜਾਬੀ ਫਿਲਮਾਂ ਵਿਚ ਵੀ ਦਿਖਾਈ ਦਿਆ ਕਰੇਗੀ। ਉਹ ਪੰਜਾਬੀ ਦੀ ਫਿਲਮ 'ਜੱਗ ਵਾਲਾ ਮੇਲਾ' ਚ ਆ ਰਹੀ ਹੈ। ਹਿੰਦੀ ਫਿਲਮਾਂ 'ਚ ਉਹਨੇ ਡਾਂਸ ਦੇ ਨਾਲ ਨਾਲ ਭਾਵਪੂਰਤ ਭੂਮਿਕਾਵਾਂ ਵੀ ਨਿਭਾਈਆਂ ਹਨ। ਬੰਦਿਨੀ ਮਿਸ਼ਰਾ ਦਾ ਸੁਭਾਅ ਬਹੁਤ ਹੀ ਨਰਮ ਹੈ ਤੇ ਉਹ ਪੈਸੇ ਦੀ ਥਾਂ ਨਿਰਮਾਤਾ ਦੇ ਬਜਟ ਦਾ ਖਾਸ ਖਿਆਲ ਰੱਖਦੀ ਹੈ। ਬੰਦਿਨੀ ਚਾਹੇ ਪੰਜਾਬਣ ਨਹੀਂ ਹੈ ਪਰ ਉਹ ਪੰਜਾਬੀ ਸਹੀ ਬੋਲਦੀ ਹੈ। ਅੱਜ ਕਲ੍ਹ ਉਹ ਬੰਬਈ ਵਿਖੇ ਰਹਿ ਰਹੀ ਹੈ। ਉਹਨੂੰ ਮਿਲਣ ਲਈ ਤੁਸੀਂ ਬੰਬਈ ਵਿਖੇ 7 ਠਾਕਰ ਤਪੱਸਵੀ ਤੇ ਡੀ ਸੀ ਮਿੱਤਲ ਨਾਲ ਸੰਪਰਕ ਕਰ ਸਕਦੇ ਹੋ।

ਬਿਜਲੀ ਵਰਗੀ ਮੁਟਿਆਰ—ਹਰਜੀਤ ਕੌਰ



ਰੰਗ ਐਨਾ ਕੁ ਗੋਰਾ ਹੈ ਹਰਜੀਤ ਕੌਰ ਦਾ ਕਿ ਚੰਦ ਦੀ ਚਾਂਦਨੀ ਵੀ ਉਹਦੇ ਮੂਹਰੇ ਗੋਡੇ ਹੀ ਟੇਕ ਦੇਵੇ। ਪੰਜਾਬ ਦੀ ਜੱਟੀ ਹਰਜੀਤ ਕੌਰ ਵੀ ਧੂਮ-ਧਾਮਾਕੇ ਨਾਲ ਪੰਜਾਬੀ ਫਿਲਮਾਂ 'ਚ ਆ ਰਹੀ ਹੈ। ਪੰਜਾਬੀ ਦੀ ਆਉਣ ਵਾਲੀ ਫਿਲਮ 'ਵੈਰੀ ਜੀਨ ਨਾ ਦਿੰਦੇ' 'ਚ ਉਹ ਤੁਹਾਨੂੰ ਸ਼ੋਭਨੀ ਸਿੰਘ ਨਾਲ ਨੱਚ-ਨੱਚ ਕੇ ਦੂਹਰੀ ਹੁੰਦੀ ਦਿਖਾਈ ਦੇਵੇਗੀ। ਜਲੰਧਰ ਦੇ ਪਿੰਡ ਹਜ਼ਾਰਾ ਦੀ ਰਹਿਣ ਵਾਲੀ ਹਰਜੀਤ ਕੌਰ ਕਮਾਲ ਦੀ ਡਾਂਸਰ ਹੈ ਤੇ ਅੱਜ ਕੱਲ੍ਹ ਕੇ ਐਮ ਵੀ ਕਾਲਜ ਜਲੰਧਰ 'ਚ ਪੜ੍ਹ ਰਹੀ ਹੈ। ਉਹਦੀਆਂ ਅੱਖੀਆਂ ਝੀਲ ਦੀ ਗਹਿਰਾਈ ਵਾਂਗ ਡੂੰਘੀਆਂ ਤੇ ਮਸਤੀ ਭਰੀਆਂ ਹਨ। ਉਹ ਤੁਹਾਨੂੰ ਪਿੰਡ ਹਜਾਰਾ ਜ਼ਿਲਾ ਜਲੰਧਰ ਵਿਖੇ ਮਿਲ ਸਕਦੀ ਹੈ।

ਪਾਣੀਪਤ 'ਚ 'ਜੱਟੀ ਜੰਮੇ ਸੂਰਮੇ'

ਪਿਛਲੇ ਦਿਨੀਂ ਪਾਣੀਪਤ 'ਚ ਨਿਰਮਾਤਾ ਬਲਵਿੰਦਰ ਦੀ ਪੰਜਾਬੀ ਫਿਲਮ 'ਜੱਟੀ ਜੰਮੇ ਸੂਰਮੇ' ਦੀ ਸ਼ੂਟਿੰਗ ਹੋਈ। ਦਿਲਜੀਤ ਕੌਰ, ਬਲਜੀਤ ਸੈਣੀ, ਗੌਰੀ ਖੁਰਾਨਾ, ਮੇਹਰ ਮਿੱਤਲ, ਸੁਰਿੰਦਰ ਛਿੰਦਾ ਤੇ ਗੁਰਚਰਨ ਪੋਹਲੀ ਇਸ ਫਿਲਮ ਦੇ ਮੁਖ ਸਿਤਾਰੇ ਹਨ। ਮੋਹਨ ਕੁਮਾਰ ਨੇ ਵੀ ਇਸ ਫਿਲਮ 'ਚ ਇਕ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਐਮ. ਮਦਨ ਦੇ ਸੰਗੀਤ 'ਚ ਜਸਪਾਲ ਸਿੰਘ, ਦਿਲਰਾਜ ਕੌਰ ਤੇ ਰਮੇਸ਼ ਲੁਧਿਆਣਵੀ ਨੇ ਇਸ ਫਿਲਮ ਲਈ ਗੀਤ ਗਾਏ ਹਨ। ਰਕੇਸ਼ ਪੱਪੂ ਨੇ ਇਸ ਫਿਲਮ ਦੇ ਗੀਤ ਤੇ ਡਾਇਲਾਗ ਲਿਖੇ ਹਨ। ਫਿਲਮ ਦੀ ਸ਼ੂਟਿੰਗ ਤਕਰੀਬਨ ਮੁਕੰਮਲ ਹੋ ਗਈ ਹੈ।

ਚਲੋ ਬੰਬਈ ਚੱਲੀਏ

ਹੁਣ ਮੈਂ ਤੁਹਾਨੂੰ ਬੰਬਈ ਲੈ ਜਾਂਦੀ ਹਾਂ ਤੇ ਪਹਿਲਾਂ ਆਪਾਂ ਦਿਲਜੀਤ ਕੌਰ ਨੂੰ ਮਿਲਦੇ ਹਾਂ ਪਰ ਦਿਲਜੀਤ ਕੌਰ ਤਾਂ ਬਾਹਰਲੇ ਮੁਲਕ ਜਗਜੀਤ ਦੇ ਕਲਚਰਲ ਗਰੁੱਪ ਨਾਲ ਗਈ ਹੋਈ ਹੈ। ਰਮਾ ਵਿਜ ਮਿਲ ਤਾਂ ਪਈ ਹੈ ਪਰ ਸ਼ਾਮ ਨੂੰ ਉਹ ਦਿੱਲੀ ਵਿਖੇ ਬਲਵੰਤ ਗਾਰਗੀ ਦੇ ਟੀ ਵੀ ਸੀਰੀਅਲ 'ਸਾਂਝਾ ਚੁੱਲਾ' ਦੀ ਸ਼ੂਟਿੰਗ ਲਈ ਜਾ ਰਹੀ ਹੈ। ਸ਼ਸ਼ੀਪੁਰੀ ਕੁਝ ਉਦਾਸ ਜਿਹਾ ਰਹਿਣ ਲੱਗ ਪਿਆ ਹੈ। ਵਰਿੰਦਰ ਬਹੁਤ ਜਲਦੀ ਹੀ 'ਜੱਟ ਸੂਰਮੇ' ਤੇ 'ਦੁਸ਼ਮਣੀ ਦੀ ਅੱਗ' ਦਾ ਤਕਨੀਕੀ ਕੰਮ ਖਤਮ ਕਰਨ ਲਈ ਰੁੱਝਿਆ ਹੋਇਆ ਹੈ। ਸ਼ੋਭਨੀ ਸਿੰਘ ਦੇ ਘਰੇ ਕੈਪਟਨ ਨਰਿੰਦਰ ਸਿੰਘ ਪੀ ਐਸ ਬੈਠਾ ਹੈ ਜੋ ਉਹਨੂੰ 'ਰਫੀ ਐਵਾਰਡ' ਲਈ ਅੰਮ੍ਰਿਤਸਰ ਪਹੁੰਚਣ ਵਾਸਤੇ ਏਅਰ ਟਿਕਟ ਦੇਣ ਆਇਆ ਹੈ। ਮੇਹਰ ਮਿੱਤਲ ਬੰਬਈ ਨਹੀਂ ਸਗੋਂ ਚੰਡੀਗੜ੍ਹ ਗਿਆ ਹੋਇਆ ਹੈ।

ਮੋਹਨ ਕੁਮਾਰ ਆ ਰਿਹਾ ਹੈ

ਚੰਗੇ ਕੱਦ ਕਾਠ ਤੇ ਸਰੀਰ ਦਾ ਮਾਲਿਕ ਮੋਹਨ ਕੁਮਾਰ ਦਿੱਲੀ ਦਾ ਜੰਮਪਲ ਹੈ। ਫਿਲਮ ਅਭਿਨੇਤਾ ਬੂਟਾ ਦਾ ਮੁੰਡਾ ਮੋਹਨ ਕੁਮਾਰ 'ਸੌਂਹ ਰੱਖੜੀ ਦੀ' ਤੇ 'ਕੁੜਮਾਈ' 'ਚ ਹੀਰੋ ਆ ਰਿਹਾ ਹੈ। ਜਗਮੋਹਨ ਤਲਵਾੜ ਉਹਦਾ ਅਸਲੀ ਨਾਂ ਹੈ ਉਹ ਫਿਲਮਾਂ 'ਚ ਅਰਪਣਾ ਚੌਧਰੀ ਦੀ ਪ੍ਰੇਰਨਾ ਨਾਲ ਆਇਆ। ਖਲਨਾਇਕੀ ਦੀਆਂ ਭੂਮਿਕਾਵਾਂ ਨਿਭਾਉਣ ਦਾ ਉਹ ਇਛੁਕ ਹੈ। ਪੰਜਾਬੀ ਦੀ 'ਸ਼ਰੀਕਾ' ਤੇ 'ਜੱਟੀ ਜੰਮੇ ਸੂਰਮੇ' 'ਚ ਵੀ ਉਹ ਆ ਰਿਹਾ ਹੈ। ਅਰਪਣਾ ਚੌਧਰੀ ਤੋਂ ਉਹ ਬੇਹੱਦ ਪ੍ਰਭਾਵਿਤ ਹੈ। ਰੁਮਾਂਟਿਕ ਭੂਮਿਕਾਵਾਂ ਦੀ ਥਾਂ ਉਹ ਐਕਸ਼ਨ ਭੂਮਿਕਾਵਾਂ ਨੂੰ ਜ਼ਿਆਦਾ ਤਰਜੀਹ ਦਿੰਦਾ ਹੈ। ਜੀ-16, ਅਰਜਨ ਨਗਰ, ਗਲੀ ਨੰ: 4. ਰਾਧੇਪੁਰੀ ਦਿੱਲੀ ਵਿਖੇ ਉਹ ਰਹਿ ਰਿਹਾ ਹੈ।

ਸੰਗੀਤਕਾਰ ਕੇ. ਐਸ. ਨਰੂਲਾ

ਪਿੰਡਾਂ ਦੇ ਲੋਕ ਲਾਊਡ ਸਪੀਕਰਾਂ ਤੇ ਜਿਹੜੇ ਗੀਤ ਸੁਣਦੇ ਹਨ ਉਹਨੂੰ ਸੰਗੀਤ 'ਚ ਢਾਲਦਾ ਰਿਹਾ ਹੈ ਕੇ. ਐਸ. ਨਰੂਲਾ ਜਿਹੜਾ ਪੰਜਾਬੀ ਫਿਲਮ 'ਦਸ ਗੁਰੂ ਦਰਸ਼ਨ' ਤੇ 'ਦੋ ਜੱਟੀਆਂ' ਦਾ ਸੰਗੀਤਕਾਰ ਹੈ। ਐਚ. ਐਮ. ਵੀ. ਦਿੱਲੀ 'ਚ ਸੰਗੀਤਕਾਰ ਵਜੋਂ ਕੰਮ ਕਰ ਰਹੇ ਕੇ. ਐਸ. ਨਰੂਲਾ ਦੀ ਪਤਨੀ ਮੋਹਨੀ ਨਰੂਪਾ ਪੰਜਾਬੀ ਦੀ ਪ੍ਰਸਿੱਧ ਗਾਇਕਾ ਹੈ। ਉਹਨਾਂ ਦੀ ਧੀ ਜਸਵਿੰਦਰ ਨਰੂਲਾ ਵੀ ਫਿਲਮੀ ਗਾਇਕਾ ਹੈ। ਕੇ. ਐਸ. ਨਰੂਲਾ ਮਿਲਣਸਾਰ ਤਬੀਅਤ ਵਾਲਾ ਵਿਅਕਤੀ ਵੀ ਹੈ। ਉਹ ਪੰਜਾਬੀ ਫਿਲਮਾਂ 'ਚ ਸੰਗੀਤਕਾਰ ਵਜੋਂ ਚੰਗਾ ਨਾਮ ਕਮਾਉਣ ਲਈ ਯਤਨਸ਼ੀਲ ਹੈ। ਦਿੱਲੀ ਵਿਖੇ ਉਹ 75, ਝੀਲ ਕੁਰੰਜਾ, ਯਮਨਾਪਾਰ, ਦਿੱਲੀ 'ਚ ਰਹਿ ਰਿਹਾ ਹੈ।

ਚਲਦੇ ਚਲਦੇ

'ਕੀ ਬਣੂ ਦੁਨੀਆਂ ਦਾ' ਦੇ ਨਿਰਮਾਤਾ ਅਨਿਲ ਦੀਪਕ ਦਾ ਬੀਤੇ ਦਿਨੀਂ ਐਕਸੀਡੈਂਟ ਹੋ ਗਿਆ ਪਰ ਖੁਸ਼ਕਿਸਮਤੀ ਨਾਲ ਉਹ ਵਾਲ ਵਾਲ ਬਚ ਗਏ। ਫਿਲਮ ਲੇਖਕ ਸੁਰਿੰਦਰਪਾਲ ਭਾਟੀਆ ਨੂੰ ਪੰਜਾਬੀ ਤੋਂ ਬਾਅਦ ਹਿੰਦੀ ਦੀ 'ਸ਼ਿਕੰਜਾ' ਫਿਲਮ ਲੇਖਕ ਵਜੋਂ ਮਿਲਣ ਲਈ ਮੈਂ ਉਹਨਾਂ ਨੂੰ ਵਧਾਈ ਦਿੰਦੀ ਹਾਂ। ਸ਼ੀਰੂ ਪੰਡਤ ਤੇ ਨਖਰਿਆਂ ਤੋਂ ਇਕ ਪੰਜਾਬੀ ਫਿਲਮ ਨਿਰਮਾਤਾ ਬਹੁਤ ਪਰੇਸ਼ਾਨ ਹੈ।

(ਪੰਨਾ 26 ਦੀ ਬਾਕੀ)

ਪਿਕਨਿਕ ਤੇ ਜੋ ਪੈਸੇ ਇਕੱਠੇ ਹੋਏ ਉਸਦਾ ਵੇਰਵਾ ਇਸ ਪ੍ਰਕਾਰ ਹੈ :

Ranjit Diwana, Abbotsford	$100
Gurmail Gill, Vancouver	$200
Gurnek Gill, "	$200
Bahadur Sandhu "	$100
Satnam Basi, Prince Rupert	$200
Jagdev Hans, Surrey	$100
Hardev Bhinder, Surrey	$250

ਸਤਵੰਤ ਸਿੰਘ ਸੰਧੂ ਦੇ ਘਰੇ ਜੋ ਫੰਡ ਇਕੱਠਾ ਹੋਇਆ ਉਸਦਾ ਵੇਰਵਾ ਇਸ ਪ੍ਰਕਾਰ ਹੈ :

Santokh S. Gill, Guilford Furniture	$50
Iqbal S. Khalon,	$50
Satwant S. Sandhu	$100
Paul Kahlon	$100
Kultar Sidhu	$100
Balbir Thakur	$100
Baldev Dhaliwal	$50
Nirmal Kaila	$50
Kulwant Randhawa	$50
Harnek Thind	$100
Baldev Rai	$50
Sardool Thind	$50
Total	$5046


ਬਰਮਾ 'ਚੋਂ ਭਾਰਤੀ ਕੱਢੇ ਜਾ ਰਹੇ ਹਨ

ਨਵੀਂ ਦਿੱਲੀ — ਇੰਡੀਅਨ ਏਅਰ ਲਾਈਨਜ਼ ਦਾ ਖਾਸ ਹਵਾਈ ਜਹਾਜ਼ ਬਰਮਾ ਵਿਚ ਰਹਿੰਦੇ ਭਾਰਤ-ਪਾਕਿਸਤਾਨ ਮਿਸਰ ਅਤੇ ਨੇਪਾਲ ਦੇ 54 ਵਿਅਕਤੀਆਂ ਨੂੰ ਲੈ ਕੇ ਦਿੱਲੀ ਪਹੁੰਚ ਗਿਆ ਕਿਉਂਕਿ ਇਹਨਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਖਤਰਾ ਸੀ ਕਿ ਬਰਮਾ ਵਿਚ ਰਹਿੰਦੇ ਭਾਰਤੀਆਂ ਪਾਕਿਸਤਾਨਆਂ ਮਿਸਰੀਆਂ ਤੇ ਨੇਪਾਲੀਆਂ ਦੀ ਜਾਨ ਨੂੰ ਖਤਰਾ ਹੋਵੇਗਾ। ਇਹਨਾਂ ਵਿਚ ਔਰਤਾਂ ਤੇ ਬੱਚੇ ਵੀ ਹਨ।

ਚਰਨਪਾਲ ਗਿੱਲ ਵਲੋਂ ਸਾਰੇ ਵਿਅਕਤੀਆਂ ਦਾ ਹਾਰਦਿਕ ਧੰਨਵਾਦ ਕੀਤਾ ਜਾਂਦਾ ਹੈ।

ਬਾਕੀ ਅਗਲੇ ਅੰਕ ਵਿਚ

GILL AUTO SALES



7762 - Edmonds St., Burnaby, B.C.


DLR #8220

OPEN MON.—FRI. 9 AM-8 PM — SAT. 9 AM-6 PM — SUN. 10 AM-4 PM

ਕਾਰਾਂ ਉਤੇ ਸਪੈਸ਼ਲ ਸੇਲ

ਸਾਡੇ ਕੋਲ ਹਰ ਮਾਡਲ ਦੀਆਂ
ਕਾਰਾਂ ਹਨ — ਦੇਖਣ ਲਈ
ਅੱਜ ਹੀ ਪੁੱਜੋ — ਵਾਜਬ
ਕੀਮਤਾਂ

GILL VANS



Conversions & Accessories

Bench Seats installed from $300
Captain Chairs with swivel bases, custom made from ..... pr. $390
Sofa bed Deluxe from $475
Bay Windows installed from $99
Complete Van Interior from $725
Raised Roof installed from $850
Electric Sofa Bed .... from $1299

■ Accessories ■ Service ■ Installations ■ Auto Upholstery

CALL **522-2122** COLLECT